# ਵਰਿਆਮ

੨੯ ਵਾਂ ਸਾਲ

ਨਵੰਬਰ, ੨੦੦੨




Namdhari Elibrary NamdhariElibrary@gmail.com




ਮੇਲੇ ਦੇ ਭੋਗ ਸਮੇਂ ਮੇਲੇ ਦੀ ਸੇਵਾ ਕਰਨ ਵਾਲੇ ਸ੍ਰੀ ਤਰਸੇਮ ਚੰਦ ਜੀ ਅਗਰਵਾਲ ਵੀ ਖੱਬੇ ਪਾਸੇ ਖੜ੍ਹੇ ਹਨ।



ਮੁੱਖ ਮੰਤਰੀ ਕੈਪਟਨ (ਮਹਾਰਾਜਾ) ਅਮਰਿੰਦਰ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਰੋਪਾ ਪ੍ਰਾਪਤ ਕਰਦੇ ਹੋਏ।



ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਹੋਏ।



ਸਾਮੂਹਿਕ ਆਨੰਦ ਕਾਰਜਾਂ ਦਾ ਦ੍ਰਿਸ਼

# ਵਰਿਆਮ

ਨਵੰਬਰ-੨੦੦੨

ਜਿਲਦ-੨੮

ਅੰਕ-੧

**ਸੰਪਾਦਕ**

ਜਗਦੀਸ਼ ਸਿੰਘ 'ਵਰਿਆਮ'



| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੫੪੩ | Ph. : 222543 (O) |
| ਘਰ : ੪੫੬੨੮੯ | 456289 (R) |



**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।


## ਤਤਕਰਾ


ਸੰਪਾਦਕੀ— ------------------------------ ੨

ਚਾਨਣ ਦੀ ਤਲਾਸ਼ ਧੁੱਪੇ ਬਲਦਾ ਦੀਵਾ

*—ਡਾ. ਹਰਿਭਜਨ ਸਿੰਘ* -- ੪

ਰੰਗੂਨ ਵਾਲਾ ਬੰਗਲਾ—*ਹ.ਸ. ਹੰਸਪਾਲ* ---------- ੮

ਸ. ਅਜੀਤ ਸਿੰਘ—ਅਮਰ ਸ਼ਹੀਦ

*—ਸੁਰਜੀਤ ਸਿੰਘ ਜੀਤ* - ੧੧

ਕਿਸਾਨ ਦਾ ਗੁਰੂ ਅਰਜਨ—*ਸਾਧੂ ਸਿੰਘ ਕਿਸਾਨ* - ੧੭

ਬੋਲ ਫਕੀਰਾਂ ਦੇ—*ਸੁਵਰਨ ਸਿੰਘ ਵਿਰਕ* ------ ੨੧

ਸ਼ਿਵ ਨਾਥ ਦੀਆਂ ਦੋ ਕਵਿਤਾਵਾਂ ---------------- ੨੨

ਗ਼ਜ਼ਲ—*ਅਜੀਤ ਸਿੰਘ ਚੀਮਾ* ------------ ੨੨

ਵਰਿਆਮ—*ਜਥੇਦਾਰ ਅਮਰ ਸਿੰਘ* ---------- ੨੩

ਲਹਿਰਾਂ ਵਿਚ—ਪ੍ਰਦੇਸਣ ਵਿਚ—*ਦਲਬੀਰ ਸਿੰਘ ਤਰਸ*-੨੪

ਦੋ ਰੁਬਾਈਆਂ—*ਨਵਰਾਹੀ ਘੁਗਿਆਣਵੀ* ---- -੨੪

ਚੁੱਪ ਦੀ ਆਵਾਜ਼ : ਤਰਲੋਕ ਮਨਸੂਰ

*—ਹਰਭਜਨ ਸਿੰਘ ਬਾਜਵਾ* - ੨੬

ਇਕੋ ਗੱਲ ਮਾੜੀ ਉਸਦੀ—*ਲੀਲਾਵਤੀ ਮਾਰਕੰਡਾ* ੨੯

ਯਾਦਾਂ ਵਿਛੜੇ ਸੱਜਣ ਦੀਆਂ ਆਈਆਂ

*—ਨਿੰਦਰ ਘੁਗਿਆਣਵੀ* - -੩੩

ਪ੍ਰੀਤੀ (ਕਹਾਣੀ)—*ਦਲਬੀਰ ਸਿੰਘ ਤਰਸ* ------ ੩੬

ਲੋਕ ਕਵੀ ਪ੍ਰੀਤਮ ਦਾਸ ਠਾਕਰ—*ਗੁਰਭਜਨ ਗਿੱਲ* ੩੯

ਨਾਮਧਾਰੀ ਦਰਬਾਰ ਦੇ ਮਤੇ—*ਜਗਦੀਸ਼ ਸਿੰਘ* --- ੪੧

ਖ਼ਬਰਨਾਮਾ— ------------------------------ ੪੩

ਪ੍ਰਤੀਕਿਰਿਆ------------------------------ ੫੪


**ਵਰਿਆਮ ਇਸ ਅੰਕ ਨਾਲ ਅਠਾਈਵੇਂ ਸਾਲ ਵਿਚ ਪ੍ਰਵੇਸ਼ ਕਰ ਗਿਆ ਹੈ।**




Namdhari Elibrary NamdhariElibrary@gmail.com

## ਡਾ. ਹਰਿਭਜਨ ਸਿੰਘ ਜੀ ਦੀ ਯਾਦ ਵਿਚ

ਭਾਵੇਂ ਪਿਛਲੇ ਕੁਝ ਸਮੇਂ ਤੋਂ ਡਾ. ਹਰਿਭਜਨ ਸਿੰਘ ਜੀ ਦੀ ਸਿਹਤ ਠੀਕ ਨਹੀਂ ਸੀ ਅਤੇ ਕਿਸੇ ਵੇਲੇ ਵੀ ਭਾਣਾ ਵਾਪਰ ਜਾਣ ਦਾ ਅੰਦੇਸ਼ਾ ਸੀ ਪਰ ੨੧ ਅਕਤੂਬਰ ੨੦੦੨ ਨੂੰ ਉਹਨਾਂ ਵਲੋਂ ਸੰਸਾਰ ਯਾਤਰਾ ਪੂਰੀ ਕਰ ਲੈਣ ਤੇ ਸ਼ੋਕ ਅਤੇ ਗਮੀ ਦੀ ਲਹਿਰ ਸਾਹਿਤਕ ਹਲਕਿਆਂ ਵਿੱਚ ਪਸਰ ਗਈ।

ਡਾ. ਹਰਿਭਜਨ ਸਿੰਘ ਵਿਦਵਾਨਾਂ ਦੇ ਵਿਦਵਾਨ ਸਿਆਣਿਆ 'ਚੋਂ ਪਰਮ ਸਿਆਣੇ ਅਧਿਆਪਕਾਂ ਦੇ ਅਧਿਆਪਕ, ਇਕ ਛਾਂ ਦਾਰ ਬਿਰਖ ਨਿਆਈਂ ਅਨੇਕਾਂ ਸਾਹਿਤਾਚਾਰੀਆਂ ਨੂੰ ਸੁਖ ਦੇਣ ਵਾਲੇ ਕੁਬੇਰੀ ਸ਼ਖਸੀਅਤ ਸਨ। ਡਾ. ਹਰਿਭਜਨ ਸਿੰਘ ਦੀ ਕਲਮ ਤੋਂ ਨਿਕਲੇ ਚਾਰ ਸ਼ਬਦ ਲੇਖਕਾਂ ਦੀਆਂ ਪੁਸਤਕਾਂ ਵਾਸਤੇ ਸਰਟੀਫਿਕੇਟ ਦਾ ਦਰਜਾ ਰੱਖਦੇ ਸਨ। ਪੰਜਾਬ ਦੀ ਸਿਆਣਪ ਦਾ ਲਾਈਟ ਹਾਊਸ, ਹਜ਼ਾਰਾ ਵਿਦਿਆਰਥੀਆਂ ਦੇ ਮਨਾਂ ਨੂੰ ਚਾਨਣ ਦੇਣ ਵਾਲਾ ਇਹ ਸਿਧ ਮਹਾਂ ਪੁਰਖ, ਮਹਾਂ ਰਿਸ਼ੀ ਅਨੰਤਤਾ ਵਿੱਚ ਸਮਾ ਗਿਆ ਹੈ। ਵੱਡੇ ਤੋਂ ਵੱਡੇ ਪੰਜਾਬੀ ਹਿੰਦੀ ਦੇ ਸਨਮਾਨ ਵੱਡੇ ਤੋਂ ਵੱਡੇ ਅਦਾਰੇ ਨੇ ਉਹਨਾਂ ਦੇ ਦਰ ਤੇ ਜਾ ਕੇ ਦਿਤੇ। ਡਾ. ਹਰਿਭਜਨ ਸਿੰਘ ਦੀ ਖੁਸ਼ਬੋ ਚਿਰਾਂ ਤਕ ਪੰਜਾਬ ਵਿੱਚ ਆਉਂਦੀ ਰਹੇਗੀ।

ਪੰਜਾਬ ਅਤੇ ਪੰਜਾਬੀ ਜ਼ੁਬਾਨ ਦੀ ਪਛਾਣ ਦੂਸਰੀਆਂ ਬੋਲੀਆਂ ਅਤੇ ਪ੍ਰਾਂਤਾ ਵਿੱਚ, ਭਾਰਤ ਅਤੇ ਅੰਤਰਾਸ਼ਟਰੀ ਪੱਧਰ ਤੇ ਡਾਕਟਰ ਹਰਿਭਜਨ ਸਿੰਘ ਨੇ ਬਣਾਈ। ਡਾਕਟਰ ਹਰਿਭਜਨ ਸਿੰਘ ਦੀ ਸਾਦਗੀ ਅਤੇ ਪੰਜਾਬੀ ਬੋਲੀ ਤੇ ਅਧਿਕਾਰ ਅਤੇ ਇਸ ਦੇ ਮੁਹਾਂਦਰੇ ਅਤੇ ਮੁਹਾਵਰੇ ਦੀ ਯੋਗ ਵਰਤੋਂ ਸਭ ਕੁਛ ਹੀ ਮੋਹੰਦਾ ਸੀ। ਪੰਜਾਬੀ ਦੇ ਸਿਰਮੌਰ ਵਿਦਵਾਨ, ਯੂਨੀਵਰਸਟੀਆਂ, ਸਾਹਿਤਕ ਅਦਾਰੇ, ਅਖ਼ਬਾਰਾਂ ਰਸਾਲੇ ਅਤੇ ਰੇਡੀਓ, ਟੀ.ਵੀ. ਉਹਨਾਂ ਬਾਰੇ ਲਿਖ ਬੋਲ ਕੇ ਅਤਿ ਕਰ ਛਡਣਗੇ ਪਰ ਉਸ ਬੰਦੇ ਦੀ ਦੇਣ ਦਾ ਮੁਲ ਨਹੀਂ ਆਂਕਿਆ ਜਾ ਸਕਣ। ਸੰਪਾਦਕ ਵਰਿਆਮ ਜਿਹੇ ਨਿਗੂਣੇ ਬੰਦੇ ਨੂੰ ਵੀ ਉਹਨਾਂ ਪਿਆਰ ਦਿੱਤਾ। ਇੰਗਲੈਂਡ ਦੀ ਯਾਤਰਾ ਸਮੇਂ ਸੁੱਖ ਵੀ ਬਖਸ਼ਿਆ ਅਤੇ ਗਿਆਨ ਵੀ। ਵਰਿਆਮ ਦੇ ਸਿਲਵਰ ਜੁਬਲੀ ਸਮਾਗਮ ਵਾਸਤੇ ਉਹਨਾਂ ਜ਼ਰਾ ਜਿੰਨੀ ਬੇਨਤੀ ਤੇ ਲਿਖਿਆ ਵੀ ਅਤੇ ਆਸ਼ੀਰਵਾਦ ਵੀ ਦਿੱਤੀ। ਇਸੇ ਕਰਕੇ ਅਸੀਂ ਵਰਿਆਮ ਦੇ ਇਸ ਅੰਕ ਵਿਚੋਂ ਬਹੁਤ ਅਹਿਮ ਰਿਪੋਰਟਾਂ ਅਤੇ ਹੋਰ ਸਾਮਗਰੀ ਰੋਕ ਲਈ ਹੈ ਭਾਵੇਂ ਟਾਈਟਲ ਛੱਪ ਚੁੱਕਾ ਸੀ। ਭੈਣੀ ਸਾਹਿਬ ਦੇ ਮੇਲੇ ਬਾਰੇ ਵੀ ਅਸੀਂ ਕੁਛ ਉਪਲਬਧ ਤਸਵੀਰਾਂ ਹੀ ਛਾਪ ਸਕੇ ਹਾਂ। ਡਾਕਟਰ ਸਾਹਿਬ ਦੀ ਅਜ਼ਮਤ ਅਗੇ ਸਾਡਾ ਸਿਰ ਝੁਕਦਾ ਹੈ। ਐਸੇ ਬੰਦੇ ਕਦੇ ਕਦਾਈਂ ਹੀ ਇਸ ਧਰਤੀ ਤੇ ਆਉਂਦੇ ਹਨ। ਅਸੀਂ ਉਹਨਾਂ ਨੂੰ ਯਾਦ ਕਰਦਿਆਂ ਉਹਨਾਂ ਦਾ ਇਹ ਪੁਰਾਣਾ ਲੇਖ ਵਰਿਆਮ ਵਿੱਚ ਪ੍ਰਕਾਸ਼ਤ ਕਰ ਰਹੇ ਹਾਂ। ਇਹ ਲੇਖ ਹਰਿਭਜਨ ਸਿੰਘ ਦੇ ਮਨ ਦੇ ਦੁਆਰ ਤਕ ਪਾਠਕ ਨੂੰ ਲੈ ਜਾਂਦਾ ਹੈ।

*—ਜਗਦੀਸ਼ ਸਿੰਘ*

# ਚਾਨਣ ਦੀ ਤਲਾਸ਼ ਵਿੱਚ ਧੁੱਪੇ ਬਲਦਾ ਦੀਵਾ

*—ਡਾ. ਹਰਿਭਜਨ ਸਿੰਘ*

ਉਹਨੀਂ ਦਿਨੀਂ ਮੈਂ ਸੱਤਵੀਂ ਜਾਂ ਅੱਠਵੀਂ ਜਮਾਤ ਵਿੱਚ ਪੜ੍ਹਦਾ ਸਾਂ।

ਤਿੱਖੜ ਦੁਪਹਿਰ ਸੀ ਮਈ ਜੂਨ ਦੀ ਜਦੋਂ ਮੈਂ ਮੁਗਲਪੁਰੇ (ਲਾਹੌਰ) ਤੋਂ ਸ਼ਾਲਾਮਾਰ ਬਾਗ ਵਲ ਜਾਂਦੀ ਲੜਕ 'ਤੇ ਬੇਮਕਸਦ ਤੁਰਿਆ ਜਾ ਰਿਹਾ ਸਾਂ। ਅਜਿਹੇ ਬੇਮਕਸਦ ਛਿਣਾਂ ਵਿੱਚ ਹੀ ਕਵਿਤਾ ਵਰਗੀ ਹਸੀਨ ਤੇ ਮਾਸੂਮ ਸ਼ੈ ਨਾਲ ਮੇਰੀ ਮੁਲਾਕਾਤ ਹੁੰਦੀ ਰਹੀ ਹੈ। ਅਗਲੇ ਪਾਸਿਓਂ ਨੌਂ ਦਸ ਸਾਲਾਂ ਦਾ ਇਕ ਮੁੰਡਾ ਤੁਰਿਆ ਜਾ ਰਿਹਾ ਸੀ। ਫੱਟੀ ਬਸਤਾ ਉਹਨੇ ਸਿਰ 'ਤੇ ਚੁੱਕਿਆ ਹੋਇਆ ਸੀ। ਅਚਾਨਕ ਪਤਾ ਨਹੀਂ ਉਹਨੂੰ ਕੀ ਫੁਰਨਾ ਫੁਰਿਆ। ਬਸਤਾ ਉਹਨੇ ਭੁੰਜੇ ਰਖ ਦਿੱਤਾ। ਬਸਤਾ ਖੋਲ੍ਹ ਕੇ ਵਿਚੋਂ ਇਕ ਕਿਤਾਬ ਕੱਢੀ ਤੇ ਉਹਨੂੰ ਪੜ੍ਹਨ ਲੱਗ ਪਿਆ। ਪਟੜੀ ਦੇ ਨਾਲੋ ਨਾਲ ਰੁਖ ਵੀ ਸਨ, ਪਰ ਉਹ ਦੋ ਰੁੱਖਾਂ ਦੇ ਵਿਚਕਾਰ ਧੁੱਪੇ ਹੀ ਖਲੋਤਾ ਹੋਇਆ ਸੀ। ਇਕਲਾ ਹੀ ਸੀ ਉਹ। ਕਿਤਾਬ ਦੇ ਕਿਸੇ ਸਬਕ ਦੇ ਕਿਸੇ ਨਿੱਕੇ ਨੁਕਤੇ ਜਾਂ ਬਿਰਤਾਂਤ ਦੀ ਉਹਨੂੰ ਯਾਦ ਆਈ ਹੋਵੇਗੀ। ਦੁਨੀਆਂ ਜਹਾਨ ਵਲੋਂ ਬੇਧਿਆਨ ਉਹ ਕਿਤਾਬ ਵਿੱਚ ਖੁੱਭਿਆ ਹੋਇਆ ਸੀ। ਬਸਤਾ ਜ਼ਮੀਨ 'ਚ ਖੁਲ੍ਹਾ ਖਿੰਡਰਿਆ ਪਿਆ ਸੀ ਤੇ ਉਹ ਇਕ ਮਨ ਇਕਚਿੱਤ ਇਕਾਗਰ ਸੀ। ਚਹੁੰ ਕਦਮਾਂ ਦੀ ਵਿੱਥ ਤੇ ਰੁੱਖ ਸੀ ਛਾਂਦਾਰ, ਪਰ ਉਹਨੂੰ ਆਪਣੀ ਬਿਰਤੀ ਉਖੇੜ ਕੇ ਓਥੋਂ ਤਕ ਪਹੁੰਚਣ ਦੀ ਸੁਧ ਨਹੀਂ ਸੀ। ਮੈਂ ਉਹਦੇ ਕੋਲੋਂ ਲੰਘਿਆ ਤਾਂ ਉਹਨੇ ਮੈਨੂੰ ਗੌਲਿਆ ਨਾ। ਕੁਝ ਕਦਮਾਂ ਦੀ ਵਿਥ ਉਪਰ ਮੈਂ ਵੀ ਖਲੋ ਗਿਆ ਤੇ ਉਹਨੂੰ ਅਟਕ ਵੇਖਦਾ ਰਿਹਾ, ਹੈਰਾਨ, ਮੂਰਖ ਜਿਹਾ ਅਡੋਲ।

ਕੁਝ ਹੀ ਦੂਰ ਖਲੋਤਾ, ਹੈਰਤ ਜਿਹੀ ਵਿੱਚ ਮੈਂ ਉਹਨੂੰ ਮਨ ਹੀ ਮਨ ਕਿਹਾ, ਵਾਹ ਉਇ 'ਦੀਵਿਆ'! ਏਡੀ ਵਰ੍ਹਦੀ ਅੱਗ ਵਿੱਚ ਖਲੋਤਾ ਕਿਹੜਾ ਚਾਨਣ ਪਿਆ ਲਭਦਾ ਏਂ?" ਇਹ ਗੱਲ ਅੱਜ ਤੋਂ ੬੦ ਕੁ ਸਾਲ ਪਹਿਲਾਂ ਦੀ ਹੈ, ਉਦੋਂ ਕੀ ਪਤਾ ਸੀ ਕਿ ਕਦੀ ਮੈਨੂੰ ਵੀ ਇਹੋ ਜਿਹੇ ਦੀਵੇ ਵਾਂਗ ਕਿਸੇ ਚਾਨਣ ਦੀ ਤਲਾਸ਼ ਵਿੱਚ ਧੁੱਪੇ ਬਲਣਾ ਪਏਗਾ।

ਗੱਲ ਪੰਡਿਤ ਹਜ਼ਾਰੀ ਪ੍ਰਸਾਦ ਦਿਵੇਦੀ ਦੀ ਇਕ ਕਿਤਾਬ ਦੀ ਹੈ। ਕਿਤਾਬ ਦਾ ਨਾਂ ਹੈ 'ਆਲੋਕ ਪਰਵ'। ਇਹਨੂੰ ਸਾਹਿਤ ਅਕਾਦਮੀ ਵਲੋਂ ਪੁਰਸਕਾਰਿਆ ਗਿਆ ਸੀ। ਅਕਾਦਮੀ ਇਹਦਾ ਪੰਜਾਬੀ ਵਿੱਚ ਅਨੁਵਾਦ ਕਰਾਉਣਾ ਚਾਹੁੰਦੀ ਸੀ। ਅਕਾਦਮੀ



Namdhari Elibrary NamdhariElibrary@gmail.com



*ਡਾ. ਹਰਿਭਜਨ ਸਿੰਘ ਨਾਲ ਸੰਪਾਦਕ ਵਰਿਆਮ*

ਨੇ ਮੈਨੂੰ ਕਿਹਾ ਤੇ ਮੈਂ ਮੰਨ ਗਿਆ। ਹਜ਼ਾਰੀ ਪ੍ਰਸਾਦ ਨਿਬੰਧ-ਕਲਾ ਵਿੱਚ ਬੜਾ ਪਰਗੰਤ ਸੀ। ਭਾਰਤੀ ਸਭਿਆਚਾਰ ਦੀ ਉਹਨੂੰ ਗਹਿਰੀ ਪਛਾਣ ਸੀ। ਉਹ ਆਪ ਵੀ ਭਾਰਤੀ ਸਭਿਆਚਾਰ ਦੀ ਆਦਰਸ਼ ਮੂਰਤੀ ਹੀ ਸੀ। ਘੱਟ ਘੱਟ ਉਹਨਾਂ ਸੰਬੰਧੀ ਮੇਰੀ ਰਾਏ ਇਸੇ ਤਰ੍ਹਾਂ ਦੀ ਰਹੀ ਹੈ। ਮੈਂ ਸੋਚਿਆ ਇਸ ਮਹਾ ਪੰਡਿਤ ਪਾਸੋਂ ਕੁਝ ਨਾ ਕੁਝ ਸਿੱਖਾਂਗਾ ਹੀ। ਸੋ, ਕਿਤਾਬ ਦਾ ਪੰਜਾਬੀ ਅਨੁਵਾਦ ਤਿਆਰ ਕਰਨਾ ਸਵੀਕਾਰ ਕਰ ਲਿਆ।

ਇਹ ਕਿਤਾਬ ਸੱਚਮੁੱਚ ਹੀ ਗਹਿਰ ਗੰਭੀਰ ਗਿਆਨ ਦਾ ਭੰਡਾਰ ਹੈ। ਪੰਡਿਤ ਜੀ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਬੰਗਾਲੀ ਆਦਿ ਕਈ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਪ੍ਰਮਾਣਿਕ ਗਿਆਤਾ ਸਨ। ਵੈਸ਼ਨੋ, ਸ਼ੈਵ ਅਤੇ ਸ਼ਾਕਤ ਤੋਂ ਇਲਾਵਾ ਬੁੱਧ, ਜੈਨ, ਸਿਧ, ਨਾਥ, ਸੰਤ ਸਭਨਾਂ ਮਤਾਂ ਨੂੰ ਉਹ ਆਪਣੀ ਤਲੀ 'ਤੇ ਪਏ ਬੇਰ ਵਾਂਗ ਵੇਖ ਵਿਖਾ ਸਕਦੇ ਹਨ। ਸਿਧ ਸਰਹਪਾ ਤੋਂ ਲੈ ਕੇ ਗੋਰਖਨਾਥ ਤੇ ਕਬੀਰ ਦਾਸ ਤਕ ਇਉਂ ਗੱਲਾਂ ਕਰਦੇ ਹਨ ਜਿਵੇਂ ਆਪ ਉਹਨਾਂ ਦੇ ਜੋੜੇ ਭਰਾ ਹੋਣ। ਮੈਂ ਇਸ ਪੁਸਤਕ ਨੂੰ ਪੜ੍ਹਦਾ ਪੜ੍ਹਦਾ ਇਹਦੀ ਹਾਥ ਪਾਉਣ ਲੱਗਾ ਤਾਂ ਪਹਿਲਾਂ ਵਿਸਮਾਦ ਦਾ ਅਨੁਭਵ ਹੋਇਆ ਤੇ ਫੇਰ ਆਪਣੀ ਸੀਮਾ ਦਾ। ਮੈਂ ਜਦੋਂ ਵੀ ਇਸ ਪੁਸਤਕ ਵਿਚਲੇ ਗਿਆਨ ਨੂੰ ਪੰਜਾਬੀ ਵਿੱਚ ਉਲਥਾਉਣ ਦਾ ਜਤਨ ਕਰਦਾ ਤਾਂ ਆਪਣੇ ਆਪ ਨੂੰ ਗੜ੍ਹਮ-ਗੋਤੇ ਖਾਂਦਾ ਮਹਿਸੂਸ ਕਰਦਾ। ਮੇਰੇ ਪਾਸ ਸੰਸਕ੍ਰਿਤ, ਹਿੰਦੀ ਦੇ ਕੋਸ਼, ਮਹਾਂਕੋਸ਼ ਤਾਂ ਸਨ ਪਰ ਬਹੁਤ ਵਾਰ ਗੱਲ ਕੋਸ਼ਾਂ ਦੀ ਪਕੜ ਤੋਂ ਵੀ ਬਾਹਰ ਜਾਪਦੀ। ਪਹਿਲਾਂ ਤਾਂ ਜੀ ਕੀਤਾ ਕਿ ਹੱਥ ਖੜੇ ਕਰ ਦਿਆਂ, ਸਾਹਿਤ ਅਕਾਦਮੀ ਨੂੰ ਆਪਣੀ ਅਸਮਰਥਾ ਦੀ ਖ਼ਬਰ ਦੇ ਦਿਆਂ। ਕਹਿ ਦਿਆਂ ਇਹ ਕੰਮ ਮੇਰੇ ਵਸ ਦਾ ਨਹੀਂ। ਵੇਦਾਂ ਦਾ ਅਨੁਵਾਦ ਕਰਦਿਆਂ ਵੈਦਿਕ ਸੰਸਕ੍ਰਿਤ ਦੇ ਵਿਦਵਾਨ ਦੇਵਰਾਜ ਚਾਨਣਾ ਮੈਨੂੰ ਸਹਾਈ ਹੋਇਆ ਸੀ। ਮੈਂ ਸੋਚਿਆ 'ਆਲੋਕ ਪਰਵ' ਦੀਆਂ ਉਲਝਣਾਂ ਹੱਲ ਕਰਨ ਵਾਲਾ ਵੀ ਕੋਈ ਸ਼ਾਇਦ ਮੇਰੇ ਤਕ ਬਹੁੜੇਗਾ। ਮੈਂ ਕੰਮ ਕਰੀ ਗਿਆ। ਜਿੱਥੇ ਕਿੱਥੇ ਮੁਸ਼ਕਿਲ ਪੈਂਦੀ ਉਥੇ ਥਾਂ ਖ਼ਾਲੀ ਛੱਡ ਦੇਂਦਾ ਜਾਂ ਹਾਸ਼ੀਏ ਤੇ ਸਵਾਲੀਏ ਨਿਸ਼ਾਨ ਲਾ ਦੇਂਦਾ। ਕਿਤਾਬ ਦੇ ਪੰਨੇ ਦਾ ਅੰਕ ਵੀ ਪਾ ਦੇਂਦਾ ਤਾਂ ਜੁ ਬਾਦ ਵਿੱਚ ਸੋਧ-ਸੁਧਾਈ ਵੇਲੇ ਆਸਾਨੀ ਰਹੇ। ਇਸੇ ਤਰ੍ਹਾਂ ਦੀ ਨਿਸ਼ਾਨਦੇਹੀ ਮੈਂ ਕਿਤਾਬ ਦੇ ਪੰਨਿਆਂ ਤੇ ਵੀ ਕਰ ਦੇਂਦਾ। ਪਰ ਬਹੁਤੀ ਵਾਰੀ ਮੈਂ ਢੇਰਾਂ ਚਿਰ ਕਿਤਾਬ ਦੀ ਇਬਾਰਤ ਵਿੱਚ ਗ਼ਰਕ ਰਹਿੰਦਾ। ਸੱਚਮੁੱਚ ਮੇਰੀ ਹਾਲਤ ਉਸ ਝੱਲ ਵਲੱਲੇ ਮੁੰਡੇ ਵਰਗੀ ਹੀ ਸੀ ਜੋ ਤਿੱਖੜ ਦੁਪਹਿਰੇ ਬਲਦੀ ਧੁੱਪੇ ਖਲੋਤਾ ਕਿਤਾਬ ਵਿਚੋਂ ਕੋਈ ਰੋਸ਼ਨੀ ਲਭਦਾ ਮੈਨੂੰ ਸ਼ਾਲਾਮਾਰ ਦੀ ਸੜਕ ਤੇ ਮਿਲਿਆ ਸੀ। ਮੇਰੀ ਵੀ ਕਿਤਾਬ ਖੁਲ੍ਹੇ ਬਸਤੇ ਵਾਂਗ ਕਿੰਨਾ ਕਿੰਨਾ ਚਿਰ ਮੇਰੇ ਸਾਹਵੇਂ ਉੱਘੜ ਦੁੱਘੜ ਪਈ ਰਹਿੰਦੀ। ਕੋਸ਼ਾਂ-ਮਹਾਂਕੋਸ਼ਾਂ ਨੂੰ ਪੁੱਛ-ਪੁੱਛ ਹਾਰ ਜਾਂਦਾ, ਕੋਈ ਰਾਹ ਨਾ ਮਿਲਦਾ। ਕਦੀ ਕਦੀ ਮੇਰੇ ਲਿਖੇ ਅੱਧ ਲਿਖੇ ਸਫ਼ੇ ਏਧਰ ਓਧਰ ਉਡਦੇ ਖਿੱਲਰ ਜਾਂਦੇ। ਅਲਪ ਗਿਆਨੀ ਮੈਂ ਗਿਆਨ ਦੇ ਇਸ ਵਿਸ਼ਾਲ ਸਾਗਰ ਵਿਚ ਡੁੱਬਦਾ-ਤਰਦਾ ਓੜਕ ਸਮਾਪਤੀ ਤਕ ਜਾ ਹੀ ਪਹੁੰਚਾ।

ਮੇਰੀ ਅਨੁਵਾਦ ਲਿਖਤ ਦਾ ਲਗਭਗ ਹਰ ਸਫ਼ਾ ਅਧੂਰਾ



Namdhari Elibrary NamdhariElibrary@gmail.com

ਸੀ। ਲਿਖਤ ਵਿਚ ਖੱਪੇ ਸਨ। ਕਿਤੇ ਸ਼ਬਦਾਂ, ਕਿਤੇ ਵਾਕਾਂ, ਕਿਤੇ ਸ਼ਲੋਕਾਂ ਦੇ ਅਰਥ ਪੱਲੇ ਨਾ ਪੈਣ ਕਾਰਨ ਥੋੜੇ ਦੰਦਾਂ ਵਰਗੀਆਂ ਵਿਰਲਾਂ-ਵਿੱਥਾਂ ਸਨ। ਸੋਚਿਆ ਅਕਾਦਮੀ ਨੂੰ ਦਸ ਦਿਆਂ ਕਿ ਜਿੰਨਾ ਕੁ ਕੰਮ ਮੇਰੇ ਪਾਸੋਂ ਹੋ ਸਕਦਾ ਸੀ ਮੈਂ ਕਰ ਦਿੱਤਾ। ਬਾਕੀ ਕਿਸੇ ਸੰਸਕ੍ਰਿਤ ਦੇ ਪੰਡਿਤ ਪਾਸੋਂ ਕਰਵਾ ਲਓ। ਆਪਣੀ ਹੱਥ ਲਿਖਤ ਮੈਂ ਅਕਾਦਮੀ ਦੇ ਦਫ਼ਤਰ ਦੇ ਆਇਆ ਤੇ 'ਮੈਂ ਮੂਰਖ ਕੀ ਕੇਤਕ ਬਾਤ' ਬਿਨਾ ਕਿਸੇ ਸੰਗ-ਸਰਫੇ ਦੇ ਅਕਾਦਮੀ ਦੇ ਸਕੱਤਰ ਦੇ ਕੰਨੀ ਪਾ ਆਇਆ।

ਪਰ ਮਹੀਨਾ ਖੰਡ ਬੀਤਣ ਬਾਦ ਮੈਂ ਹੈਰਾਨ ਹੋ ਗਿਆ ਜਦੋਂ ਅਕਾਦਮੀ ਨੇ ਉਹ ਕਿਤਾਬ ਛਪਣ ਲਈ ਛਾਪੇਖਾਨੇ ਨੂੰ ਭੇਜ ਦਿੱਤੀ ਤੇ ਪਰੂਫਾਂ ਦਾ ਇਕ ਦੱਥਾ ਮੇਰੇ ਘਰ ਪਹੁੰਚ ਗਿਆ। ਕਾਇਦੇ ਮੁਤਾਬਿਕ ਮੇਰਾ ਖਰੜਾ ਰਾਏ ਲਈ ਕਿਸੇ ਪਾਰਖੂ ਪਾਸ ਜਾਣਾ ਚਾਹੀਦਾ ਸੀ। ਪਰ ਸਲਾਹਕਾਰ ਕਮੇਟੀ ਦੀ ਕਨਵੀਨਰ ਬੀਬੀ ਅੰਮ੍ਰਿਤਾ ਸੀ। ਅੰਮ੍ਰਿਤਾ ਨੇ ਇਹ ਨੇਮ ਬਣਾ ਦਿੱਤਾ ਸੀ ਕਿ 'ਵੱਡੇ' ਲੇਖਕਾਂ ਦਾ ਕੰਮ ਕਿਸੇ ਹੋਰ ਨੂੰ ਨਾ ਵਿਖਾਇਆ ਜਾਏ। ਜਾਪਦਾ ਹੈ ਮੇਰੇ ਖਰੜੇ ਨਾਲ ਇਸੇ ਤਰ੍ਹਾਂ ਦਾ ਲਿਹਾਜ ਹੋਇਆ ਸੀ। ਖਰੜਾ ਅੱਧੀ ਅਧੂਰੀ ਸੂਰਤ ਵਿਚ ਹੀ ਛਾਪੇ ਖਾਨੇ ਪਹੁੰਚ ਗਿਆ ਸੀ ਤੇ ਛਪਣ ਤੋਂ ਪਹਿਲਾਂ ਮੈਂ ਹੀ ਉਹਦੇ ਖੱਪੇ ਪੂਰਨੇ ਸਨ।

ਕਬੀਰ ਸਾਹਿਬ ਕਹਿੰਦੇ ਨੇ ਕਿ ਮੈਂ ਅੰਨ੍ਹਿਆਂ ਵਾਂਗ ਹੀ ਤੁਰਦੇ ਸਾਰੀ ਉਮਰ ਗੁਜ਼ਾਰ ਦੇਣੀ ਸੀ, ਪਰ ਚੰਗੇ ਭਾਗਾਂ ਨੂੰ ਸਤਿਗੁਰੂ ਨਾਲ ਮੇਲ ਹੋਇਆ, ਉਹਨਾਂ ਮੇਰੀ ਤਲੀ ਤੇ ਦੀਵਾ ਰੱਖ ਦਿੱਤਾ, ਰਾਹ ਰੋਸ਼ਨ ਹੋ ਗਿਆ (ਮੈਂ ਭੀ ਚਲਾ ਜਾਏ ਥਾ ਲੋਕ ਲਾਜ ਕੇ ਸਾਥ। ਆਗੇ ਤੇ ਸਤਿਗੁਰੂ ਮਿਲੇ ਦੀਵਾ ਦੀਨਾ ਹਾਥ)। ਮੈਨੂੰ ਵੀ ਇਸ ਤਰ੍ਹਾਂ ਦੇ ਸਤਿਗੁਰੂ ਦੀ ਲੋੜ ਸੀ। ਮੈਨੂੰ ਆਪਣੇ ਇਕ ਮਿੱਤਰ ਪਿਆਰੇ ਦੀ ਯਾਦ ਆਈ। ਨਾਮ : ਸਤਿਦੇਵ ਚੌਧਰੀ। ਸੰਸਕ੍ਰਿਤ ਹਿੰਦੀ ਦਾ ਚੰਗਾ ਜਾਣੂ। ਉਹਨੀਂ ਦਿਨੀਂ ਜਰਮਨੀ ਦੀ ਕਿਸੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਬਣ ਕੇ ਜਾਣ ਦੀ ਸਲਾਹ ਬਣਾ ਰਿਹਾ ਸੀ। ਧੀਆਂ-ਪੁੱਤਰ ਤੇ ਘਰਵਾਲੀ ਅਮਰੀਕਾ ਗਏ ਹੋਏ ਸਨ। ਘਰ ਇਕੱਲਾ ਸੀ। ਉਹਦਾ ਡੇਰਾ ਸਾਡੇ ਘਰੋਂ ਦਸਾਂ ਬਾਰਾਂ ਮੀਲਾਂ ਦੀ ਵਿੱਥ ਤੇ ਸੀ। ਮੈਂ ਉਹਦੇ ਪਾਸ ਪਹੁੰਚਾ। ਆਪਣੀ ਮੁਸ਼ਕਿਲ ਦੱਸੀ ਤੇ ਮੁਸ਼ਕਿਲ-ਕੁਸ਼ਾਈ ਲਈ ਬੇਨਤੀ ਕੀਤੀ। ਵੀਹ ਕੁ ਸਫੇ ਹੋਣਗੇ ਪਰੂਫਾਂ ਦੇ। ਪਹਿਲਾਂ ਤਾਂ ਉਹ ਵੀ ਸਿਰ ਮਾਰ ਗਿਆ। ਪੰਡਿਤ ਹਜ਼ਾਰੀ ਪ੍ਰਸਾਦਿ ਸੰਸਕ੍ਰਿਤ ਪਾਠ ਦੀਆਂ ਟੂਕਾਂ ਪੁੱਠੇ ਕਾਮਿਆਂ ਤੋਂ ਬਗੈਰ ਵਰਤ ਜਾਂਦੇ ਸਨ। ਸ਼ੈਵ ਤੇ ਸ਼ਾਕਤ ਆਗਮਾਂ, ਬੋਧ ਤੰਤਰਾਂ ਤੇ ਜੈਨ ਧਰਮ ਦੀਆਂ ਅਪਭ੍ਰੰਸ਼ ਲਿਖਤਾਂ ਨੂੰ ਸਹਿਜ ਭਾਅ ਹੀ ਵਰਤ ਜਾਂਦੇ ਸਨ। ਭੋਲੇ ਉਹ ਏਡੇ ਸਨ ਕਿ ਸਾਰੀ ਦੁਨੀਆਂ ਨੂੰ ਆਪਣੇ ਹੀ ਵਰਗਾ ਵਿਦਵਾਨ ਸਮਝਦੇ ਸਨ। ਸੋਚਦੇ ਸਨ ਲੋਕੀਂ ਸਭ ਕੁਝ ਆਪੇ ਸਮਝ ਲੈਣਗੇ। ਉਹਨਾਂ ਦੀ ਲਿਖਤ ਵਿਚੋਂ ਆਮ ਪਾਠਕ ਅੱਧ ਪਚੱਧੀ ਸੂਝ ਨਾਲ ਵੀ ਬਹੁਤ ਕੁਝ ਹਾਸਿਲ ਕਰ ਲੈਂਦਾ ਸੀ। ਪਰ ਅਨੁਵਾਦਕ ਦਾ ਕੰਮ ਅੱਧ ਪਚੱਧੀ ਸੂਝ ਨਾਲ ਨਹੀਂ ਸਰਦਾ। ਡਾ. ਚੌਧਰੀ ਨੂੰ ਇਸ ਵਿਸ਼ਾਲ ਤੇ ਵੰਨ-ਸੁਵੰਨੇ ਗਿਆਨ-ਲੋਕ ਵਿਚ ਪ੍ਰਵੇਸ਼ ਕਰਨ ਤੋਂ ਸੰਕੋਚ ਸੀ। ਪਰ ਆਖਰ ਸੋਚ-ਸੋਚ ਕੇ ਉਹਨੇ ਕਿਹਾ ਆਪਣੀ ਲਿਖਤ ਮੇਰੇ ਪਾਸ ਛੱਡ ਜਾ। ਚਹੁੰ ਕੁ ਦਿਨਾਂ ਨੂੰ ਆਈਂ। ਮੈਂ ਇਹਨਾਂ ਹਵਾਲਿਆਂ ਦੇ ਮੂਲ ਪਾਠਾਂ ਤੱਕ ਪਹੁੰਚਣ ਦਾ ਜਤਨ ਕਰਾਂਗਾ। ਦਿਨ ਤਾਂ ਸਾਨੂੰ ਕਈ ਲੱਗ ਗਏ, ਪਰ ਉਹਨੇ ਮੂਲ ਪਾਠ ਲਭ ਹੀ ਲਏ ਤੇ ਮੇਰੀ ਤਲੀ ਤੇ ਦੀਵਾ ਬਾਲ ਧਰਿਆ। ਰਾਹ ਰੋਸ਼ਨ ਹੋ ਗਿਆ ਤੇ ਆਪਣੀਆਂ ਲਿਖੀਆਂ ਹੀ ਪੁਰਾਣੀਆਂ ਪੰਗਤੀਆਂ ਯਾਦ ਆਈਆਂ :-

ਜੰਗਲ ਵਿਚ ਜੇ ਰਾਤ ਆ ਜਾਏ
ਦੀਵਾ ਨਜ਼ਰ ਪਏ
ਸੰਤ ਜਨਾਂ ਦੀ ਕੁਟੀਆ ਹੋਵੇ
ਸਭ ਦੇ ਕਸ਼ਟ ਹਰੇ।

ਮੈਂ ਹਰ ਵਾਰ ਦਸ ਪੰਦਰਾਂ ਸਫਿਆਂ ਦਾ ਹੀ ਕੰਮ ਲੈ ਕੇ ਜਾਂਦਾ। ਡਾ. ਚੌਧਰੀ ਸਚਮੁੱਚ ਧਰਮਾਤਮਾ ਸੰਤ ਸਨ। 'ਸੇਵਕ ਕੋ ਨਿਕਟੀ ਹੋਇ ਦਿਖਾਵੈ' ਵਰਗਾ ਧਰਮ ਪਾਲਦੇ। ਆਪਣੇ ਧਰਮ ਵਾਲਿਆਂ ਨਾਲ ਕਦਮ ਮਿਲਾ ਕੇ ਤੁਰਦਾ ਮੈਂ ਵੀ ਕਈ ਵਾਰ ਕਹਿ ਦੇਂਦਾ ਰਿਹਾ ਤੇ ਹੁਣ ਵੀ ਕਹਿ ਦੇਂਦਾ ਹਾਂ ਕਿ ਮੇਰਾ ਗੁਰੂ ਗ੍ਰੰਥ ਸਾਹਿਬ ਹੈ, ਮੈਨੂੰ ਦੇਹਧਾਰੀ ਗੁਰੂ ਨਹੀਂ ਚਾਹੀਦਾ। ਪਰ ਕੀ ਕਰਾਂ ਮੈਨੂੰ ਹਮੇਸ਼ਾਂ ਹੀ ਕਿਸੇ ਦੇਹਧਾਰੀ ਉਸਤਾਦ ਦੀ ਲੋੜ ਰਹੀ ਹੈ। ਕੋਸ਼ ਤੇ ਮਹਾਕੋਸ਼, ਪੋਥੀਆਂ ਤੇ ਗ੍ਰੰਥ ਜਦੋਂ ਕੰਮ ਨਹੀਂ ਦੇਂਦੇ ਤਾਂ ਕਿਸੇ ਦੇਹਧਾਰੀ ਪਿੱਛੇ ਦੌੜਨਾ ਪੈਂਦਾ ਹੈ। ਉਦੋਂ ਮੈਨੂੰ ਕਿਸੇ ਦਾ ਪਿਛਲਗ ਅਖਵਾਉਂਦਿਆਂ ਵੀ ਲਾਜ ਨਹੀਂ ਆਉਂਦੀ। ਕੋਈ ਦੇਹਧਾਰੀ ਹੀ ਮੇਰੀਆਂ ਗੁੰਝਲਾਂ ਖੋਲ੍ਹਣ ਵਿਚ ਸਹਾਈ ਬਣਦਾ ਹੈ। ਕੋਈ ਵੀ ਪੁਸਤਕ ਕਿਸੇ ਅਨੁਭਵੀ ਵਿਦਿਆ ਗੁਰੂ ਦੀ ਥਾਂ ਪੂਰ ਨਹੀਂ ਸਕਦੀ।

ਡਾ. ਚੌਧਰੀ ਬਹੁਤ ਦੂਰ ਤਕ ਮੇਰੇ ਨਾਲ ਨਿਭਿਆ। ਪਰ, ਇਕ ਵੇਲਾ ਆਇਆ ਜਦੋਂ ਉਹਨੂੰ ਕਹਿਣਾ ਪਿਆ, 'ਲੈ ਬਈ ਸਿਖਿਆਰਥੀ, ਮੈਨੂੰ ਜੋ ਕੁਝ ਆਉਂਦਾ ਸੀ, ਮੈਂ ਤੈਨੂੰ ਦਸ ਦਿੱਤਾ, ਇਸ ਤੋਂ ਅਗਾਂਹ ਤੈਨੂੰ ਮੈਥੋਂ ਵਡੇਰੇ ਗੁਰੂ ਦੀ ਲੋੜ ਹੈ, ਕੁਝ ਦਿਨ ਠਹਿਰ ਮੈਂ ਤੇਰੇ ਲਈ ਕੋਈ ਹੋਰ, ਆਪਣੇ ਤੋਂ ਵਧੇਰੇ ਵਿਦਿਆਵਾਨ, ਮਹਾਪੁਰਸ਼ ਲਭ ਦਿੰਦਾ ਹਾਂ। ਕਿਤਾਬ ਜਨਤਕ ਪ੍ਰੈਸ ਵਿਚ ਛਪ ਰਹੀ ਸੀ। ਉਹਦਾ ਮਾਲਕ ਚੰਨ ਵੀ ਉਤੇ-



Namdhari Elibrary NamdhariElibrary@gmail.com



*ਡਾ. ਅਮਰ ਭਾਰਤੀ, ਡਾ. ਹਰਿਭਜਨ ਸਿੰਘ, ਜਗਦੀਸ਼ ਸਿੰਘ ਵਰਿਆਮ, ਡਾ. ਤਾਰਾ ਸਿੰਘ ਅਨਜਾਣ*

ਥੁੜੇ ਦੇ ਕੰਮ ਆਉਣ ਵਾਲਾ ਭਲਾ ਲੋਕ ਹੈ। ਮੈਂ ਉਹਨੂੰ ਸੰਕੇਤ ਦੇ ਦੇਂਦਾ ਰਿਹਾ ਕਿ ਅਗਲੇ ਪਰੂਫ ਕੁਝ ਦਿਨ ਠਹਿਰ ਕੇ ਵੇਖਾਂਗਾ। ਉਹ ਮੇਰੀ ਮਜਬੂਰੀ ਸਮਝ ਜਾਂਦਾ। ਮੈਨੂੰ ਪ੍ਰੇਸ਼ਾਨ ਕਰਨ ਵਾਲੀ ਕੋਈ ਪੁੱਛ ਨਾ ਪੁੱਛਦਾ, ਆਪਣੇ ਕੰਮ ਨੂੰ ਰਤਾ ਕੁ ਅਗਾਂਹ ਪਾ ਦੇਂਦਾ। ਡਾ. ਚੌਧਰੀ ਨੇ ਮੈਨੂੰ ਜਿਵੇਂ ਅਗਲੀ ਜਮਾਤੇ ਚਾੜ੍ਹ ਦਿੱਤਾ ਤੇ ਮੇਰੇ ਲਈ ਨਵਾਂ ਉਸਤਾਦ ਵੀ ਲਭ ਦਿੱਤਾ। ਇਹ ਸੀ ਡਾ. ਸ਼ਿਵ ਨਾਰਾਇਣ ਸ਼ਾਸਤਰੀ ਜੋ ਕਰੋੜੀ ਮਲ ਕਾਲਜ ਵਿਚ ਸੰਸਕ੍ਰਿਤ ਵਿਭਾਗ ਦਾ ਮੁੱਖੀ ਹੈ। ਪੰਡਿਤ ਦਿਵੇਦੀ ਨਾਲ ਕਦਮ ਮਿਲਾ ਕੇ ਚਲਣਾ ਹਾਰੀ ਸਾਰੀ ਦਾ ਕੰਮ ਨਹੀਂ। ਗੱਲ ਸੰਸਕ੍ਰਿਤ ਭਾਸ਼ਾ ਦੇ ਗਿਆਨ ਦੀ ਨਹੀਂ, ਸੰਸਕ੍ਰਿਤ ਭਾਸ਼ਾ ਵਿਚ ਮਿਲਣ ਵਾਲੇ ਪ੍ਰਵਚਨਾਂ ਦੀ ਸੀ। ਅਸਲ ਵਿਚ ਕੋਈ ਨਿਰੋਲ ਭਾਸ਼ਾ ਤਾਂ ਹੁੰਦੀ ਹੀ ਨਹੀਂ। ਭਾਸ਼ਾ ਦੇ ਅੰਗ-ਸੰਗ, ਅਨਿੱਖੜ ਰੂਪ ਵਿਚ ਪ੍ਰਵਚਨ ਤੁਰੇ ਜਾਂਦੇ ਹਨ। ਡਾ. ਸ਼ਿਵ ਨਾਰਾਇਣ ਨੇ ਕੁਝ ਕੰਮ ਪਾਣਿਨੀ ਦੀ ਵਿਆਕਰਨ 'ਤੇ ਕੀਤਾ ਹੋਇਆ ਸੀ ਤੇ ਕੁਝ ਸ਼ੰਕਰਾਚਾਰੀਆ ਦੇ ਗੀਤਾ-ਭਾਸ਼ਾ ਉੱਪਰ। ਪੰਡਿਤ ਜੀ ਨੇ ਨਿਗਮ, ਆਗਮ ਤੇ ਤੰਤਰਾਂ ਦੇ ਜੋ ਹਵਾਲੇ ਦਿੱਤੇ ਹੋਏ ਸਨ, ਉਹਨਾਂ ਦੀਆਂ ਗੁੰਝਲਾਂ ਖੋਲ੍ਹਣ ਵਿਚ ਉਹਨੇ ਮੇਰੀ ਮਦਦ ਕੀਤੀ। ਮੈਂ ਜਦੋਂ ਵੀ ਉਹਨੂੰ ਮਿਲਣ ਗਿਆ। ਕੁਝ ਨਾ ਕੁਝ ਸਿਖ ਕੇ ਹੀ ਮੁੜਿਆ। 'ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ।' ਵਾਲਾ ਵਾਤਾਵਰਣ ਸੀ। ਮਹਿਫਲ ਤਾਂ ਡਾ. ਚੌਧਰੀ ਦੇ ਘਰ ਹੀ ਜੰਮਦੀ ਰਹੀ। ਚਾਹ-ਪਾਣੀ ਦੀ ਸੇਵਾ ਉਹ ਖੁੱਲ੍ਹੇ ਹੱਥੀਂ ਕਰਦਾ। ਮੈਂ ਤਾਂ ਭਲਾ ਸੰਥਿਆ ਲੈਣ ਜਾਂਦਾ ਸਾਂ, ਮੇਰਾ ਸਿੱਖਿਆਦਾਤਾ ਡਾ. ਸ਼ਿਵ ਨਾਰਾਇਣ ਪਤਾ ਨਹੀ ਕਿੰਨਾ ਪੈਂਡਾ ਤੁਰ ਕੇ ਉਥੇ ਪਹੁੰਚਦਾ। ਗਰਮੀਆਂ ਦੇ ਦਿਨ ਸਨ, ਦਸਾਂ-ਬਾਰਾਂ ਮੀਲਾਂ ਦੀ ਵਾਟ ਤੈਅ ਕਰਕੇ ਮੈਂ ਉਥੇ ਪਹੁੰਚਦਾ ਹੁੰਦਾ। ਉਹ ਸੱਚਮੁਚ ਹੀ 'ਗੁਣਾ ਕਾ ਵਾਸੁਲਾ' ਸੀ, ਜੋ ਗੁਣ ਵੀ ਉਹ ਮੇਲੇ ਪੱਲੇ ਪਾਉਂਦਾ, ਖੁਸ਼ੀ ਨਾਲ ਹੀ ਪਾਉਂਦਾ। ਉਹਦੇ ਬੋਲਾਂ ਵਿਚੋਂ ਮੈਨੂੰ ਖੁਸ਼ਬੋ ਆਉਂਦੀ ਮਹਿਸੂਸ ਹੁੰਦੀ। ਜੋ ਕੁਝ ਉਸ ਪਾਸੋਂ ਸਿੱਖਿਆ, ਉਸ ਦਾ ਬਹੁਤਾ ਹਿੱਸਾ ਭੁੱਲ ਭੁਲਾ ਗਿਆ ਹੋਵਾਂਗਾ, ਪਰ ਉਹਦੇ ਵਿਦਿਆਦਾਨ ਵਿਚ ਜੋ ਸਹਿਜ ਖੁਸ਼ੀ ਦੀ ਖੁਸ਼ਬੋ ਜਿਹਾ ਤੱਤ ਸੀ, ਉਹ ਮੇਰੇ ਨਾਲ ਨਾਲ ਅੱਜ ਵੀ ਤੁਰਿਆ ਜਾ ਰਿਹਾ ਹੈ। ਮੈਂ ਭੁੱਲਣਹਾਰ ਜ਼ਰੂਰ ਹਾਂ, ਪਰ ਕ੍ਰਿਤਘਣ ਨਹੀਂ।

ਗਰਮੀ ਦੀ ਰੁੱਤ ਦੇ ਉਹਨਾਂ ਦਿਨਾਂ ਨੂੰ ਚਿਤਾਰਦਾ ਹਾਂ ਤਾਂ ਆਪਣੀ ਸਾਦਗੀ ਤੇ ਹਾਸਾ ਆਉਂਦਾ ਹੈ। ਸੋਚਦਾ ਹਾਂ ਕਿ ਮੈਂ ਡਾ. ਚੌਧਰੀ ਦੇ ਘਰ ਸਿਖਰ ਦੁਪਹਿਰੇ ਹੀ ਕਿਉਂ ਪਹੁੰਚਦਾ ਸਾਂ। ਸਵੇਰ-ਸ਼ਾਮ ਕਿਉਂ ਨਹੀਂ ? ਜਾਪਦਾ ਹੈ ਧੁਰ ਬਚਪਨ ਵਿਚ, ਸ਼ਾਲਾਮਾਰ ਨੂੰ ਜਾਂਦੀ ਸੜਕ ਉਪਰ, ਕੜਕਦੀ ਧੁੱਪੇ ਕਿਤਾਬ ਦੇ ਵਰਕੇ ਵਰੋਲਦੇ ਜਿਸ ਝੱਲਵਲੱਲੇ ਮੁੰਡੇ ਨੂੰ ਮੈਂ ਮਿਲਿਆ ਸੀ, ਉਸ ਨਾਲ ਮੇਰਾ ਕੋਈ ਅਚੇਤ ਰਿਸ਼ਤਾ ਹੈ। ਉਦੋਂ ਮੈਂ ਮਨ ਹੀ ਮਨ ਉਸ ਉੱਪਰ ਹੱਸਿਆ ਸਾਂ ਤੇ ਉਹਨੂੰ 'ਦੀਵਾ' ਕਿਹਾ ਸੀ। ਅੱਜ ਵਰ੍ਹਿਆਂ ਦੀ ਵਿਥ 'ਤੇ ਖਲੋਤਾ ਸੋਚ ਰਿਹਾ ਹਾਂ, ਮੇਰੀ ਸਤ੍ਹਰੇ ਬਹੱਤਰੇ ਦੀ ਪਛਾਣ ਕਿਤੇ ਧੁੰਦਲਾ ਤਾਂ ਨਹੀਂ ਗਈ ? ਉਦੋਂ ਵੀ ਉਹ ਕਿਤੇ ਮੈਂ ਹੀ ਤਾਂ ਨਹੀਂ ਸੀ। ਗਲੀਏ ਧੁੱਪਾਂ ਦੂਰ ਘਰ, ਕਿਸੇ ਨੇਹੁੰ ਨੂੰ ਪਾਲਣ ਹੇਤ ਜਾਣ



Namdhari Elibrary NamdhariElibrary@gmail.com

ਵਾਲਾ ਉਹ ਮੂਰਖ ਅਵਾਣ ਬਾਲਕਾ ਮੈਂ ਆਪ ਹੀ ਤਾਂ ਨਹੀਂ ਸਾਂ ? ਮੁੜ-ਘਿੜ ਇਕੋ ਜਾਚ ਨੂੰ ਦੁਹਰਾਈ ਜਾਣਾ ਕਿਤੇ ਮੇਰੀ ਹੀ ਹੋਣੀ ਤਾਂ ਨਹੀਂ ?

ਪੰਡਿਤ ਜੀ ਪੜ੍ਹਾਉਂਦੇ ਤਾਂ ਸਾਹਿਤ ਰਹੇ, ਪਰ ਉਹਨਾਂ ਦੀ ਆਪਣੀ ਸਿੱਖਿਆ ਸ਼ਾਸਤਰ ਦੀ ਸੀ। ਇਸ ਪੁਸਤਕ ਵਿਚ ਇਕ ਲੇਖ ਜੋਤਿਸ਼ ਨਾਲ ਸੰਬੰਧਿਤ ਸੀ। ਉਂਞ ਜੋਤਿਸ਼ ਦੇ ਨਿੱਕੇ-ਮੋਟੇ ਵੇਰਵੇ ਇਸ ਪੁਸਤਕ ਵਿਚ ਥਾਂ ਪਰ ਥਾਂ ਖਿਲਰੇ ਪਏ ਹਨ। ਇਹਨਾਂ ਵੇਰਵਿਆਂ ਨੂੰ ਡਾ. ਸ਼ਿਵ ਨਾਰਾਇਣ ਸਾਧਾਰਣ ਪਾਠਕ ਵਾਂਗ ਸਮਝਾ ਤਾਂ ਜ਼ਰੂਰ ਸਕਦੇ ਸਨ, ਪਰ ਉਹਨਾਂ ਦੇ ਆਪਣੇ ਕਥਨ ਮੁਤਾਬਿਕ ਉਹ ਇਸ ਵਿਦਿਆ ਦੇ ਵਿਸ਼ੇਸ਼ਗ ਨਹੀਂ ਸਨ। ਉਹਨਾਂ ਮੈਨੂੰ ਇਕ ਹੋਰ ਵਿਸ਼ੇਸ਼ਗ ਦੀ ਦੱਸ ਪਾਈ। ਸੱਚਾ ਤੇ ਸੁੱਚਾ ਵਿਦਵਾਨ ਉਹੋ ਹੈ ਜੋ ਆਪਣੇ ਗਿਆਨ ਦੀ ਸੀਮਾ ਨੂੰ ਪਛਾਣਦਾ ਹੈ ਤੇ ਉਹਨੂੰ ਟੱਪ ਜਾਣ ਲਈ ਉਪਰਾਲੇ ਕਰਦਾ ਹੈ। ਕਬੀਰ ਸਾਹਿਬ ਦਾ ਇਕ ਦੋਹਾ ਹੈ—

ਹਦ ਚਲੇ ਸੋ ਮਾਨਵਾ, ਬੇਹੱਦ ਚਲੇ ਸੋ ਸਾਧ।
ਹਦ ਬੇਹੱਦ ਦੋਨੋ ਤਜੇ, ਤਾਕਰ ਮਤਾ ਅਗਾਧ।

ਆਪਣੀ ਹੱਦ ਦੇ ਅੰਦਰ ਚੱਲਣ ਵਾਲੇ ਪ੍ਰਮਾਣਿਕ 'ਮਾਨਵ' ਡਾ. ਸ਼ਿਵ ਨਾਰਾਇਣ ਨੇ ਮੈਨੂੰ ਸਮਝਾਇਆ ਕਿ ਇਸ ਤੋਂ ਅਗਾਂਹ ਸਿੱਖਿਆ ਲਈ ਤੈਨੂੰ ਕਿਸੇ 'ਸਾਧ' ਪਾਸ ਜਾਣਾ ਚਾਹੀਦਾ ਹੈ। ਉਹਨਾਂ ਇਕ ਸਾਧ ਦੀ ਦੱਸ ਵੀ ਪਾਈ। ਨਾਂ ਸੀ ਡਾ. ਮਧੂ ਮਿਸ਼ਰ ਜੋ ਰਾਸ਼ਟਰੀ ਸੰਸਕ੍ਰਿਤ ਸੰਸਥਾਨ ਵਿਚ ਕਿਸੇ ਉੱਚੇ ਔਹਦੇ ਉੱਪਰ ਕੰਮ ਕਰ ਰਹੇ ਸਨ। ਉਹਨਾਂ ਤੱਕ ਪਹੁੰਚਣ ਦਾ ਜੋ ਰਾਹ ਡਾ. ਸ਼ਿਵ ਨਾਰਾਇਣ ਨੇ ਮੈਨੂੰ ਦੱਸਿਆ ਸੀ, ਉਸੇ ਉੱਪਰ ਮੈਂ ਨੱਕ ਦੀ ਸੇਧੇ ਤੁਰਿਆ ਗਿਆ ਸੀ। ਪੰਜਾਬੀ ਦਾ ਇਕ ਖੋਜਾਰਥੀ ਕਿਸੇ ਕੰਮ ਮੇਰੇ ਪਾਸ ਆਇਆ ਹੋਇਆ ਸੀ, ਉਹ ਵੀ ਮੇਰੇ ਨਾਲ ਹੋ ਤੁਰਿਆ। ਮੈਂ ਵੀ ਉਹਨੂੰ ਆਪਣੇ ਨਾਲ ਲੈ ਜਾ ਕੇ ਖੁਸ਼ ਸਾਂ। ਚਾਹੁੰਦਾ ਸਾਂ ਕਿ ਉਹ ਵੀ ਮੇਰੇ ਹੀਜ-ਪਿਆਜ ਤੋਂ ਜਾਣੂੰ ਹੋ ਜਾਏ। ਆਪਣੀ ਅੱਖੀਂ ਵੇਖ ਲਏ ਕਿ ਉਹਦਾ ਅਧਿਆਪਕ ਅਸਲ ਵਿਚ ਇਕ ਵਿਦਿਆਰਥੀ ਹੀ ਹੈ, ਗਿਆਨ ਦੇ ਟੁਕੜੇ ਮੰਗ-ਪਿਨਕੇ ਆਪਣਾ ਖੱਪਰ ਭਰਦਾ ਰਹਿੰਦਾ ਹੈ। ਵੇਲਾ ਤਪਦੀ ਸਿਖਰ ਦੁਪਹਿਰ ਦਾ ਸੀ। ਸਾਡੇ ਦੋਹਾਂ ਪਾਸ ਕਿਸੇ ਛਾਤੇ-ਛਤਰੀ ਦੀ ਵੀ ਸਹੂਲਤ ਨਹੀਂ ਸੀ। ਰਾਹ ਵਿਚ ਕੋਈ ਰੁਖ ਨਹੀਂ ਸੀ ਜਿਹਦੀ ਛਾਵੇਂ ਬੈਠ ਜਾਂਦੇ। ਆਖ਼ਰ ਪਹੁੰਚ ਹੀ ਗਏ ਸਾਧ ਦੇ ਡੇਰੇ ਤੇ ਭਿਛਿਆ ਲਈ ਗਜਾ ਕੀਤੀ। ਡਾ. ਮਧੂ ਮਿਸ਼ਰ ਜੋਤਿਸ਼ ਵਿਦਿਆ ਦਾ ਅਵਤਾਰ ਸੀ। ਮੇਰੀ ਲੋੜ ਤਾਂ ਜੋਤਿਸ਼ ਦੇ ਦੋ-ਚਾਰ ਨੁਕਤਿਆਂ ਤੱਕ ਹੀ ਸੀਮਿਤ ਸੀ, ਪਰ ਮਧੂ ਮਿਸ਼ਰ ਨੇ ਉਹਨਾਂ ਨੁਕਤਿਆਂ ਨਾਲ ਸੰਬੰਧਿਤ ਪੂਰਾ ਅਧਿਆਇ ਹੀ ਸਮਝਾ ਦਿੱਤਾ। ਇਹ ਵਿਦਵਾਨ ਵੀ ਬੜਾ ਪ੍ਰਸੰਨ-ਚਿਤ ਵਿਅਕਤੀ ਸੀ, ਵਿਦਿਆ ਦਾ ਦਾਨ ਖੁਲ੍ਹੇ ਹੱਥਾਂ ਵਰਤਾਉਣ ਵਾਲਾ ਤੇ ਵਰਤਾ ਕੇ ਖੁਸ਼ੀ ਮਹਿਸੂਸ ਕਰਨ ਵਾਲਾ। ਅਸੀਂ ਕੋਈ ਡੇਢ੍ਹ ਦੋ ਘੰਟੇ ਉਹਦੇ ਪਾਸ ਬੈਠੇ। ਵਾਪਸ ਆਏ ਧੁੱਪ ਤੁਰਦਿਆਂ ਵੀ ਇਲਮ ਦੀ ਬਾਰਸ਼ ਵਿਚ ਗੜੁੱਚ ਮਹਿਸੂਸ ਕਰ ਰਹੇ ਸਾਂ।

ਇਕ ਲੋਕ-ਕਹਾਣੀ ਯਾਦ ਆਈ। ਇਕ ਵਾਰ ਵਿਦਿਆ ਸਾਗਰ ਰਾਮ ਕ੍ਰਿਸ਼ਨ ਪਰਮਹੰਸ ਪਾਸ ਪਹੁੰਚੇ ਤੇ ਉਹਨਾਂ ਨੂੰ ਦੱਸਣ ਲੱਗੇ ਕਿ ਜਿਸ ਪ੍ਰਮਾਤਮਾ ਦੀ ਭਗਤੀ ਵਿਚ ਤੁਸੀਂ ਲੀਨ ਹੋ, ਉਹਦੀ ਤਾਂ ਕੋਈ ਹਸਤੀ ਹੀ ਨਹੀਂ। ਵਿਦਿਆ ਸਾਗਰ ਨੇ ਨਾਸਤਿਕਤਾ ਦੇ ਹੱਕ ਵਿਚ ਬੜੀਆਂ ਵਜ਼ਨੀ ਦਲੀਲਾਂ ਦਿੱਤੀਆਂ। ਦੋ ਤਿੰਨ ਘੰਟੇ ਉਹ ਬੋਲਦੇ ਰਹੇ ਤੇ ਪਰਮਹੰਸ ਚੁੱਪ ਚਾਪ ਸੁਣਦੇ ਰਹੇ। ਜਦੋਂ ਵਿਦਿਆ ਸਾਗਰ ਚੁੱਪ ਹੋਏ ਤਾਂ ਰਾਮਕ੍ਰਿਸ਼ਨ ਪਰਮ ਵਿਸਮਾਦ ਦੀ ਅਵਸਥਾ ਵਿਚ ਸਨ। ਕੁਝ ਦੇਰ ਬਾਅਦ ਉਹਨਾਂ ਕ੍ਰਿਤੱਗਤਾ ਦੇ ਸੁਰ ਵਿਚ ਕਿਹਾ, 'ਕਮਾਲ ਹੈ, ਏਡੀ ਗਹਿਰ ਗੰਭੀਰ ਵਿਦਿਆ। ਭਾਸ਼ਾ ਉਪਰ ਏਡਾ ਅਦੁੱਤੀ ਅਧਿਕਾਰ। ਮੇਰੇ ਮਨ ਦੇ ਕਈ ਜਾਲੇ ਤੁਸਾਂ ਸਾਫ ਕਰ ਦਿੱਤੇ। ਮੈਂ ਤਾਂ ਚਕ੍ਰਿਤ ਹੋ ਗਿਆ। ਮੈਂ ਪਰਮ ਪ੍ਰਭੂ ਦਾ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਤੁਹਾਡੇ ਜਿਹੇ ਵਿਦਵਾਨ ਨਾਲ ਮਿਲਾਇਆ। ਪਹਿਲਾਂ ਕਦੀ-ਕਦੀ ਮਨ ਡੋਲਦਾ ਸੀ, ਪ੍ਰਮਾਤਮਾ ਦੀ ਹਸਤੀ ਬਾਰੇ ਸੰਦੇਹ ਉਪਜਦਾ ਸੀ। ਤੁਸੀਂ ਸਾਰੇ ਦੇ ਸਾਰੇ ਸ਼ੰਕੇ ਨਵਿਰਤ ਕਰ ਦਿੱਤੇ। ਤੁਸੀਂ ਹੋ ਤਾਂ ਨਿਸ਼ਚੇ ਹੀ ਪ੍ਰਮਾਤਮਾ ਵੀ ਹੈ। ਉਸ ਪਰਮ ਸੱਤਾ ਵਿਚ ਮੇਰਾ ਵਿਸ਼ਵਾਸ ਵਧੇਰੇ ਹੋ ਗਿਐ।'

ਕੁਝ ਇਹੋ ਜਿਹੀ ਹਾਲਤ ਮੇਰੀ ਸੀ। ਸਾਰੀ ਉਮਰ ਮੈਂ ਜੋਤਿਸ਼ ਅਤੇ ਜੋਤਿਸ਼ੀਆਂ ਉੱਪਰ ਵਿਸ਼ਵਾਸ ਕਰਨ ਤੋਂ ਗੁਰੇਜ਼ ਕਰਦਾ ਰਿਹਾ ਸਾਂ। ਪਰ ਮਧੂ ਮਿਸ਼ਰ ਨੂੰ ਸੁਣਨ ਬਾਅਦ ਜੋਤਿਸ਼ ਪ੍ਰਤੀ ਮੇਰੀ ਫਾਸਿਲਾਪਸੰਦੀ ਨਿਸ਼ਚੇ ਹੀ ਕੁਝ ਘਟ ਗਈ। ਮੈਂ ਮਨ ਹੀ ਮਨ ਕਾਇਲ ਹੋਇਆ ਪਿਆ ਸਾਂ ਕਿ ਜੇ ਮਧੂ ਮਿਸ਼ਰ ਦੀ ਹੋਂਦ ਵਾਸਤਵਿਕ ਹੈ ਤਾਂ ਨਿਸ਼ਚੇ ਹੀ ਜੋਤਿਸ਼ ਵੀ ਕਪੋਲ ਕਲਪਨਾ ਨਹੀਂ।

ਮੇਰੀ ਯਾਤਰਾ ਅਜੇ ਨੇਪਰੇ ਨਹੀਂ ਸੀ ਚੜ੍ਹੀ। ਕਿਤਾਬ ਦੇ ਅੰਤਲੇ ਹਿੱਸੇ ਵਿਚ ਇਕ ਲੇਖ ਸੀ 'ਅਪਭ੍ਰੰਸ਼ ਦਾ ਰਸਾਤਮਕ ਸਾਹਿਤ।' ਸਾਡੇ ਵਿਦਵਾਨਾਂ ਵਿਚ ਅਪਭ੍ਰੰਸ਼ ਲਈ ਵਿਸ਼ੇਸ਼ ਖਿੱਚ ਨਹੀਂ। ਪੰਜਾਬੀ ਦੇ ਇਕ ਭਾਸ਼ਾ-ਵਿਗਿਆਨੀ ਦਾ ਤਾਂ ਏਥੋਂ ਤੱਕ ਕਹਿਣਾ ਹੈ ਕਿ ਅਪਭ੍ਰੰਸ਼ ਬਾਰੇ ਸਾਰੀ ਬਹਿਸ ਹੀ ਮਸ਼ਕੂਕ ਹੈ। ਮੇਰਾ ਏਨੇ ਕੁ ਗਿਆਨ ਨਾਲ ਕੰਮ ਨਹੀਂ ਸੀ ਸਰਦਾ। ਮੇਰੇ ਸਾਹਵੇਂ ਤਾਂ ਤੀਹ ਕੁ ਸਫਿਆਂ ਦਾ ਨਿਬੰਧ ਸੀ ਜਿਸ ਵਿਚ ਅਪਭ੍ਰੰਸ਼ ਕਵਿਤਾ ਦੇ ਚਾਲੀਆਂ ਤੋਂ ਉੱਪਰ ਨਮੂਨੇ



Namdhari Elibrary NamdhariElibrary@gmail.com

ਸਨ। ਸੁੰਦਰਤਾ ਦੇ ਦਫਤਰ ਖੁਲ੍ਹੇ ਪਏ ਸਨ। ਮੈਂ ਇਹਨਾਂ ਨੂੰ ਪਰੋਖੇ ਕਿਵੇਂ ਕਰ ਦੇਂਦਾ ? ਇਹਨਾਂ ਦਾ ਠੀਕਮ-ਠੀਕ ਰੂਪਾਂਤਰਨ ਕਰਨਾ ਸੀ ਆਪਣੀ ਮਾਤ-ਭਾਸ਼ਾ ਵਿਚ। ਅਪਭ੍ਰੰਸ਼ ਵਿਚ ਮੇਰੀ ਕੋਈ ਗਤੀ ਨਹੀਂ ਸੀ, ਇਕ ਵਾਰ ਫੇਰ ਦੇਹਧਾਰੀ ਉਸਤਾਦ ਦੀ ਲੋੜ ਮਹਿਸੂਸ ਹੋਈ। ਜਿਸ ਯੂਨੀਵਰਸਿਟੀ ਵਿਚ ਮੈਂ ੩੦-੩੫ ਸਾਲ ਗੁਜ਼ਾਰੇ ਸਨ, ਉਥੇ ਹੀ ਮੇਰੇ ਸੰਗ-ਸਾਥ ਡਾ. ਵਿਜੇਂਦਰ ਸਨਾਤਕ ਚਲਦਾ ਰਿਹਾ ਸੀ। ਵਿਦਵਾਨ ਵੀ ਤੇ ਭਲਾ ਇਨਸਾਨ ਵੀ। ਐਮ.ਏ. ਹਿੰਦੀ ਕਲਾਸ ਨੂੰ ਅਪਭ੍ਰੰਸ਼ ਦਾ ਪਰਚਾ ਉਹੋ ਪੜ੍ਹਾਉਂਦਾ ਸੀ। ਸੋਚਿਆ ਇਸ ਪੁਰਾਣੇ ਮਿੱਤਰ ਦਾ ਦਰ ਖੜਕਾਇਆ ਜਾਏ। ਉਮਰ ਭਰ ਕਦੇ ਇਹਦੇ ਘਰ ਨਹੀਂ ਸਾਂ ਗਿਆ। ਹੁਣ ਅਪਭ੍ਰੰਸ਼ ਸੁੰਦਰੀ ਦਾ ਹੁਕਮ ਹੋਇਆ, ਤਾਂ ਸਿਰਤੋੜ ਉੱਠ ਨੱਠਾ, ਸ਼ਰਮ-ਕੁਸ਼ਰਮ ਵਿਸਾਰ ਕੇ। ਪੁਛਦਾ-ਪੁਛਾਂਦਾ, ਆਪਣੀ ਬੇਨਤੀ ਸਮੇਤ ਉਹਦੇ ਡੇਰੇ ਜਾ ਪਹੁੰਚਾ। ਇਹ ਸਿੱਧ ਪੁਰਖ ਆਪਣੇ ਡੇਰੇ ਹੀ ਬਿਰਾਜਮਾਨ ਸੀ। ਗਰਮੀਆਂ ਦੀ ਰੁਤੇ, ਇਕ ਲੰਗੋਟੀ ਵਿਚ ਪੜ੍ਹਣ ਦਾ ਸ਼ੌਕ ਪਾਲ ਰਿਹਾ ਸੀ। ਉਮਰ ਵਿਚ ਮੈਥੋਂ ਦਸ ਕੁ ਵਰ੍ਹੇ ਵੱਡਾ। ਜੀ ਖੁਸ਼ ਹੋਇਆ ਕਿ ਮੈਂ ਇਕੱਲਾ ਨਹੀਂ। ਤਪਦੇ ਦਿਨਾਂ ਵਿਚ ਦੁਪਹਿਰ ਵੇਲੇ ਸੁਰਸਤੀ ਦੀ ਸਾਧਨਾ ਕਰਨ ਵਾਲੇ ਹੋਰ ਵੀ ਕਈ ਨੇ ਮੇਰੇ ਜਿਹੇ ਸਿਰਫਿਰੇ। ਮੈਨੂੰ ਵੇਖ ਕੇ ਹੈਰਾਨ ਹੋਇਆ 'ਸੋਚਾਂ ਵਿਚ ਰੱਬ ਪੈ ਗਿਆ ਦੂਜਾ ਚੰਨ ਕਿਧਰੋਂ ਚੜ੍ਹ ਆਇਆ ?' ਪਾਣੀ-ਧਾਣੀ ਦੀ ਸਹਿਜ ਸੇਵਾ ਕਰਕੇ ਪੁਛਣ ਲੱਗਾ, 'ਕਿਵੇਂ ਦਰਸ਼ਨ ਦਿੱਤੇ ?' ਮੈਂ ਆਪਣਾ ਮਨੋਰਥ ਦਸਿਆ ਤਾਂ ਸਰਲ ਤੇ ਸੁਛ ਹਾਸਾ ਖਲਾਰਦਾ ਕਹਿਣ ਲੱਗਾ, "ਕਿੱਥੇ ਆ ਗਏ ਓ ਸੰਤ ਜੀ। ਅਪਭ੍ਰੰਸ਼ ਮੈਂ ਪੜ੍ਹਾਈ ਜ਼ਰੂਰ ਸੀ। ਪਰ ਇਹ ਦਾ ਵਿਸ਼ੇਸ਼ਗ ਮੈਂ ਨਹੀਂ ਖੈਰ ਆਏ ਹੋ ਤਾਂ ਇਕ ਕਿਤਾਬ ਲੈਂਦੇ ਜਾਓ : ਅਪਭ੍ਰੰਸ਼ ਗ੍ਰੰਥ ਸੰਦੇਸ਼ ਰਾਸਕ ਦਾ ਹਿੰਦੀ ਅਨੁਵਾਦ। ਪੜ੍ਹ ਲਓ, ਸ਼ਾਇਦ ਤੁਹਾਡੇ ਕੰਮ ਆ ਜਾਏ।" ਸ਼ੁਕਰਗੁਜ਼ਾਰੀ ਤੇ ਲਾਚਾਰੀ ਦੋਹਾਂ ਦਾ ਇਕੋ ਵੇਲੇ ਅਨੁਭਵ। ਬਾਹਰ ਵੱਡੀ ਸੜਕ 'ਤੇ ਪਹੁੰਚਾ ਤਾਂ ਬੱਸ ਉਡੀਕਦਾ ਏਸ ਕਿਤਾਬ ਦੇ ਵਰਕੇ ਫਰੋਲਣ ਲੱਗਾ। ਉਸ ਵੇਲੇ ਸ਼ਾਲੀਮਾਰ ਸੜਕ ਵਾਲੇ ਝੱਲੇ ਦਾ ਅਸਲੋਂ-ਅਸਲ ਅਵਤਾਰ ਬਣਿਆ ਪਿਆ ਸਾਂ। ਇਸ ਕਿਤਾਬ ਨੇ ਮੇਰਾ ਚੋਖਾ ਕੰਮ ਸਾਰਿਆ। ਇਹ ਕਿਤਾਬ ਪੰਡਿਤ ਹਜ਼ਾਰੀ ਪ੍ਰਸਾਦ ਤੇ ਉਹਨਾਂ ਦੇ ਸ਼ਿਸ਼ ਵਿਸ਼ਵਨਾਥ ਤ੍ਰਿਪਾਠੀ ਦੀ ਸਾਂਝੀ ਕਿਰਤ ਹੈ। ਇਕ ਅੱਧੀ ਥਾਂ ਤਾਂ ਮੈਨੂੰ ਨਿਰਾ ਟੂੱਲ ਹੀ ਮਾਰਨਾ ਪਿਆ। ਪਰ ਕਿਵੇਂ ਨਾ ਕਿਵੇਂ ਇਹ ਵੈਤਰਨੀ ਮੈਂ ਪਾਰ ਕਰ ਹੀ ਗਿਆ। ਪਾਸ ਹੋਣ ਜੋਗੇ ਨੰਬਰ ਮੈਂ ਲੈ ਹੀ ਗਿਆ।

ਇਹ ਕਿਤਾਬ ਇਸ ਵੇਲੇ ਮੇਰੇ ਸਾਮ੍ਹਣੇ ਹੀ ਪਈ ਹੈ। ਮੈਂ ਇਹਦਾ ਨਾਂ ਰਖਿਆ : ਪ੍ਰਕਾਸ਼ ਪੁਰਬ। ਭਾਵੇਂ ਅਨੁਵਾਦਕ ਵਜੋਂ ਇਸ ਉੱਪਰ ਇਕੱਲਾ ਮੇਰਾ ਹੀ ਨਾਂ ਦਰਜ ਹੈ, ਪਰ ਅੰਦਰਖਾਨੇ ਮਨ ਪਾਪੀ ਤਾਂ ਜਾਣਦਾ ਹੈ ਕਿ ਮੈਥੋਂ ਬਿਨਾਂ ਪੰਜ ਹੋਰ ਵਿਦਵਾਨਾਂ ਦਾ ਵੀ ਇਸ ਪੁਸਤਕ ਦੇ ਰੂਪਮਾਨ ਹੋਣ ਵਿਚ ਹੱਥ ਹੈ। ਇਹਨਾਂ ਪ੍ਰਤੀ ਧੰਨਵਾਦ ਪ੍ਰਗਟਾਉਣ ਦਾ ਕੱਫਾਰਾ ਕਰਨ ਦਾ ਜਤਨ ਅਜ ਏਸ ਲੇਖ ਰਾਹੀਂ ਕਰ ਰਿਹਾ ਹਾਂ।

ਪਿਛਲੇ ਤੋਂ ਪਿਛਲੇ ਮਹੀਨੇ ਮਹਾ ਪੰਡਿਤ ਰਾਹੁਲ ਸਾਂਕ੍ਰਿਤਿਆਇਨ ਨੂੰ ਯਾਦ ਕੀਤਾ ਸੀ। ਉਹਨੂੰ ਪੜ੍ਹ ਕੇ ਬਠਿੰਡੇ ਦੇ ਪ੍ਰੋਫੈਸਰ ਗੁਰਬਚਨ ਸਿੰਘ ਨੇ ਮੈਨੂੰ ਇਕ ਚਿੱਠੀ ਭੇਜੀ ਹੈ। ਉਹਨਾਂ ਨੂੰ ਮੇਰੀਆਂ ਕੁਝ ਗੱਲਾਂ 'ਮਹਾ ਪੰਡਿਤ ਰਾਹੁਲ ਸਾਂਕ੍ਰਿਤਿਆਇਨ ਜਿਹੇ ਮਹਾ ਮਾਨਵ ਬਾਰੇ ਭਾਵਪੂਰਤ ਟਿੱਪਣੀਆਂ' ਲੱਗੀਆਂ ਹਨ। ਪਰ ਉਹਨਾਂ ਇਹ ਵੀ ਲਿਖਿਆ ਹੈ ਕਿ "ਪੰਜਾਬੀ ਤੇ ਹਿੰਦੀ ਦੇ ਵਿਦਵਾਨ, ਡਾ. ਹਰਿਭਜਨ ਸਿੰਘ ਤੋਂ ਰਾਹੁਲ ਜੀ ਬਾਰੇ ਪ੍ਰਮਾਣਿਕ ਜਾਣਕਾਰੀ ਦੀ ਆਸ ਸੀ, ਉਸ ਤੋਂ ਨਿਰਾਸ਼ਾ ਹੋਈ ਹੈ।" ਹਥਲੇ ਲੇਖ ਨੂੰ ਪੜ੍ਹ ਕੇ ਸ਼ਾਇਦ ਉਹ ਪਛਾਣ ਲੈਣਗੇ ਕਿ ਮੈਂ ਤਾਂ ਅਜੇ ਮਸਾਂ ਵਿਦਿਆਰਥੀ ਹੀ ਅਖਵਾਉਣ ਜੋਗ ਹੋਇਆ ਹਾਂ। ਵਿਦਵਾਨ ਜਿਹੇ ਉਸਤਤਿਕਾਰੀ ਵਿਸ਼ੇਸ਼ਣ ਦੇ ਤਾਂ ਮੈਂ ਨੇੜੇ-ਤੇੜੇ ਵੀ ਨਹੀਂ ਪਹੁੰਚਾ। ਅਜੇ ਮੈਂ ਮਿੱਟੀ ਦਾ ਦੀਵਾ ਹੀ ਹਾਂ, ਚਾਨਣ ਦੀ ਤਲਾਸ਼ ਵਿਚ ਏਧਰ ਓਧਰ ਭਟਕ ਰਿਹਾ ਹਾਂ, ਬਸ।

*(ਆਰਸੀ ਜੁਲਾਈ ੯੩ ਚੋਂ ਧੰਨਵਾਦ ਸਹਿਤ ਸਤੰਬਰ ੧੯੯੩ ਦੇ ਵਰਿਆਮ ਵਿਚ ਪ੍ਰਕਾਸ਼ਤ।)*

## ਡਾ. ਹਰਿਭਜਨ ਸਿੰਘ ਨਮਿਤ ਸ਼ਰਧਾਂਜਲੀ ਸਮਾਰੋਹ

ਨਵੀਂ ਦਿੱਲੀ—ਪੰਜਾਬੀ ਹਿੰਦੀ ਦੇ ਪ੍ਰਸਿੱਧ ਵਿਦਵਾਨ ਸਮਾਲੋਚਕ, ਕਵੀ ਵਾਰਤਕਕਾਰ ਤੇ ਚਿੰਤਕ ਡਾਕਟਰ ਹਰਿਭਜਨ ਸਿੰਘ ਦੀ ਅੰਤਿਮ ਅਰਦਾਸ ੨ ਅਕਤੂਬਰ ੨੦੦੨ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਨਸਰੋਵਰ ਗਾਰਡਨ, ਨਵੀਂ ਦਿੱਲੀ ਵਿਚ ਕੀਤੀ ਗਈ। ਇਸ ਸਮੇਂ ਡਾਕਟਰ ਸਾਹਿਬ ਦੇ ਪ੍ਰਸੰਸਕਾਂ ਤੇ ਮਿੱਤਰ ਪਿਆਰਿਆਂ ਵਿਚ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਡਾ. ਹਰਿਭਜਨ ਸਿੰਘ ਯਾਦਗਾਰੀ ਟ੍ਰਸਟ ਬਣਾਉਣ ਦੀ ਰੂਪ ਰੇਖਾ ਤਿਆਰ ਕੀਤੀ ਜਾ ਰਹੀ ਹੈ। ਛੇਤੀ ਹੀ ਇਸ ਟ੍ਰੱਸਟ ਦਾ ਐਲਾਨ ਕੀਤਾ ਜਾਵੇਗਾ।

ਡਾਕਟਰ ਸਾਹਿਬ ੨੧ ਅਕਤੂਬਰ ਨੂੰ ਚੜ੍ਹਾਈ ਕਰ ਗਏ ਸਨ। ਉਹਨਾਂ ਦੀ ਉਮਰ ੮੩ ਕੁ ਸਾਲ ਦੀ ਸੀ। ਆਪਣੀ ਲਗਨ ਮਿਹਨਤ ਨਾਲ ਡਾਕਟਰ ਸਾਹਿਬ ਸਿਫਰ ਤੋਂ ਸਿਖਰ ਤੱਕ ਪਹੁੰਚੇ। ਉਹ ਅਧਿਆਪਕ ਤੇ ਸਾਹਿਤਕ ਜਗਤ ਵਿਚ ਛਾਏ ਰਹੇ। ਉਹ ਦਿੱਲੀ ਯੂਨੀਵਰਸਿਟੀ ਦੇ ਭਾਰਤੀ



Namdhari Elibrary NamdhariElibrary@gmail.com

ਭਾਸ਼ਾਵਾਂ ਵਿਭਾਗ ਦੇ ਮੁਖੀ ਰਹੇ। ਉਹ ਪ੍ਰੋਫੈਸਰ ਐਮਰੀਟਸ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਉਹ ਬਿਮਾਰ ਸਨ ਪਰ ਦਿਮਾਗੀ ਤੌਰ ਤੇ ਪੂਰੇ ਤੰਦਰੁਸਤ ਸਨ। ਸੋ ਉਹਨਾਂ ਅਧਿਐਨ ਕਾਰਜ ਦੇ ਨਾਲ ਨਾਲ ਲਿਖਣ ਦਾ ਕਾਰਜ ਵੀ ਜਾਰੀ ਰੱਖਿਆ। ਉਹਨਾਂ ਨੂੰ ਸਾਹਿਤ ਅਕਾਡਮੀ ਅਵਾਰਡ, ਸਰਸਵਤੀ ਅਵਾਰਡ ਕਬੀਰ ਅਵਾਰਡ ਆਦਿ ਨਾਲ ਸਨਮਾਨਿਤ ਕੀਤਾ ਗਿਆ। ਜਦ ਉਹ ਕਿਤੇ ਜਾਣ ਤੋਂ ਸਰੀਰਕ ਤੌਰ ਤੇ ਅਸਮਰਥ ਸਨ ਤਾਂ ਸਰਕਾਰਾਂ ਯੂਨੀਵਰਸਿਟੀਆਂ ਤੇ ਹੋਰ ਅਦਾਰਿਆਂ ਨੇ ਉਹਨਾਂ ਨੂੰ ਘਰ ਆ ਕੇ ਸਨਮਾਨਿਤ ਕੀਤਾ।

ਡਾ. ਹਰਿਭਜਨ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ ਪ੍ਰਾਪਤ ਹੁੰਦਾ ਰਿਹਾ। ਡਾਕਟਰ ਸਾਹਿਬ ਨੇ ਨਾਮਧਾਰੀ ਸਾਹਿਤ, ਸੰਗੀਤ, ਜੀਵਨ ਜਾਚ, ਇਹਨਾਂ ਦੀ ਦੇਸ਼ ਭਗਤੀ ਤੇ ਪ੍ਰਭੂ ਭਗਤੀ ਬਾਰੇ ਉਚੇਚਾ ਲਿਖਿਆ। ਇਹਨਾਂ ਦੇ ਭੋਗ ਸਮੇਂ ਹੁਕਮ ਅਨੁਸਾਰ ਸੂਬਾ ਸੁਖਦੇਵ ਸਿੰਘ ਸਾਧ ਸੰਗਤ ਸਹਿਤ ਪੁੱਜੇ ਅਤੇ ਸ੍ਰੀ ਸਤਿਗੁਰੂ ਜੀ ਵਲੋਂ ਡਾਕਟਰ ਸਾਹਿਬ ਦੇ ਵੱਡੇ ਲੜਕੇ ਯੁਗਪਾਲ ਸਿੰਘ ਨੂੰ ਦਸਤਾਰ, ਮਾਲਾ, ਗੜਵਾ, ਲੋਈ ਭੇਟ ਕੀਤੇ।

ਡਾ. ਹਰਿਭਜਨ ਸਿੰਘ ਦੇ ਭੋਗ ਸਮੇਂ ਵੱਡੀ ਗਿਣਤੀ ਵਿਚ ਉਹਨਾਂ ਦੇ ਸੱਜਣ ਮਿੱਤਰ ਤੇ ਰਿਸ਼ਤੇਦਾਰ ਸ਼ਾਮਲ ਹੋਏ। ਇਹਨਾਂ ਵਿਚ ਦਿੱਲੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਅਕਾਦਮੀ ਦਿੱਲੀ ਤੇ ਹੋਰ ਕਈ ਸੰਸਥਾਵਾਂ ਦੇ ਪ੍ਰਤੀਨਿਧ ਹਾਜ਼ਰ ਹੋਏ।

ਡਾਕਟਰ ਸਾਹਿਬ ਪ੍ਰਤੀ ਆਪਣੀਆਂ ਸਾਂਝਾਂ ਤੇ ਉਹਨਾਂ ਦੀ ਸ਼ਖਸੀਅਤ ਨੂੰ ਆਧਾਰ ਬਣਾ ਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਆਏ—ਸ੍ਰੀ ਭੀਸ਼ਮ ਸਾਹਨੀ, ਡਾ. ਜਸਵੰਤ ਸਿੰਘ ਨੇਕੀ, ਡਾ. ਸਤਿੰਦਰ ਸਿੰਘ ਨੂਰ, ਸ੍ਰੀਮਤੀ ਪਦਮਾ ਸਚਦੇਵਾ, ਡਾ. ਕੁਲਜੀਤ ਸ਼ੈਲੀ, ਡਾ. ਸਤਿੰਦਰ ਸਿੰਘ, ਡਾ. ਜਗਜੀਤ ਸਿੰਘ (ਚੰਡੀਗੜ੍ਹ), ਸ੍ਰੀ ਮਦਨ ਲਾਲ ਹਸੀਜਾ (ਪਟਿਆਲਾ), ਡਾ. ਮਨਜੀਤ ਸਿੰਘ, ਤਾਰਾ ਸਿੰਘ ਅਨਜਾਣ ਅਤੇ ਸ. ਮਹਿੰਦਰ ਸਿੰਘ ਭੁੱਲਰ, ਸ. ਗੁਰਬਚਨ ਸਿੰਘ ਭੁੱਲਰ ਸਾਰਿਆਂ ਨੇ ਡਾਕਟਰ ਸਾਹਿਬ ਦੇ ਗਰੀਬੀ ਤੋਂ ਉੱਠ ਕੇ ਸਾਹਿਤ ਦੀਆਂ ਸਿਖਰਾਂ ਛੋਹਣ, ਅਧਿਆਪਕ ਕਾਰਜ ਤੇ ਪਾਠ-ਪੁਸਤਕਾਂ ਤਿਆਰ ਕਰਨ ਵਿਚ ਉਹਨਾਂ ਦੀ ਵਿਲੱਖਣਤਾ, ਬਹੁਤ ਉੱਚੀ ਹਸਤੀ ਹੋਣ ਦੇ ਬਾਵਜੂਦ ਬੜੇ ਨਿਮਰ ਸੁਭਾ, ਹਲੀਮੀ, ਸਹਿਜ ਅਵਸਥਾ ਉਹਨਾਂ ਦੀ ਆਖਰੀ ਸਮੇਂ ਤੱਕ ਪੜ੍ਹਨ ਲਿਖਣ ਦੀ ਉੱਦਮ ਦੀ ਪ੍ਰਸੰਸਾ ਕੀਤੀ।

## ਰੰਗੂਨ ਵਾਲਾ ਬੰਗਲਾ

*—ਹਰਵਿੰਦਰ ਸਿੰਘ ਹੰਸਪਾਲ*

'ਰੰਗੂਨ' ਸ਼ਬਦ ਨਾਮਧਾਰੀ ਸਿੱਖਾਂ ਲਈ ਓਪਰਾ ਨਹੀਂ ਹੈ। ਸਾਰਾ ਨਾਮਧਾਰੀ ਪੰਥ ਭਾਵਨਾਤਮਕ ਰੂਪ ਵਿੱਚ ਇਸ ਨਾਲ ਜੁੜਿਆ ਹੋਇਆ ਹੈ। ਭਾਰਤ ਦੇ ਪੂਰਬ ਵਿੱਚ ਵੱਸਿਆ ਹੋਇਆ ਬਰ੍ਹਮਾ ਦੇਸ਼, ਜਿਸ ਨੂੰ ਹੁਣ 'ਮਯਮਾਰ' ਆਖਦੇ ਹਨ, ਦਾ ਸ਼ਹਿਰ ਰੰਗੂਨ (ਯੰਗੂਨ) ਲਗਭਗ ਸਵਾ ਸਦੀ ਤੋਂ ਨਾਮਧਾਰੀ ਸਿੱਖਾਂ ਦੇ ਦਿਲਾਂ ਵਿੱਚ ਛਾਇਆ ਹੋਇਆ ਹੈ। ਇਸ ਸ਼ਹਿਰ ਦਾ ਨਾਂ ਸੁਣਦਿਆਂ ਹੀ ਸ਼ਰਧਾਲੂਆਂ ਦਾ ਹੌਕਾ ਨਿਕਲ ਜਾਂਦਾ ਹੈ ਅਤੇ ਪ੍ਰਦੇਸ ਗਏ 'ਚੀਨੀ ਵਾਲੇ ਪਾਤਸ਼ਾਹ' ਸ੍ਰੀ ਸਤਿਗੁਰੂ ਰਾਮ ਸਿੰਘ ਜੀ ਯਾਦ ਆ ਜਾਂਦੇ ਹਨ।

ਇਕ ਸੌ ਤੀਹ ਸਾਲ ਪਹਿਲਾਂ ਭਾਰਤ ਤੇ ਰਾਜ ਕਰ ਰਹੀ ਬ੍ਰਿਟਿਸ਼ ਸਰਕਾਰ ਨੇ ਆਪਣਾ ਭਾਰਤੀ ਸਮਾਜ ਬਚਾਈ ਰੱਖਣ ਦੇ ਜਤਨਾਂ ਵਜੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ੧੮੭੨ ਈ. ਵਿੱਚ ਰੰਗੂਨ ਭੇਜ ਦਿੱਤਾ ਸੀ। ਉੱਥੇ ਲਗਪਗ ਛੇ ਮਹੀਨੇ ਤੱਕ ਸਤਿਗੁਰੂ ਜੀ ਰੰਗੂਨ ਦੀ ਸੈਂਟਰਲ ਜੇਲ੍ਹ ਦੇ ਯੂਰਪੀਅਨ ਵਾਰਡ ਦੇ ਨੇੜੇ ਦੋ ਛੱਤੇ ਮਕਾਨ ਵਿਚ ਰਹੇ ਅਤੇ ਫੇਰ ਛਾਵਨੀ ਇਲਾਕੇ ਦੇ ਵਿਸ਼ੇਸ਼ ਨਿਗਰਾਨੀ ਲਈ ਬਣੇ ਉਸ ਬੰਗਲੇ ਵਿੱਚ ਭੇਜ ਦਿੱਤਾ ਗਿਆ, ਜਿਸ ਵਿਚ ਪਹਿਲਾਂ ਦਿੱਲੀ ਦੇ ਆਖ਼ਰੀ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ 'ਜ਼ਫਰ' ਨੂੰ ਰੱਖਿਆ ਗਿਆ ਸੀ। ਇਹ ਬੰਗਲਾ ਰੰਗੂਨ ਦੇ ਸਭ ਤੋਂ ਪਵਿੱਤ੍ਰ, ਵੱਡੇ ਅਤੇ ਮਸ਼ਹੂਰ ਬੋਧੀ ਮੰਦਰ 'ਸਿਵੇਡਗੋਨ ਪੈਗੋਡਾ' ਦੇ ਨੇੜੇ ਵਾਇਲਜ਼ ਰੋਡ, ਜਿਸ ਨੂੰ ਹੁਣ ਊ ਵਿਜ਼ਾਰਾ ਰੋਡ ਆਖਦੇ ਹਨ, ਤੇ ਸੀ।

ਬਹਾਦੁਰ ਸ਼ਾਹ 'ਜ਼ਫਰ' ੧੮੬੨ ਈ. ਵਿੱਚ ਚੜ੍ਹਾਈ ਕਰ ਗਿਆ ਸੀ ਅਤੇ ਉਸ ਦੀ ਬੇਗਮ ਜ਼ੀਨਤ ਮਹਲ ਨੇ ੧੮੬੬ ਈ. ਵਿੱਚ ਇਹ ਬੰਗਲਾ ਖਾਲੀ ਕਰ ਦਿੱਤਾ। ਬਰਮਾ ਸਰਕਾਰ ਨੇ ਉਸ ਬੰਗਲੇ ਨੂੰ ਰੰਗੂਨ ਛਾਵਨੀ ਇਲਾਕੇ ਦਾ ਡਾਕਘਰ ਬਣਾ ਦਿੱਤਾ ਸੀ। ਸੰਨ ੧੮੭੨ ਈ. ਵਿੱਚ ਇਸ ਡਾਕਘਰ ਨੂੰ ਕਿਸੇ ਹੋਰ ਥਾਂ ਤੇ ਬਦਲਕੇ ਬੰਗਲਾ ਖ਼ਾਲੀ ਕਰਵਾਕੇ ਅਤੇ ਲੋੜੀਂਦੀ ਮੁਰੰਮਤ ਕਰਵਾਕੇ ਸਤਿਗੁਰੂ ਰਾਮ ਸਿੰਘ ਜੀ ਦੇ ਨਿਵਾਸ ਲਈ ਦੇ ਦਿੱਤਾ। ਬੰਗਲੇ ਦੇ ਖੱਬੇ ਪਾਸੇ ਨਾਲ ਹੀ ਸੜਕ ਪਾਰ ਕਰਕੇ ਸਦਰ ਬਜ਼ਾਰ ਸੀ ਜਿਥੇ ਲੋਕ ਲੋੜ ਅਨੁਸਾਰ ਸਮਾਨ ਖ਼ਰੀਦ ਸਕਦੇ ਸਨ।

ਵਾਇਲਜ਼ ਰੋਡ ਅਤੇ ਛਾਵਨੀ ਇਲਾਕੇ ਵਿਚ ਆਮ ਲੋਕਾਂ ਦੇ ਆਉਣ ਜਾਣ ਤੇ ਕੋਈ ਰੋਕ ਨਹੀਂ ਸੀ, ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬੰਗਲੇ ਦੀ ਪੂਰੀ ਮੁਸਤੈਦੀ ਨਾਲ



Namdhari Elibrary NamdhariElibrary@gmail.com

ਨਿਗਰਾਨੀ ਕੀਤੀ ਜਾਂਦੀ ਸੀ। ਪਾਬੰਦੀ ਕੇਵਲ ਇਹ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਿਸੇ ਬਾਹਰੀ ਵਿਅਕਤੀ ਨਾਲ ਮਿਲ ਨਹੀਂ ਸਨ ਸਕਦੇ ਅਤੇ ਨਾ ਹੀ ਖਤ-ਪੱਤਰ ਹੀ ਕਰ ਸਕਦੇ ਸਨ। ਫਿਰ ਵੀ ਸਤਿਗੁਰੂ ਹਰੀ ਸਿੰਘ ਜੀ ਦੀ ਪ੍ਰੇਰਨਾ ਨਾਲ ਲਗਾਤਾਰ ਨਾਮਧਾਰੀ ਸਿੰਘ ਗੁਪਤ ਰੂਪ ਵਿੱਚ ਰੰਗੂਨ ਜਾ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਹੁਕਮਨਾਮੇ ਲਿਆਉਂਦੇ ਰਹੇ। ਬ੍ਰਿਟਿਸ਼ ਸਰਕਾਰ ਨੂੰ ਜਦੋਂ ਇਹਨਾਂ ਯਾਤਰਾਵਾਂ ਦਾ ਪਤਾ ਲੱਗਾ ਤਾਂ ਉਸਨੇ ਬਰਮਾ ਸਰਕਾਰ ਨੂੰ 'ਸ਼ਾਹੀ ਕੈਦੀ' ਦੀ ਨਿਗਰਾਨੀ ਹੋਰ ਕਰੜੀ ਕਰਨ ਦਾ ਹੁਕਮ ਦੇ ਦਿੱਤਾ। ਉਸ ਸਮੇਂ, ੧੯੨੨ ਈ ਵਿਚ ਜੇਲ੍ਹ ਅਧਿਕਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਵਾਲੇ ਬੰਗਲੇ ਦਾ ਨਕਸ਼ਾ (Plan map) ਤਿਆਰ ਕਰਵਾਕੇ ਸਰਕਾਰ ਪਾਸ ਭੇਜਿਆ ਤਾਂ ਜੋ ਉਸਨੂੰ ਦੇਖ, ਵਿਚਾਰ ਕੇ ਸਤਿਗੁਰੂ ਜੀ ਦਾ ਪਹਿਰਾ ਅਤੇ ਨਿਗਰਾਨੀ ਹੋਰ ਵਧਾਈ ਜਾ ਸਕੇ। ਉਸ ਨਕਸ਼ੇ ਦੀ ਇਕ ਕਾਪੀ ਭਾਰਤ ਸਰਕਾਰ ਦੇ ਨੈਸ਼ਨਲ ਆਰਕਾਇਵਜ਼ ਨਵੀਂ ਦਿੱਲੀ ਦੇ ਰਿਕਾਰਡ ਵਿਚ ਸੁਰੱਖਿਅਤ ਪਈ ਹੋਈ ਹੈ। ਇਸ ਦੇ ਅਧਾਰ ਤੇ ਇਕ ਮਾਡਲ ਸ੍ਰੀ ਸਤਿਗੁਰੂ ਜਗਜੀਤ ਜੀ ਦੀ ਪ੍ਰੇਰਨਾ ਅਤੇ ਕ੍ਰਿਪਾ ਨਾਲ ਬਣਾਇਆ ਗਿਆ ਹੈ। ਨਕਸ਼ੇ ਅਤੇ ਸਰਕਾਰੀ ਦਸਤਾਵੇਜ਼ ਵਿੱਚ ਦਰਜ ਜਾਣਕਾਰੀ ਅਨੁਸਾਰ ਬੰਗਲਾ ੪੪ ਫੁੱਟ ਲੰਮਾ ਅਤੇ ੪੪ ਫੁੱਟ ਹੀ ਚੌੜਾ ਦੋ ਛੱਤਾ ਬਣਿਆ ਹੋਇਆ ਸੀ। ਰਿਹਾਇਸ਼ ਉੱਪਰ ਕੀਤੀ ਜਾਂਦੀ ਸੀ ਜਿੱਥੇ ੧੬ ਫੁੱਟ × ੧੬ ਫੁੱਟ ਪੈਮਾਇਸ਼ ਦੇ ਚਾਰ ਕਮਰੇ ਅਤੇ ਨਾਲ ਗੁਸਲਖਾਨੇ ਬਣੇ ਹੋਏ ਸਨ। ਸਾਹਮਣੇ ਬਰਾਂਡਾ ਸੀ ਜਿੱਥੇ ਬੈਠਕੇ ਬਾਹਰ ਦਾ ਨਜ਼ਾਰਾ ਅਤੇ ਆਉਂਦੇ ਜਾਂਦਿਆਂ ਨੂੰ ਦੇਖਿਆ ਜਾ ਸਕਦਾ ਸੀ। ਪਹਿਲੀ ਛੱਤ ਦੀ ਉਚਾਈ ੯ ਫੁੱਟ ਸੀ। ਬੰਗਲੇ ਦੇ ਉਪਰਲੇ ਕਮਰੇ, ਫਰਸ਼ ਅਤੇ ਪੌੜੀਆਂ ਲੱਕੜੀ ਦੇ ਬਣੇ ਹੋਏ ਸਨ ਅਤੇ ਥੱਲੇ ਇੱਟਾਂ ਦੇ ਬਣੇ ਹੋਏ ਦੋ ਕਮਰੇ ਅਤੇ ਇਕ ਰਸੋਈ ਸੀ। ਬੰਗਲੇ ਦੇ ਚਾਰ ਚੁਫੇਰੇ ਪਾਣੀ ਦੀ ਨਿਕਾਸੀ ਲਈ ਨਾਲੀ ਬਣੀ ਹੋਈ ਸੀ। ਉੱਪਰ ਜਿਹੜਾ ਬਰਾਂਡਾ ਸੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਸਰ ਇੱਥੇ ਹੀ ਬੈਠਦੇ ਸਨ ਅਤੇ ਪੰਜਾਬ ਤੋਂ ਆਏ ਸਿੰਘਾਂ ਨੂੰ ਦਰਸ਼ਨ ਦਿੰਦੇ ਅਤੇ ਮੌਕੇ ਅਨੁਸਾਰ ਸੰਕੇਤ ਵੀ ਕਰਦੇ ਸਨ।

ਸੁਰੱਖਿਆ ਹਿਤ ਬੰਗਲੇ ਦੇ ਚਾਰ ਚੁਫੇਰੇ ਲਗਭਗ ੧੦੦ ਫੁੱਟ × ੧੦੦ ਫੁੱਟ ਘੇਰੇ ਦਾ ਲੱਕੜੀ ਦਾ ਬਣਿਆ ਹੋਇਆ ਸਾਢੇ ਅੱਠ ਫੁੱਟ ਉੱਚਾ ਜੰਗਲਾ ਲੱਗਿਆ ਹੋਇਆ ਸੀ ਅਤੇ ਇਸ ਜੰਗਲੇ ਦੇ ਬਾਹਰਵਾਰ ਲਗਭਗ ੩ ਫੁੱਟ ਥਾਂ ਛੱਡਕੇ ਪੰਜ ਫੁੱਟ ਚੌੜੀ ਪਾਣੀ ਨਾਲ ਭਰੀ ਹੋਈ ਖਾਈ ਸੀ। ਇਸ ਖਾਈ ਤੋਂ ਬਾਅਦ ਸਾਢੇ ਤਿੰਨ ਕੁ ਫੁੱਟ ਚੌੜੀ ਚਾਰ ਚੁਫੇਰੇ ਥਾਂ ਛੱਡੀ ਹੋਈ ਸੀ, ਜਿਸ ਵਿਚ ਪਹਿਰਾ ਦੇਣ ਵਾਲੇ ਸਿਪਾਹੀ ਤੁਰ ਫਿਰ ਸਕਦੇ ਸਨ। ਚਾਰਾਂ ਕੋਨਿਆਂ ਵਿਚ ਸਿਪਾਹੀਆਂ ਦੇ ਖਲ੍ਹੋ ਕੇ ਪਹਿਰਾ ਦੇਣ ਲਈ ਦੋ ਵੱਡੇ ਅਤੇ ਦੋ ਛੋਟੇ 'ਸੰਤਰੀ ਬੌਕਸ' ਬਣੇ ਹੋਏ ਸਨ। ਬੰਗਲੇ ਦੇ ਸੱਜੇ ਪਾਸੇ ਇਕ ਖੂਹੀ ਲੱਗੀ ਹੋਈ ਸੀ ਜੋ ਸਰਕਾਰ ਨੇ ਸ੍ਰੀ ਸਤਿਗੁਰੂ ਜੀ ਦੀ ਮਰਯਾਦਾ ਨੂੰ ਧਿਆਨ ਵਿੱਚ ਰੱਖਕੇ ਉਚੇਚੇ ਤੌਰ ਤੇ ਲਗਵਾਈ ਸੀ ਅਤੇ ਦੁੱਧ ਲਈ ਇਕ ਗਊ ਵੀ ਖਰੀਦ ਕੇ ਦਿੱਤੀ ਗਈ ਸੀ।

ਵਾਇਲਜ਼ ਰੋਡ ਵਾਲੇ ਪਾਸਿਓਂ ਬੰਗਲੇ ਨੂੰ ਕੋਈ ਗੇਟ ਨਹੀਂ ਸੀ ਦਿੱਤਾ ਹੋਇਆ, ਸਗੋਂ ਬੰਗਲੇ ਦੇ ਸੱਜੇ ਪਾਸੇ ਫੌਜੀਆਂ ਦੀਆਂ ਬੈਰਕਾਂ 'ਮੇਨ ਗਾਰਡ' ਸਨ, ਇਸ ਪਾਸੇ ਵਲੋਂ ਹੀ ਖਾਈ ਦੇ ਉੱਤੋਂ ਦੀ ਲੰਘਣ ਲਈ ਗੇਟ ਬਣਿਆ ਹੋਇਆ ਸੀ। ਬੱਘੀ ਜੋ ਸ੍ਰੀ ਸਤਿਗੁਰੂ ਜੀ ਨੂੰ ਸੈਰ ਕਰਵਾਉਣ ਵਾਸਤੇ ਆਉਂਦੀ ਸੀ। ਅਤੇ ਹੋਰ ਸਭਨਾਂ ਦਾ ਔਣਾ ਜਾਣਾ ਇਸੇ ਪਾਸੇ ਤੋਂ ਹੀ ਹੁੰਦਾ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਚੀਨੀ ਵਾਲੇ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਲੱਖਾਂ ਹੀ ਅਖੰਡ ਪਾਠ ਤੇ ਸਧਾਰਨ ਪਾਠ, ਯਗ ਅਤੇ ਵਰਨੀਆਂ ਕਰਵਾਈਆਂ ਹਨ। ਬਰ੍ਹਮਾ ਜਾ ਕੇ ਸਤਿਗੁਰੂ ਜੀ ਬਾਰੇ ਖੋਜ ਕਰਨ ਲਈ ਕਈ ਵਾਰੀ ਇਤਿਹਾਸਕਾਰਾਂ ਨੂੰ ਭੇਜਿਆ ਤਾਂ ਜੋ ਹਰ ਤਰ੍ਹਾਂ ਦੀ ਪ੍ਰਮਾਣੀਕ ਜਾਣਕਾਰੀ ਇਕੱਤ੍ਰ ਕੀਤੀ ਜਾ ਸਕੇ। ਸ੍ਰੀ ਸਤਿਗੁਰੂ ਜੀ ਦੇ ਇਹਨਾਂ ਜਤਨਾਂ ਅਤੇ ਕਿਰਪਾ ਸਦਕਾ ਹੀ ਬੰਗਲੇ ਬਾਰੇ ਠੋਸ ਜਾਣਕਾਰੀ ਪ੍ਰਾਪਤ ਹੋਈ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਅਤੇ ਪ੍ਰੇਰਣਾ ਸਦਕਾ ਹੀ ਸ. ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਸ. ਗੁਰਦੇਵ ਸਿੰਘ ਰੂਪਰਾਏ ਨੇ ਮਿਲਕੇ ਇਹ ਮਾਡਲ ਤਿਆਰ ਕੀਤਾ ਹੈ। ਦਸਤਾਵੇਜ਼ਾਂ ਦੀ ਇਤਿਹਾਸਕਤਾ ਅਤੇ ਪ੍ਰਮਾਣਿਕਤਾ ਬਾਰੇ ਜਸਵਿੰਦਰ ਸਿੰਘ ਹਿਸਟੋਰੀਅਨ ਨੂੰ ਬਹੁਤ ਜਾਣਕਾਰੀ ਹੈ ਅਤੇ ਸੁੰਦਰ ਮਾਡਲ ਬਨਾਉਣ ਦੀ ਕਾਰੀਗਰੀ ਸ. ਗੁਰਦੇਵ ਸਿੰਘ ਰੂਪਰਾਏ ਦੀ ਹੈ। ਦੋਨ੍ਹਾਂ ਨੇ ਬਾਰ ਬਾਰ ਬੰਗਲੇ ਦੇ ਨਕਸ਼ੇ ਅਤੇ ਦਸਤਾਵੇਜ਼ਾਂ ਦਾ ਅਧਿਐਨ ਕਰਕੇ ਇਸ ਮਾਡਲ ਨੂੰ ਬਹੁਤ ਮੇਹਨਤ ਤਿਆਰ ਕੀਤਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕੀਤੇ ਗਏ ਇਸ ਮਾਡਲ ਨੂੰ ਦੇਖਕੇ ਆਸ ਕਰਦੇ ਹਾਂ, ਸ਼ਰਧਾਲੂਜਨ, ਰੰਗੂਨ ਵਾਲੇ ਬੰਗਲੇ ਨਾਲ ਭਾਵਨਾਤਮਿਕ ਰੂਪ ਵਿਚ ਹੋਰ ਜੁੜ ਸਕਣਗੇ।

*ਪ੍ਰਧਾਨ ਨਾਮਧਾਰੀ ਦਰਬਾਰ*
*ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ*

*(ਇਸ ਮਾਡਲ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਦਿਆਂ ਦੀ ਤਸਵੀਰ ਵਰਿਆਮ ਦੇ ਇਸੇ ਅੰਕ ਦੇ ਟਾਈਟਲ ਆਖਰੀ ਸਫੇ ਤੇ ਛਪੀ ਹੈ—ਸੰਪਾਦਕ)*



Namdhari Elibrary NamdhariElibrary@gmail.com



NS

# NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼



## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ

ਫੁਲ ਗੋਭੀ : N.S. 60, N.S. 84 ਅਤੇ N.S. 90

ਭਿੰਡੀ : ਅਰਕਾ ਅਨਾਮਿਕਾ

ਤਰਬੂਜ਼ : N.S. 295 (ਸਮਰ ਸਵੀਟ) N.S. 246 ਅਤੇ N.S. 2332

ਖਰਬੂਜਾ : N.S. 7455 ਅਤੇ ਅਭਿਜੀਤ

ਲੌਕੀ (ਘੀਆ) : ਕਾਵੇਰੀ

ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ



**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰਾ: ਲਿ:

Head Office:

**Namdhari Seeds Pvt. Ltd.**

Bidadi - Banglore (India)

Tel. : 080 - 72 82 653
72 82 654

City Office:080- 8602167

Fax :080 8602168



ਰੀਜਨਲ ਆਫਿਸ : ਪਿੰਡ ਗਈਆਂ ਕੁਹਾੜਾ ਮਾਛੀਵਾੜਾ ਰੋਡ ਜ਼ਿਲਾ ਲੁਧਿਆਣਾ

ਫੋਨ : 0161- 834036, 834420

ਮੋਬਾਇਲ : 98141-33109


Namdhari Elibrary NamdhariElibrary@gmail.com

# ਸ. ਅਜੀਤ ਸਿੰਘ—ਅਮਰ ਸ਼ਹੀਦ

*—ਸੁਰਜੀਤ ਸਿੰਘ ਜੀਤ, ਲੰਡਨ*

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕੁਝ ਹੀਰੇ ਹਾਲੇ ਵੀ ਰਾਜਸੀ ਪਾਰਟੀਆਂ ਦੀਆਂ ਪ੍ਰਚਾਰ ਦੀਵਾਰਾਂ ਪਿਛੇ ਚਮਕਾਂ ਮਾਰ ਰਹੇ ਹਨ। ਕਦੀ ਕਦੀ ਕੋਈ ਇਤਿਹਾਸਕਾਰ ਉਨ੍ਹਾਂ ਨੂੰ ਰੁਸ਼ਨਾਉਣ ਦਾ ਯਤਨ ਕਰਦਾ ਹੈ। ਚਮਕ ਤਾਂ ਉਸ ਵਿਚ ਪਹਿਲਾਂ ਹੀ ਹੁੰਦੀ ਹੈ, ਫਿਰ ਵੀ ਦੁਨੀਆਂ ਸਾਹਮਣੇ ਲਿਆਉਣ ਦਾ ਯਤਨ ਕਰਦਾ ਹੈ। ਇਨ੍ਹਾਂ ਹੀਰਿਆਂ ਵਿਚੋਂ ਇਕ ਸਰਦਾਰ ਅਜੀਤ ਸਿੰਘ (ਚਾਚਾ ਸਰਦਾਰ ਸ਼ਹੀਦ ਭਗਤ ਸਿੰਘ) ਪੰਜਾਬੀ ਹੀਰਾ ਨਵੇਂ ਜ਼ਮਾਨਾ ਅਖਬਾਰ ਦੇ ਐਤਵਾਰਤਾ ਅੰਕ ਵਿਚ ਡਾ. ਪ੍ਰੇਮ ਸਿੰਘ ਵਲੋਂ ਰੁਸ਼ਨਾਇਆ ਗਿਆ। ਸ਼ਹੀਦ ਭਗਤ ਸਿੰਘ ਬਾਬਤ ਬਹੁਤ ਸਾਰੀਆ ਫਿਲਮਾ ਬਣੀਆ, ਪ੍ਰੰਤੂ ਹਰ ਪ੍ਰੋਡਿਊਸਰ ਤੇ ਨਿਰਦੇਸ਼ਕ ਨੇ ਆਪਣੀ ਹੀ ਤਿਜੋਰੀ ਭਰਨ ਦਾ ਯਤਨ ਕੀਤਾ, ਫਿਰ ਵੀ ਕੁਝ ਇਤਿਹਾਸਕ ਤੱਥ ਸਾਹਮਣੇ ਆਏ, ਭਾਵੇਂ ਉਨ੍ਹਾਂ ਨੂੰ ਮਿਥਿਆਸ ਦੀ ਚਾਸਣੀ ਚਾੜ੍ਹਨ ਦਾ ਯਤਨ ਕੀਤਾ ਗਿਆ। ਇਨ੍ਹਾਂ ਫਿਲਮਾਂ ਵਿਚ ਇਕ ਘਾਟ ਇਹ ਸੀ ਕਿ ਸ਼ਹੀਦ ਭਗਤ ਸਿੰਘ ਦੇ ਪ੍ਰੇਰਣਾ ਸ੍ਰੋਤ ਉਸ ਦੇ ਮਹਾਨ ਚਾਚਾ ਸ਼ਹੀਦ ਅਜੀਤ ਸਿੰਘ ਦਾ ਅਕਸ ਉਭਾਰਿਆ ਨਹੀਂ ਗਿਆ। ਉਸ ਮਹਾਨ ਵਿਅਕਤੀ ਨੇ ਭਗਤ ਸਿੰਘ ਨੂੰ ਪ੍ਰੇਰਣਾ ਦਿੱਤੀ, ਉਸ ਦਾ ਪੱਥ ਪ੍ਰਦਰਸ਼ਨ ਕੀਤਾ, ਪ੍ਰੰਤੂ ਇਸ ਦਾ ਸਿਲਾ ਨਹੀਂ ਲਿਆ ਇਸ ਦੇ ਮਾਣ, ਇਵਜ਼ਾਨੇ ਦੇ ਰੂਪ ਵਿਚ ਉਸ ਆਪਣੇ ਭਤੀਜੇ ਦੀ ਸ਼ਹੀਦੀ ਨੂੰ ਕੈਸ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸਿਰਫ ਇਕੋ ਅਰਜ਼ੋਈ ਰਖੀ, ਇਕੋ ਲਗਨ "ਭਾਰਤ ਮਾਤਾ ਦੀ ਆਜ਼ਾਦੀ" ਹੀ ਆਪਣਾ ਨਿਸ਼ਾਨਾ ਰੱਖਿਆ। ਇਸ ਮਹਾਨ ਦੇਸ਼ ਭਗਤ ਬਾਬਤ ਕੁਝ ਪੁਰਾਣੇ ਜ਼ਬਤ ਹੋਏ ਕਾਗਜ਼ ਮਿਲੇ ਹਨ ਜਿਨ੍ਹਾਂ ਨੂੰ ਬਰਤਾਨਵੀ ਸਰਕਾਰੀ ਅਫਸਰਾਂ ਨੇ ਸ. ਅਜੀਤ ਸਿੰਘ ਨੂੰ ਪਾਸਪੋਰਟ ਦੇਣ ਲਗਿਆਂ ਤਿਆਰ ਕੀਤਾ ਸੀ ਅਤੇ ਬਰਤਾਨਵੀ ਸਰਕਾਰ ਨੇ ਇਹ ਬਹੁਤ ਜ਼ਰੂਰੀ ਗੁਪਤ ਦਸਤਾਵੇਜ਼ ਹੋਣ ਕਰਕੇ ੧੯੯੮ ਤੱਕ ਜ਼ਬਤ ਰੱਖੇ ਹੋਏ ਸਨ। ਉਨ੍ਹਾਂ ਨੂੰ ਦਾਸ ਨੇ ਕਢਵਾਇਆ ਹੈ। ਪੂਰੀ ਫਾਇਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ ਵਿਚ ਹੈ ਅਤੇ ਇਸ ਦੀ ਕਾਪੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਵੀ ਭੇਜੀ ਗਈ ਸੀ। ਇਸ ਸਰਕਾਰੀ ਰਿਪੋਰਟ ਦੇ ਆਧਾਰ ਤੇ ਇਹ ਲੇਖ ਤਿਆਰ ਕੀਤਾ ਗਿਆ ਹੈ। ਇਸ ਵਿਚੋਂ ਵੀ ਕੁਝ ਅੰਸ਼ ਹਾਲੇ ਜ਼ਬਤ ਦੀ ਕੈਂਚੀ ਨਾਲ ਗੁਪਤ ਰੱਖੇ ਹੋਏ ਹਨ। ਜਦੋਂ ਕਦੇ ਮਿਲੇ ਫਿਰ ਪ੍ਰਕਾਸ਼ਤ ਕੀਤੇ ਜਾਣਗੇ।

"੨੯ ਸਤੰਬਰ ੧੯੩੯ ਦੇ ਇਕ ਸਰਕਾਰੀ ਨੋਟ ਵਿਚ ਕਿਹਾ ਗਿਆ ਸੀ ਕਿ ਜਨੇਵਾ ਵਿਖੇ ਹੋਈ ਅਸੈਂਬਲੀ ਦੀ ਮੀਟਿੰਗ (ਲੀਗ ਆਫ ਨੇਸ਼ਨ ਦੀ ਮੀਟਿੰਗ) ਵਿਚ ਸਰ ਡੈਨੀ ਬਰੈਅ ਨੇ ਇਕ ਭਾਰਤੀ ਬਾਰੇ ਕੁਝ ਨੋਟਿਸ (ਅੰਕਿਤ ਕਰਕੇ) ਭੇਜੇ ਸਨ, ਜਿਹੜਾ ਭਾਰਤੀ ਜਨੇਵਾ ਵਿਖੇ ਹੋਈ ਅਸੈਂਬਲੀ ਦੀ ਮੀਟਿੰਗ ਵਿਚ ਹਾਜ਼ਰ ਸੀ ਉਹ ਨੋਟਸ ਇਸ ਪ੍ਰਕਾਰ ਹਨ—"ਇਕ ਹਸਨ ਖਾਨ ਨਾਮ ਦਾ ਆਦਮੀ ਅੱਜ ਸ਼ਾਮੀ ਮੈਨੂੰ ਮਿਲਣ ਆਇਆ। ਜਿਸ ਨੂੰ ਮੈਂ ਸ਼ਕਲੋਂ ਤਾਂ ਜਾਣਦਾ ਸਾਂ ਪ੍ਰੰਤੂ ਨਾਮ ਨਹੀਂ ਸੀ ਜਾਣਦਾ। ਉਸ ਨੇ ਮੈਨੂੰ ਪੁੱਛਿਆ ਕਿ ਮੈਂ ਕਿਵੇਂ ਭਾਰਤੀ ਪਾਸਪੋਰਟ ਲੈ ਸਕਦਾ ਹਾਂ ? ਉਸ ਨੇ ਮੈਨੂੰ ਇਕਦਮ ਦੱਸ ਦਿੱਤਾ ਕਿ ਉਹ ਖਾੜਕੂ ਬਦਨਾਮ ਅਜੀਤ ਸਿੰਘ ਹੈ ਜਿਸ ਨੇ ੧੯੦੯ ਵਿਚ ਭਾਰਤ ਛੱਡ ਕੇ ਪਰਸ਼ੀਅਨ ਨਾਗਰਿਕਤਾ ਹਾਸਲ ਕਰ ਲਈ ਸੀ। ਬਰਤਾਨਵੀ ਸਰਕਾਰ ਨੇ ਉਸ ਨੂੰ ਦੇਸ਼ ਨਿਕਾਲਾ ਦਵਾਉਣ ਲਈ ਪਰਸ਼ੀਅਨ ਸਰਕਾਰ ਉੱਪਰ ਬਹੁਤ ਦਬਾਅ ਪਾਇਆ। ਪ੍ਰੰਤੂ ਉਸ ਦੀ (ਮਿਸਟਰ) ਜ਼ਿਆ-ਉ-ਦੀਨ ਨਾਲ ਦੋਸਤੀ (Ziauddin later on Prime Minister of Purshia) ਹੋਣ ਕਰਕੇ ਉਸ ਨੂੰ ਪ੍ਰਸ਼ੀਆ ਵਿਚੋਂ ਕੱਢਿਆ ਨਾ ਗਿਆ। ਜਦੋਂ ਵੱਡੀ ਜੰਗ ਸ਼ੁਰੂ ਹੋਈ ਤਦ ਉਹ ਫਰਾਂਸ ਵਿਚ ਸੀ। ਉਸ ਤੋਂ ਬਾਅਦ ਉਹ ਬਰਾਜ਼ੀਲ ਚਲਾ ਗਿਆ। ੧੯੩੦ ਵਿਚ ਉਹ ਬਰਾਜ਼ੀਲ ਦਾ ਨਾਗਰਿਕ ਬਣ ਕੇ ਬਰਾਜ਼ੀਲ ਵਿਚ ਹੀ ਰਹਿਣ ਲਗ ਪਿਆ। ਅੱਜ ਕਲ੍ਹ ਉਹ ਟੈਰੀਟੇਟ ਸਵਿਟਜ਼ਰਲੈਂਡ (Territet Swiss) ਵਿਖੇ ਜ਼ਿਆਉਦੀਨ ਦਾ ਦੋਸਤ ਬਣ ਉਥੇ ਪੂਰਬੀ (Oriental) ਬੋਲੀਆਂ (ਜ਼ੁਬਾਨਾਂ) ਪੜ੍ਹਾਉਣ ਅਤੇ ਪੱਤਰਕਾਰੀ ਕਰਨ ਵਿਚ ਮਸਰੂਫ ਸੀ।



Namdhari Elibrary NamdhariElibrary@gmail.com

ਮੈਂ ਉਸ ਨੂੰ ਕਿਹਾ ਕਿ ਮੈਂ ਉਸ ਦੇ ਭਰਾਵਾਂ ਨੂੰ ਜਾਣਦਾ ਹਾਂ ਜੋ ਕਿ ਸਰਦਾਰ ਬਹਾਦਰ ਬਣ ਕੇ ਰਹਿ ਰਹੇ ਸਨ ਅਤੇ ਉਸ ਦੇ ਇਕ ਭਤੀਜੇ ਨੇ ਅਸੈਂਬਲੀ ਹਾਲ ਵਿਚ ਬੰਬ ਮਾਰਿਆ ਸੀ, ਜਿਸ ਤੋਂ ਮੈਂ ਮਸੀਂ ਬਚਿਆ ਸੀ ਮੇਰੀ ਕੁਰਸੀ ਦੀ ਬੈਕ ਟੁੱਟ ਗਈ ਸੀ। ਮੈਂ ਉਸ ਨੂੰ ਪੁੱਛਿਆ ਕਿ ਪਿਛਲੇ ਕੁਝ ਸਾਲਾਂ ਤੋਂ ਉਸ ਨੇ ਕਿਸੇ ਆਤੰਕਵਾਦੀ ਕਾਰਵਾਈ ਵਿਚ ਹਿੱਸਾ ਤਾਂ ਨਹੀਂ ਲਿਆ ? ਉਸ ਨੇ ਦੱਸਿਆ ਕਿ ਉਹ ਹਸਨ ਖਾਨ ਦੇ ਨਾਮ ਨਾਲ ਹੀ ਵਿਚਰ ਰਿਹਾ ਹੈ, ਸੁਭਾਸ਼ ਚੰਦਰ ਬੋਸ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਉਹ ਜ਼ਰੂਰ ਮਿਲਿਆ ਹੈ। (ਅਸਲ ਵਿਚ ਸਰਦਾਰ ਜੀ ਇਥੇ ਥੋੜ੍ਹਾ ਝੂਠ ਬੋਲ ਗਏ ਸਨ ਉਹ ਆਤੰਕਵਾਦੀਆਂ, ਗ਼ਦਰ ਪਾਰਟੀ ਦੇ ਮੈਂਬਰਾਂ ਅਤੇ ਹੋਰ ਕ੍ਰਾਂਤੀਕਾਰੀਆਂ ਨੂੰ ਮਿਲਦੇ ਰਹੇ ਸਨ ਅਤੇ ਕਈ ਵਾਰ ਨਾਮ ਬਦਲਦੇ ਰਹੇ ਸਨ) ਇਹ ਲੋਕ ਉਸ ਨੂੰ ਸਧਾਰਨ ਤੌਰ ਤੇ ਮਿਲਣ ਲਈ ਆਉਂਦੇ ਸਨ ਅਤੇ ਉਹ ਵੀ ਸਧਾਰਨ ਰੂਪ ਵਿਚ ਮਿਲਦਾ ਸੀ। ਮੇਰੇ ਵੇਖਣ ਵਿਚ ਇਹ ਬਿਮਾਰ ਆਦਮੀ, ਕ੍ਰਾਂਤੀਕਾਰੀ-ਗਰਮ ਖਿਆਲਾਂ ਵਾਲੇ ਸਿੱਖਾਂ ਵਿਚ ਨਹੀਂ ਜਾ ਸਕਦਾ। ਅਸਲ ਵਿਚ ਇਹ ਘੋਨ-ਮੋਨ ਪੂਰਾ ਬਰਾਜ਼ੀਲੀਅਨ ਕਾਫੀ ਤੇ ਲਾਟੇ (ਇਕ ਤੇਜ਼ ਚਾਹ) ਪੀਣ ਵਾਲਾ ਕਿਵੇਂ ਆਪਣੇ ਆਪ ਨੂੰ ਸਿੱਖਾਂ ਨਾਲ ਘੁਲਾਏ ਮਿਲਾਏਗਾ ? ਇਸ ਦਾ ਪਾਸਪੋਰਟ ਬਰਜ਼ੀਲੀਅਨ ਹੈ, ਜਨਮ ਦਾ ਨਾਮ ਇਸ ਸ਼ਰਾਜੀ ਦੱਸਿਆ ਹੈ, ਮੈਨੂੰ ਤਾਂ ਕੋਈ ਸ਼ੱਕ ਨਹੀਂ ਕਿ ਇਸ ਨੂੰ ਬ੍ਰਿਟਿਸ਼ ਪਾਸਪੋਰਟ ਕਿਉਂ ਨਾ ਦਿੱਤਾ ਜਾਵੇ ? ਇੰਡੀਅਨ ਅਸੈਂਬਲੀ ਵਿਚ ਪੁੱਛੇ ਗਏ ਸੁਆਲ ਮੁਤਾਬਕ ਇਸ ਉੱਪਰ ਕੋਈ ਕੇਸ ਬਾਕੀ ਵੀ ਨਹੀਂ, ਸੋ ਮੇਰੇ ਮੁਤਾਬਕ ਇਸ ਨੇ ਜੋ ਦਰਖਾਸਤ ਕੀਤੀ ਹੈ ਜੋ ਉਸ ਮੁਤਾਬਕ ਸਭ ਠੀਕ ਹੈ ਤਦ ਇਸ ਨੂੰ ਪਾਸਪੋਰਟ ਮਿਲਣਾ ਚਾਹੀਦਾ ਹੈ। ਸਰ ਡੈਨੀ ਬਰੈਅ ਨੇ ਇਹ ਨੋਟ ਲਿਖ ਕੇ ਮਿਸਟਰ ਆਰ. ਟੀ. ਪੀਲ ਨੂੰ ਇੰਡੀਆ ਆਫਿਸ ਵਿਚ ਇਹ ਦਰਖਾਸਤ ਭੇਜ ਦਿੱਤੀ।

ਇਸ ਦਰਖਾਸਤ ਅਨੁਸਾਰ ਸਰਦਾਰ ਅਜੀਤ ਸਿੰਘ ਬਾਰੇ ਹੋਰ ਜਾਣਕਾਰੀ ਦਿੱਤੀ ਗਈ। ਜੋ ਇਸ ਤਰ੍ਹਾਂ ਸੀ : ਇਹ ਅਜੀਤ ਸਿੰਘ ਵਢੇਰੀ ਉਮਰ ਤੇ ਬੀਮਾਰੀ ਦੀ ਹਾਲਤ ਵਿਚ ਕੋਈ ਖਤਰਨਾਕ ਨਹੀਂ, ਪ੍ਰੰਤੂ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਦਾ ਨਾਮਣਾ ਲੈਣ ਲਈ ਜਾਂ ਫਿਰ ਗਦਰ ਪਾਰਟੀ ਦੇ ਕਾਰਕੁਨਾਂ ਹੱਥ ਆ ਕੇ ਬ੍ਰਿਟਿਸ਼ ਸਰਕਾਰ ਲਈ ਖਤਰੇ ਦਾ ਕਾਰਨ ਨਾ ਬਣੇ, ਇਹ ਸਾਮਰਾਜੀ ਕਰਿੰਦਿਆਂ ਦੇ ਕਿਆਫੇ ਸਨ, ਸਰਦਾਰ ਅਜੀਤ ਸਿੰਘ ਇਕ ਸੱਚਾ ਦੇਸ਼ ਭਗਤ ਸੀ ਜੋ ਦੇਸ਼ ਵਿਚ ਵੀ ਅਤੇ ਵਿਦੇਸ਼ ਵਿਚ ਵੀ ਭਾਰਤ ਮਾਤਾ ਦੀ ਆਜ਼ਾਦੀ ਲਈ ਸਰਗਰਮ ਰਿਹਾ। ਜਦੋਂ ਉਸ ਨੂੰ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਦਾ ਪਤਾ ਲੱਗਿਆ ਤਦ ਉਹ ਬਹੁਤ ਮਾਣ ਨਾਲ ਖੁਸ਼ ਵੀ ਹੋਇਆ ਅਤੇ ਆਪਣੇ ਪਰਿਵਾਰ ਦੇ ਇਕ ਜੀਅ ਵਲੋਂ ਭਾਰਤ ਮਾਤਾ ਦੀ ਆਜ਼ਾਦੀ ਲਈ ਇੱਡੀ ਵੱਡੀ ਕੁਰਬਾਨੀ ਦੇਣ ਕਰਕੇ ਪਰਿਵਾਰ ਦਾ ਸ਼ੁਕਰਗੁਜ਼ਾਰ ਵੀ ਹੋਇਆ। ਉਹ ਸਦਾ ਹੀ ਤਤਪਰ ਰਿਹਾ ਕਿ ਕਦੋਂ ਉਹ ਭਾਰਤ ਜਾਕੇ ਭਾਰਤ ਦੀ ਆਜ਼ਾਦੀ ਲਈ ਜੂਝੇ ਅਤੇ ਕਾਫਲੇ ਨੂੰ ਅਗਾਂਹ ਤੋਰਦਾ ਹੋਇਆ ਭਾਰਤ ਮਾਤਾ ਨੂੰ ਗੁਲਾਮੀ ਦੇ ਸੰਗਲਾਂ 'ਚੋਂ ਆਜ਼ਾਦ ਕਰਕੇ ਨਮਸਤਕ ਹੋਵੇ।

ਇਸ ਗੱਲ ਨੂੰ ਕੁਦਰਤੀ ਵਰਤਾਰਾ ਕਹੋ ਜਾਂ ਉਸ ਦੀ ਬਲਵਾਨ ਆਤਮਾ ਦਾ ਕ੍ਰਿਸ਼ਮਾ ਕਿ ਉਸ ਨੇ ੧੫ ਅਗਸਤ ੧੯੪੭ ਦੀ ਸਵੇਰ ਨੂੰ ੧੨.੧੦ (ਮਿੰਟ) ਵਜੇ ਪ੍ਰਾਣ ਤਿਆਗਣ ਤੋਂ ਪਹਿਲਾਂ ਆਪਣੇ ਉਸ ਪ੍ਰਣ ਨੂੰ ਪੂਰਾ ਕੀਤਾ ਜਿਹੜਾ ਉਸ ਨੇ ਭਾਰਤ ਵਿਚੋਂ ਬਾਹਰ ਜਾਣ ਸਮੇਂ ਕੀਤਾ ਸੀ। (ਸਰਕਾਰੀ ਰਿਪੋਰਟ ਅਨੁਸਾਰ ਉਸ ਦੀ ਮੌਤ ੧੨.੧੦ ਤੇ ਹੋ ਚੁੱਕੀ ਸੀ ਜੋ ਕਿ ਡਾਕਟਰੀ ਮੁਆਇਨੇ ਤੋਂ ਬਾਅਦ ੩ ਵਜੇ ਘੋਸ਼ਿਤ ਕੀਤੀ ਗਈ) ਇਸ ਮਹਾਨ ਸ਼ਹੀਦ ਦੇ ਅੰਤਲੇ ਸ਼ਬਦ ਅੱਜ ਵੀ ਡਲਹੌਜ਼ੀ ਵਿਖੇ ਉਨ੍ਹਾਂ ਦੀ ਸਮਾਧੀ ਦੇ ਦਰਸ਼ਨ ਕਰਨ ਗਏ ਸੈਲਾਨੀ ਦੇ ਕੰਨਾਂ ਵਿਚ ਗੂੰਜਦੇ ਹਨ, ਉਨ੍ਹਾਂ ਆਪਣੀ ਪਤਨੀ ਨੂੰ ਸੰਬੋਧਨ ਹੋਇਆਂ ਕਹੇ ਸਨ– "ਭਾਗਵਾਨੇ, ਮੈਂ ਤੈਨੂੰ ਪਤੀ ਦਾ ਸੁੱਖ ਨਹੀਂ ਦੇ ਸਕਿਆ। ਮੈਂ ਤੇਰਾ ਗੁਨਾਹਗਾਰ ਹਾਂ, ਪ੍ਰੰਤੂ ਮੈਂ ਆਪਣੀ ਭਾਰਤ ਮਾਤਾ ਦੀ ਆਜ਼ਾਦੀ ਲਈ ਜੂਝਦਾ ਰਿਹਾ। ਜਿਸ ਦਾ ਕਰਜ਼ ਅੱਜ ਮੈਂ ਉਤਾਰ ਸਕਿਆ ਹਾਂ..... ਤੇਰਾ ਮੈਂ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੇਰਾ ਸਾਥ ਦਿੱਤਾ।" ਇਹ ਸ਼ਬਦ ਕਹਿੰਦਿਆਂ ਮਹਾਨ ਦੇਸ਼ ਭਗਤ ਅਮਰ ਸ਼ਹੀਦ ਭਾਰਤ ਮਾਤਾ ਦੀ ਗੋਦ ਵਿਚ ਸਦਾ ਲਈ ਅਮਰ ਹੋ ਗਿਆ।

ਅਜੀਤ ਸਿੰਘ ਅਲਿਅਸ ਮਿਰਜ਼ਾ ਹਸਨ ਖਾਨ, ਅਲਿਅਸ ਐਮ ਫਾਰਿਆਸ, ਅਲਿਅਸ ਮਾਰਬਲ ਐਨਟੋਨੀਓ ਫਾਰਿਅਸ ਅਲਿਅਸ ਮੈਚ ਫਾਰਿਅਸ ਆਦਿ।

ਅਜੀਤ ਸਿੰਘ ਸਪੁੱਤਰ ਅਰਜਨ ਸਿੰਘ, ਜੱਟ ਸਿੱਖ (ਅਤੇ ਚਾਚਾ ਭਗਤ ਸਿੰਘ ਜਿਸ ਨੂੰ ਪੁਲਿਸ ਅਫਸਰ ਨੂੰ ਮਾਰਨ ਦੇ



Namdhari Elibrary NamdhariElibrary@gmail.com

ਜੁਰਮ ਵਿਚ ਫਾਂਸੀ ਦਿੱਤਾ ਗਿਆ ਸੀ ; ਅਸਲ ਵਿਚ ਭਗਤ ਸਿੰਘ ਨੂੰ ਅਸੈਂਬਲੀ ਹਾਲ ਵਿਚ ਬੰਬ ਸੁੱਟਣ ਤੋਂ ਬਾਅਦ ਫਾਂਸੀ ਦਿੱਤਾ ਗਿਆ ਸੀ)। ੧੯੦੭ ਈ. ਵਿਚ ਪਹਿਲੀ ਵਾਰ ਸਰਦਾਰ ਅਜੀਤ ਸਿੰਘ ਬਾਰੇ ਪਤਾ ਚਲਿਆ ਜਦੋਂ ਉਸ ਨੇ ਲਾਲਾ ਲਾਜਪਤ ਰਾਏ, ਸ. ਕਿਸ਼ਨ ਸਿੰਘ ਅਤੇ ਹੋਰ ਕ੍ਰਾਂਤੀਕਾਰੀ ਜੁਝਾਰੂਆਂ ਨਾਲ ਰਲ ਕੇ ਲਾਹੌਰ ਵਿਚ ਨਹਿਰਾਂ ਦੇ ਬਿੱਲ ਵਿਰੁੱਧ ਭਾਸ਼ਨ ਦਿੱਤਾ ਸੀ। (ਇਸ ਨਹਿਰ ਪਾਲਿਸੀ ਤੇ ਬਸਤੀਵਾਦ ਵਿਰੁੱਧ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੮੫੯ ਈ. ਵਿਚ ਅੰਦੋਲਨ ਸ਼ੁਰੂ ਕਰ ਦਿੱਤਾ ਸੀ। ਨਹਿਰਾਂ ਦੇ ਪਾਣੀ ਦਾ ਬਾਈਕਾਟ ਕਰਨ ਅਤੇ ਆਪਣੇ ਖੂਹ ਲਾ ਕੇ ਖੂਹ ਦੇ ਪਾਣੀ ਦੀ ਵਰਤੋਂ ਕਰਨ ਦਾ ਪ੍ਰਚਾਰ ਨਾਮਧਾਰੀ ਸਿੰਘਾਂ ਦੇ ਅੰਦੋਲਨ ਦੀ ਇਕ ਇਕ ਕੜੀ ਸੀ।) ਅਜੀਤ ਸਿੰਘ ਨੂੰ ਨਹਿਰੀ ਬਸਤੀਵਾਦ ਬਿਲ ਦੀ ਵਿਰੋਧਤਾ ਅਤੇ ਹੋਰ ਆਤੰਕਵਾਦੀ ਭਾਸ਼ਨ ਦੇਣ ਕਰਕੇ ਲਾਲ ਲਾਜਪਤ ਰਾਏ ਨਾਲ ਮਾਂਡਲੇ (ਬਰਮਾ) ਵਿਖੇ ਜਲਾਵਤਨ ਕਰ ਦਿੱਤਾ ਸੀ। ਨਵੰਬਰ ੧੯੦੭ ਵਿਚ ਮਾਂਡਲੇ ਜੇਲ੍ਹ ਤੋਂ ਛੁੱਟ ਕੇ ਜਿਥੇ ਲਾਲਾ ਲਾਜਪਤ ਰਾਏ ਨੇ ਨੌਜਵਾਨ ਕ੍ਰਾਂਤੀਕਾਰੀ ਲਹਿਰ ਦੇ ਵਿਰੁੱਧ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਥੇ ਸ. ਅਜੀਤ ਸਿੰਘ ਨੇ ਕ੍ਰਾਂਤੀਕਾਰੀਆਂ ਨਾਲ ਸਬੰਧ ਪੈਦਾ ਕਰ ਲਏ। ਪੰਜਾਬ ਵਿਚ ਬਾਲ ਗੰਗਾਧਰ ਤਿਲਕ ਦੇ ਭਾਸ਼ਨ ਅਤੇ ਹੋਰ ਕ੍ਰਾਂਤੀਕਾਰੀ ਸਰਕਾਰ ਵਿਰੁੱਧ ਭੜਕਾਊ ਸਾਹਿਤ ਛਾਪ ਕੇ ਵੰਡਣਾ ਸ਼ੁਰੂ ਕਰ ਦਿੱਤਾ। ਇਕ ਬਹੁਤ ਹੀ ਅਗਾਂਹਵਧੂ ਕ੍ਰਾਂਤੀਕਾਰੀ ਸੂਫੀ ਅੰਬਾ ਪ੍ਰਸ਼ਾਦ ਨਾਲ ਸਬੰਧ ਬਣਾ ਲਏ। ਜਿਨ੍ਹਾਂ ਨਾਲ ਮਿਲ ਕੇ ਭਾਰਤ ਮਾਤਾ ਬੁੱਕ ਏਜੰਸੀ ਦੇ ਨਾਮ ਹੇਠ ਸਾਹਿਤ ਛਾਪਣਾ ਸ਼ੁਰੂ ਕਰ ਦਿੱਤਾ। ਉਹ ਅੰਬਾ ਪ੍ਰਸ਼ਾਦ ਅਤੇ ਜ਼ੀਆ-ਉਲ-ਹੱਕ ਨਾਲ ਮਿਲ ਕੇ ਪਰਸ਼ੀਆ (ਇਰਾਨ) ਨੂੰ ਚਲੇ ਗਏ। ਜਿਥੇ ਜਾ ਕੇ ਕ੍ਰਾਂਤੀਕਾਰੀ ਸਰਗਰਮੀਆਂ ਬਰਤਾਨੀਆਂ ਸਾਮਰਾਜ ਵਿਰੁੱਧ ਜਾਰੀ ਰਖੀਆਂ। ਉਥੋਂ ਦੇ ਜ਼ੀਆ-ਉ-ਦੀਨ (ਅਗੋਂ ਜਾ ਕੇ ਬਣੇ ਪ੍ਰਧਾਨ ਮੰਤਰੀ) ਨਾਲ ਦੋਸਤੀ ਕਰ ਲਈ ਜੋ ਕਿ ਅੰਗਰੇਜ਼ੀ ਸਰਕਾਰ ਦਾ ਕੱਟੜ ਵਿਰੋਧੀ ਸੀ। ਪਰਸ਼ੀਆ ਹੁੰਦੇ ਹੋਏ ਉਹ ਯੂਰਪ ਵਿਚ ਇਟਲੀ ਦੇ ਸ਼ਹਿਰ (Lausanne) ਲੌਜ਼ਾਨੇ ੧੯੧੧ ਵਿਚ ਪਹੁੰਚ ਕੇ ਉਥੇ ਪੂਰਬੀ ਭਾਸ਼ਾਵਾਂ (Oriental Language) ਵਿਚ ਅਧਿਆਪਕ ਅਤੇ ਟਰਾਂਸਲੇਟਰ ਦੇ ਤੌਰ ਤੇ ਮਿਰਜ਼ਾ ਹਸਨ ਖਾਨ ਦੇ ਨਾਮ ਨਾਲ ਕੰਮ ਕਰਨ ਲਗ ਪਿਆ।

੧੯੧੩ ਵਿਚ ਉਹ ਪੈਰਿਸ ਪਹੁੰਚ ਗਿਆ, ਜਿਥੇ ਮੈਡਮ ਕਾਮਾ ਅਤੇ ਕ੍ਰਿਸ਼ਨਾ ਵਰਮਾ ਨਾਲ ਸੰਪਰਕ ਕੀਤਾ। ਜਿਨ੍ਹਾਂ ਨਾਲ ਮਿਲਕੇ ਕ੍ਰਾਂਤੀਕਾਰੀ ਸਰਗਰਮੀਆਂ ਜਾਰੀ ਰਖੀਆਂ। ਉਸੇ ਨਾਲ ਸਤੰਬਰ ਵਿਚ ਰੀਓ-ਡੀ-ਜਾਨੈਰੋ ਬ੍ਰਾਜ਼ੀਲ ਦੇ ਸ਼ਹਿਰ ਨੂੰ ਚਲ ਪਿਆ ਅਤੇ ਆਪਣੇ ਸਾਥੀ ਜੋਧ ਸਿੰਘ ਬੇਵਲ ਲਈ ਬਰਲਿਨ ਪਹੁੰਚਣ ਦਾ ਸੰਦੇਸ਼ ਦੇ ਗਿਆ ਤਾਂ ਕਿ ਉਹ ਉਥੇ ਕ੍ਰਾਂਤੀਕਾਰੀ ਸਰਗਰਮੀਆਂ ਜਾਰੀ ਰਖੇ। ਉਸ ਨੇ ਬਰਾਜ਼ੀਲ ਪਹੁੰਚ ਕੇ ਗ਼ਦਰ ਪਾਰਟੀ ਦੀ ਪੈਸੇ ਵਲੋਂ ਬਹੁਤ ਮਦਦ ਕੀਤੀ। ਗ਼ਦਰ ਪਾਰਟੀ ਨਾਲ ਲਗਾਤਾਰ ਸੰਪਰਕ ਰੱਖਿਆ ਹਰ ਤਰ੍ਹਾਂ ਦੀ ਮਾਇਕ ਸਹਾਇਤਾ ਪਹੁੰਚਾਉਂਦਾ ਰਿਹਾ। ਗ਼ਦਰ ਪਾਰਟੀ ਵਾਲਿਆਂ ਬਹੁਤ ਵਾਰ ਅਜੀਤ ਸਿੰਘ ਨੂੰ ਭਾਸ਼ਨ ਦੇਣ ਲਈ ਅਮਰੀਕਾ ਬੁਲਾਣ ਦੀ ਕੋਸ਼ਿਸ਼ ਕੀਤੀ। ਕੁਝ ਇਮੀਗਰੇਸ਼ਨ ਸਮੱਸਿਆਵਾਂ ਕਰਕੇ ਅਤੇ ਬਤੌਰ ਅਜੀਤ ਸਿੰਘ ਉਸ ਦੀ ਸ਼ਨਾਖਤ ਨਹੀਂ ਸੀ ਜਿਸ ਕਰਕੇ ਅੜਚਨਾਂ ਪੈਂਦੀਆਂ ਰਹੀਆਂ। ਜਨਵਰੀ ੧੯੨੧ ਵਿਚ ਉਸ ਨੇ ਬਰਾਜ਼ੀਲ ਦੀ ਰਾਜਧਾਨੀ ਬ੍ਰਏਨਸ ਆਇਰਸ ਵਿਖੇ ਮਾਰਸ਼ਲ ਐਨਟੋਨੀਓ ਫਾਰਿਆਸ ਨਾਮ ਹੇਠ ਮੁਰਗੀਖਾਨਾ ਖੋਲ੍ਹਿਆ। ੧੯੨੯ ਉਸ ਬਾਰੇ ਪਤਾ ਲੱਗਿਆ ਕਿ ਉਸ ਨੇ ਰੀਓ-ਡੀ-ਜਾਨੈਰੋ ਬਰਾਜ਼ੀਲ ਵਿਖੇ ਲੱਕੜ ਦਾ ਫਰਨੀਚਰ ਬਣਾਉਣ ਦਾ ਕਾਰਖਾਨਾ ਸ਼ੁਰੂ ਕੀਤਾ, ਨਾਮ ਸੀ. ਐੱਚ. ਪਾਨ ਐਂਡ ਕੰਪਨੀ ਜੋ ਕਿ ਘਾਟੇ ਦਾ ਕੰਮ ਸਾਬਿਤ ਹੋਇਆ। ਅਸਲ ਕਾਰਨ ਇਹ ਸੀ ਕਿ ਉਸ ਦੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਘਟੀਆਂ ਨਹੀਂ ਸਨ। ਗ਼ਦਰ ਪਾਰਟੀ ਨੂੰ ਮਾਇਕ ਸਹਾਇਤਾ, ਕੁਝ ਖਾਸ ਕ੍ਰਾਂਤੀਕਾਰੀਆਂ ਨੂੰ ਮਾਇਕ ਮਦਦ, ਜਾਤੀ ਤੌਰ ਤੇ ਸਾਮਰਾਜ ਵਿਰੁੱਧ ਟਿਊਸ਼ਨਾਂ, ਕ੍ਰਾਂਤੀਕਾਰੀ ਵਰਕਸ਼ਾਪ, ਸਮਾਜਵਾਦ ਵਰਕਸ਼ਾਪ ਅਤੇ ਪੂਰਬੀ ਭਾਸ਼ਾਵਾਂ ਸਿਖਾਉਣੀਆਂ। ਉਨ੍ਹਾਂ ਦਾ ਪ੍ਰਚਾਰ ਆਦਿ ਗਤੀਵਿਧੀਆਂ ਉਸ ਨੂੰ ਪੈਸਾ ਕਮਾਉਣ ਨਾਲੋਂ ਦੇਸ਼ ਭਗਤੀ ਅਤੇ ਬਰਤਾਨਵੀ ਸਾਮਰਾਜ ਵਿਰੁੱਧ ਜੂਝਣ ਲਈ ਮਸਰੂਫ ਰਖਦੀਆਂ ਸਨ। ਭਗਤ ਸਿੰਘ ਦੀ ਸ਼ਹੀਦੀ ਦੇ ਨਾਲ ੧੯੩੦ ਵਿਚ ਸਰਕਾਰੀ ਸਖਤੀਆਂ ਤੇ ਪਾਬੰਦੀਆਂ ਕਰਕੇ ਉਹ ਅਮਰੀਕਾ ਗ਼ਦਰ ਪਾਰਟੀ ਦੇ ਮੈਂਬਰਾਂ ਵਲੋਂ ਜ਼ੋਰ ਪਾਉਣ ਤੇ ਵੀ ਅਮਰੀਕਾ ਨਾ ਜਾ ਸਕਿਆ। ੧੯੩੨ ਵਿਚ ਤੇਜਾ ਸਿੰਘ ਸੁਤੰਤਰ ਨਾਲ ਸੰਪਰਕ ਹੋਇਆ। ਜਿਨ੍ਹਾਂ ਨਾਲ ਕਾਫੀ ਦੇ ਵਪਾਰ ਕਰਕੇ ਸੰਬੰਧ ਬਣੇ, ਪ੍ਰੰਤੂ ਇਹ ਸਬੰਧ ਦੋ ਕ੍ਰਾਂਤੀਕਾਰੀ



Namdhari Elibrary NamdhariElibrary@gmail.com

ਸੁਲਗਦੀਆਂ ਬੱਤੀਆਂ ਸਲਾਖਾਂ ਬਣ ਫਿਰ ਸਾਰੇ ਯੂਰਪ ਵਿਚ ਭੱਖ ਪਈਆਂ, ਯੂਰਪ ਵਿਚ ਸਮਾਜਵਾਦੀਆਂ ਭਾਰਤੀਆਂ ਅਤੇ ਬਰਤਾਨਵੀ ਸਾਮਰਾਜ ਵਿਰੁੱਧ ਕ੍ਰਾਂਤੀਕਾਰੀਆਂ ਲਈ ਨਵੀਂ ਜੋਤ ਪ੍ਰਗਟ ਹੋ ਗਈ। ਸ. ਤੇਜਾ ਸਿੰਘ ਸੁਤੰਤਰ ਅਤੇ ਅਜੀਤ ਸਿੰਘ ਨੇ ਬਰਾਜ਼ੀਲ ਦੀ ਕਾਫੀ ਆਯਾਤ ਕਰਨ ਦੇ ਹੱਕ ਤੁਰਕੀ, ਪਰਸ਼ੀਆ, ਮੈਸੋਪਟਾਮੀਆ, ਅਫਗਾਨਿਸਤਾਨ ਅਤੇ ਭਾਰਤ ਆਦਿ ਦੇਸ਼ਾਂ ਵਿਚ ਹਾਸਲ ਕਰਕੇ ਅੰਗਰੇਜ਼ੀ ਸਾਮਰਾਜ ਉੱਪਰ ਤਕੜਾ ਹਮਲਾ ਸਮਝਿਆ ਜਾਣ ਲਗਾ। ਜਿਸ ਕਰਕੇ ਅਜੀਤ ਸਿੰਘ ਨੂੰ ਖਤਰਨਾਕ ਸਮਝਕੇ ਬਰਾਜ਼ੀਲ ਵਿਚ ਕਢਵਾਉਣ ਦੇ ਯਤਨ ਕੀਤੇ। ਇਕ ਯਾਹੂਦੀ ਨੂੰ ਇਨ੍ਹਾਂ ਦੀ ਕੰਪਨੀ ਵਿਚ ਸ਼ਾਮਲ ਕਰਕੇ ਕੰਪਨੀ ਨੂੰ ਖਤਮ ਕਰ ਦਿੱਤਾ ਗਿਆ। ੧੯੩੨ ਨਵੰਬਰ ਦੇ 'ਹਿੰਦੋਸਤਾਨ ਗਦਰ' ਅਖਬਾਰ ਵਿਚ ਛਪੇ ਇਕ ਲੇਖ ਮੁਤਾਬਕ ਸ. ਅਜੀਤ ਸਿੰਘ ਬਰਾਜ਼ੀਲ ਤੋਂ ਅਰਜਨਟਾਈਨਾ ਗਏ ਜਿਥੇ ਉਹਨਾਂ ਬਹੁਤ ਹੀ ਜੋਸ਼ੀਲਾ ਤੇ ਕ੍ਰਾਂਤੀਕਾਰੀ ਭਾਸ਼ਨ ਦਿੱਤੇ। ਸਥਾਨਕ ਗਦਰ ਪਾਰਟੀ ਦੇ ਮੈਂਬਰਾਂ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ, ਕ੍ਰਾਂਤੀਕਾਰੀ ਅਜੀਤ ਸਿੰਘ, ਸ਼ਹੀਦ ਭਗਤ ਸਿੰਘ ਦੇ ਚਾਚਾ ਹੋਣ ਦੇ ਨਾਤੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਗਿਆ। ਅਜੀਤ ਸਿੰਘ ਨੇ ਸ਼ਹੀਦ ਭਗਤ ਸਿੰਘ ਦੇ ਨਾਮ ਉੱਪਰ ਖੋਲ੍ਹੀ ਗਈ ਲਾਇਬ੍ਰੇਰੀ ਲਈ ੫੦੦੦ ਵੱਖ-ਵੱਖ ਭਾਸ਼ਾਵਾਂ ਦੀਆਂ ਪੁਸਤਕਾਂ ਤੇ ਇਕ ਟਾਈਪ ਰਾਈਟਰ ਦਾਨ ਦਿੱਤੀ। ਇਸ ਤੋਂ ਬਾਅਦ ਅਜੀਤ ਸਿੰਘ ਦੱਖਣੀ ਅਮਰੀਕਾ ਵਿਚੋਂ ਨਿਕਲਕੇ ਯੂਰਪ ਵਿਚ ਆਪਣੀਆਂ ਸਰਗਰਮੀਆਂ ਤੇਜ਼ ਕਰਨ ਲਈ ਸ. ਤੇਜਾ ਸਿੰਘ ਸੁਤੰਤਰ ਦੇ ਨੇੜੇ ਆ ਗਿਆ। ਦਸੰਬਰ ੧੯੩੨ ਵਿਚ ਅਜੀਤ ਸਿੰਘ ਜਨੇਵਾ ਗਿਆ। ਫਰਵਰੀ ੧੯੩੨ ਵਿਚ ਬਰਲਿਨ ਇਕ ਮਸਜਿਦ ਵਿਚ ਮਤਵਾਲੀ ਮੌਲਾਨਾ ਮਿਰਜ਼ਾ ਦਾ ਦੋਸਤ ਬਣ ਕੇ ਰਿਹਾ। ਇਥੇ ਤਾਰਾ ਚੰਦ ਰਾਏ ਚੰਪਾਕਰਮਨ ਪਿੱਲੇ ਅਤੇ ਇਕ ਪੁਰਤਗਾਲੀ ਕ੍ਰਾਂਤੀਕਾਰੀ ਦੋਸਤ ਬਣੇ, ਜਿਨ੍ਹਾਂ ਨਾਲ ਭਾਰਤ ਦੀ ਆਜ਼ਾਦੀ ਅਤੇ ਬ੍ਰਿਟਿਸ਼ ਸਾਮਰਾਜ ਤੋਂ ਵਪਾਰਿਕ ਆਜ਼ਾਦੀ ਹਾਸਲ ਕਰਨ ਲਈ ਮੀਟਿੰਗਾਂ ਹੁੰਦੀਆਂ ਰਹੀਆਂ। ਅਗਸਤ ੧੯੩੩ ਵਿਚ ਸੁਭਾਸ਼ ਚੰਦਰ ਬੋਸ ਨਾਲ ਬਰਲਿਨ ਵਿਖੇ ਮੁਲਾਕਾਤ ਹੋਈ। ਇਸ ਮੁਲਾਕਾਤ ਵਿਚ ਬਰਤਾਨਵੀ ਸਾਮਰਾਜ ਵਿਰੁੱਧ ਸੁਭਾਸ਼ ਚੰਦਰ ਬੋਸ ਅਤੇ ਜਰਮਨ ਸਰਕਾਰ ਵਲੋਂ ਮਦਦ ਬਾਰੇ ਵਿਚਾਰਾਂ ਹੋਈਆਂ। (ਜਿਸ ਨੂੰ ਅਜੀਤ ਸਿੰਘ ਨੇ ਆਪਣੇ ਬਿਆਨ ਵਿਚ ਸਰਸਰੀ ਮੁਲਾਕਾਤ ਦੱਸੀ, ਪ੍ਰੰਤੂ ਦੂਸਰੇ ਦਸਤਾਵੇਜ਼ ਜੋ ਕਿ ਸੁਭਾਸ਼ ਚੰਦਰ ਬੋਸ ਦੀ ਫਾਇਲ ਵਿਚ ਹੈ। ਉਸ ਮੁਤਾਬਕ ਇਹ ਬੜੀ ਅਹਿਮ ਮੀਟਿੰਗ ਸੀ। ਜਿਸ ਨਾਲ ਪੰਜਾਬ ਤੇ ਖਾਸ ਤੌਰ ਤੇ ਸਿੱਖਾਂ ਵਲੋਂ ਸੁਭਾਸ਼ ਚੰਦਰ ਬੋਸ ਨੂੰ ਇੰਡੀਅਨ ਨੈਸ਼ਨਲ ਆਰਮੀ ਲਈ ਭਰਪੂਰ ਸਹਿਯੋਗ ਮਿਲਿਆ)। ਬਰਲਿਨ ਵਿਖੇ ਹੀ ਪਰਸ਼ੀਆ ਦੇ ਵਪਾਰਿਕ-ਅਟੈਚੀ ਨਾਲ ਮੁਲਾਕਾਤ ਹੋਈ। ਜਿਸ ਨੇ ਜਰਮਨ ਸਰਕਾਰ ਵਲੋਂ Oriental Society Berlin ਬਣਾਉਣ ਦੀ ਤਜਵੀਜ਼ ਦਿੱਤੀ। ਦਸੰਬਰ ੧੯੩੩ ਵਿਚ ਉਹ ਹੁਸੈਨ ਦਾਨੇਸ਼ ਖਾਨ ਨਾਲ ਬਰਲਿਨ ਹੀ ਠਹਿਰਿਆ। ਮਾਰਚ ੧੯੩੪ ਈ. ਵਿਚ ਅਜੀਤ ਸਿੰਘ ਨੇ ਆਪਣੀਆਂ ਸਰਗਰਮੀਆਂ ਦਾ ਪੱਕਾ ਅੱਡਾ ਸਵਿਟਜ਼ਰਲੈਂਡ ਦੇ ਸ਼ਹਿਰ (Territet) ਟੈਰੀਟੇਟ ਵਿਚ ਜ਼ਿਆ-ਉ-ਦੀਨ ਦੇ ਮਕਾਨ ਵਿਚ ਉਸ ਦਾ ਨਜ਼ਦੀਕੀ ਦੋਸਤ ਬਣ ਕੇ ਰਹਿਣ ਲਗ ਪਿਆ। ਉਥੋਂ ਹੀ ਉਸ ਨੇ 'ਪ੍ਰਤਾਪ' ਤੇ 'ਮਿਲਾਪ' ਲਾਹੌਰ ਛਪਦੇ ਅਖਬਾਰਾਂ ਨੂੰ ਯੂਰਪੀਨ ਖਬਰਾਂ ਅਤੇ ਆਪਣੇ ਕ੍ਰਾਂਤੀਕਾਰੀ ਲੇਖ ਭੇਜਣੇ ਸ਼ੁਰੂ ਕਰ ਦਿੱਤੇ। ੧੯੩੫ ਵਿਚ ਉਸ ਦੀ ਸਿਹਤ ਬਹੁਤ ਗਿਰ ਗਈ। ਇਸੇ ਸਮੇਂ ਉਸ ਦੇ ਪਰਿਵਾਰ ਵਲੋਂ ਸ਼ਹੀਦ ਭਗਤ ਸਿੰਘ ਦੀ ਜੀਵਨੀ ਲਿਖਣ ਬਾਰੇ ਕਿਹਾ ਗਿਆ, ਇਹ ਉਸ ਲਿਖੀ ਜਾਂ ਨਹੀਂ ਇਸ ਬਾਰੇ ਕੁਝ ਪਤਾ ਨਹੀਂ, ਕਿਉਂਕਿ ਕੋਈ (ਮਸੌਦਾ) ਖਰੜਾ ਆਦਿ ਉਸ ਪਾਸੋਂ ਨਹੀਂ ਮਿਲਿਆ। ੧੯੩੬ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਮੁਲਾਕਾਤ ਹੋਈ, ਇਸ ਸਮੇਂ ਉਸ ਦੀ ਸਿਹਤ ਬਹੁਤ ਖਰਾਬ ਰਹਿੰਦੀ ਸੀ। ਜਿਸ ਕਰਕੇ ਉਹ ਕਦੀ ਰੋਮ ਕਦੀ ਬਰਲਿਨ ਸਿਹਤਯਾਬੀ ਲਈ ਚੱਕਰ ਕੱਟਦਾ ਰਹਿੰਦਾ ਸੀ। (ਅਸਲ ਵਿਚ ਉਸ ਦੀਆਂ ਗੁਪਤ ਕ੍ਰਾਂਤੀਕਾਰੀ ਸਰਗਰਮੀਆਂ ਬਹੁਤ ਤੇਜ਼ ਸਨ। ਇਸ ਸਮੇਂ ਦੌਰਾਨ ਕ੍ਰਾਂਤੀਕਾਰੀਆਂ ਨਾਲ ਮੁਲਾਕਾਤਾਂ ਅਤੇ ਲਾਹੌਰ ਤੋਂ ਛਪਦੇ ਅਖਬਾਰ 'ਮਿਲਾਪ' ਲਈ ਲਗਾਤਾਰ ਲਿਖਦਾ ਰਹਿੰਦਾ ਸੀ। ਇਨ੍ਹਾਂ ਦਿਨਾਂ ਵਿਚ ਹੀ ਦੂਸਰੀ ਜੰਗ ਦੀ ਪਿੱਠ ਭੂਮੀ ਤਿਆਰ ਹੋ ਰਹੀ ਸੀ। ਜਰਮਨ ਅਤੇ ਤੁਰਕੀ ਆਦਿ ਮੁਲਕਾਂ ਵਿਚ ਅਜੀਤ ਸਿੰਘ ਦੇ ਚੱਕਰ ਬਰਤਾਨਵੀ ਸਰਕਾਰ ਲਈ ਖਤਰਨਾਕ ਸਨ।) ਇਸੇ ਰਿਪੋਰਟ ਅਨੁਸਾਰ ਅਜੀਤ ਸਿੰਘ ਦੀ ਮੁਲਾਕਾਤ ਸ. ਤੇਜਾ ਸਿੰਘ ਸੁਤੰਤਰ ਨਾਲ ਕਈ ਵਾਰ ਹੋਈ ਜੋ ਕਿ ਤੁਰਕੀ



Namdhari Elibrary NamdhariElibrary@gmail.com

ਵਿਚ ਸਰਗਰਮ ਸੀ। ਭਾਵੇਂ ਬਾਹਰੀ ਤੌਰ ਤੇ ਇਹ ਵਪਾਰਿਕ ਸਬੰਧਾਂ ਵਿਚ ਮਿਲਦੇ ਸਨ। ਪ੍ਰੰਤੂ ਸ. ਤੇਜਾ ਸਿੰਘ ਸੁਤੰਤਰ ਜੀ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਉਹ ਕਿੱਡੇ ਮਹਾਨ ਦੇਸ਼ ਭਗਤ, ਸਾਮਰਾਜ ਦੇ ਵਿਰੋਧੀ ਸਮਾਜਵਾਦੀ ਨੇਤਾ ਸਨ। ਅਜੀਤ ਸਿੰਘ ਦੱਖਣੀ ਅਮਰੀਕਾ ਫਿਰ ਯੂਰਪ ਖਾਸ ਤੌਰ ਤੇ ਬਰਲਿਨ, ਪੈਰਿਸ, ਟੋਰੀਟੇਟ, ਰੋਮ, ਲੌਜਾਨੇ ਅਤੇ ਤੁਰਕੀ ਅਤੇ ਇਰਾਨ ਦੇ ਸ਼ਹਿਰਾਂ ਵਿਚ ਸਰਗਰਮ ਰਿਹਾ ਸੀ। ਇਹੋ ਉਸੇ ਦਾ ਸੰਦੇਸ਼ ਸ. ਤੇਜਾ ਸਿੰਘ ਸੁਤੰਤਰ ਪੰਜਾਬ ਵਿਚ ਪਹੁੰਚਾਉਂਦੇ ਰਹੇ ਸਨ। ਕਈ ਸਮਿਆਂ ਤੇ, ਅਤੇ ਕਈ ਸ਼ਹਿਰਾਂ ਵਿਚ ਗਦਰੀ ਬਾਬਿਆਂ ਤੇ ਹੋਰ ਦੇਸ਼ ਭਗਤ ਕ੍ਰਾਂਤੀਕਾਰੀ ਯੋਧਿਆਂ ਨਾਲ ਮੁਲਾਕਾਤਾਂ ਹੁੰਦੀਆਂ ਰਹੀਆਂ, ਜਿਹੜੀਆਂ ਬਹੁਤ ਗੁਪਤ ਰਹੀਆਂ ਹਨ। ਸਰਕਾਰ ਤੱਕ ਉਨ੍ਹਾਂ ਦੀ ਖਬਰ ਨਹੀਂ ਹੋਈ। ਸ. ਅਜੀਤ ਸਿੰਘ ਨੇ ਆਪਣਾ ਨਿਸ਼ਾਨਾ ਦੇਸ਼ ਦੀ ਆਜ਼ਾਦੀ ਮਿਥਿਆ ਸੀ, ਜਿਸ ਨੂੰ ਪ੍ਰਾਪਤ ਕਰਨ ਲਈ ਬੜੀ ਡੂੰਘੀ ਵਿਚਾਰ, ਗੰਭੀਰ ਸੰਜੀਦਾ ਸੋਚ, ਕ੍ਰਾਂਤੀਕਾਰੀ ਸੰਘਰਸ਼ ਦੀ ਜ਼ਰੂਰਤ ਸੀ। ਇਸ ਲਈ ਹੀ ਅਜੀਤ ਸਿੰਘ ਨੇ ਸਾਰੀ ਜ਼ਿੰਦਗੀ ਹੀ ਸੰਘਰਸ਼ ਦੌਰਾਨ ਆਪਣੀਆਂ ਦੇਸ਼-ਭਗਤੀ ਦੇਸ਼-ਸੇਵਾ ਪ੍ਰਤੀ ਗਤੀਵਿਧੀਆਂ ਨੂੰ ਬਹੁਤ ਹੀ ਗੁਪਤ ਅਤੇ ਉੱਚੀ ਸੋਚ, ਸੁਲਝੇ ਵਿਚਾਰਾਂ ਅਨੁਸਾਰ ਸਮਝਦਾਰ ਕ੍ਰਾਂਤੀਕਾਰੀਆਂ ਵਾਂਗ ਰੱਖਿਆ ਹੋਇਆ ਸੀ। ਜੇ ਬਰਾਜ਼ੀਲ ਜਾਂ ਬਰਲਿਨ ਵਿਚ ਕ੍ਰਾਂਤੀਕਾਰੀ ਗਤੀਵਿਧੀਆਂ ਰਖੀਆਂ, ਕ੍ਰਾਂਤੀਕਾਰੀ ਨੇਤਾਵਾਂ ਨਾਲ ਮੁਲਾਕਾਤਾਂ, ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ, ਤਦ ਦੁਨੀਆਂ ਤੇ ਸਰਕਾਰ ਸਾਹਮਣੇ ਆਪਣੇ ਵਪਾਰਿਕ ਅਦਾਰੇ ਰਖੇ। ਨਾਮ ਗੁਪਤ ਰੱਖਿਆ ਜਦੋਂ ਆਪਣਾ ਮਕਸਦ ਪੂਰਾ ਹੋ ਗਿਆ ਤਦ ਪ੍ਰਗਟ ਹੋ ਕੇ ਪ੍ਰਾਣ ਤਿਆਗ ਦਿੱਤੇ। ਅਖਬਾਰਾਂ, ਰੇਡੀਓ ਅਤੇ ਅਧਿਆਪਕ ਕਿੱਤੇ ਰਾਹੀਂ ਕ੍ਰਾਂਤੀਕਾਰੀ ਸਾਮਰਾਜ ਵਿਰੁੱਧ ਵਿਚਾਰਾਂ ਨੂੰ ਲੋਕਾਂ ਵਿਚ ਪ੍ਰਚਾਰਿਆ। ਇਨ੍ਹਾਂ ਅਗਾਂਹਵਧੂ ਵਿਚਾਰਾਂ ਵਿਚ ਖੜੋਤ ਨਹੀਂ ਆਉਣ ਦਿੱਤੀ। ਅੰਤ ਆਪਣੀ ਜਨਮ ਭੂਮੀ ਭਾਰਤ ਮਾਤਾ ਨਾਲ ਕੀਤਾ ਪ੍ਰਣ ਪੂਰਾ ਕੀਤਾ। ਧਰਤੀ ਮਾਤਾ ਦਾ ਕਰਜ਼ ਉਤਾਰ ਉਸ ਸਿਰ ਆਜ਼ਾਦੀ ਦਾ ਮੁਕਟ ਪਹਿਨਾ ਕੇ ਆਪਣਾ ਸਿਰ ਉਸ ਦੇ ਪਵਿੱਤਰ ਚਰਨਾਂ ਵਿਚ ਸੁੱਟ ਕੇ ਸਦਾ ਲਈ ਕੁਰਬਾਨ ਹੋ ਗਏ।

"ਅਮਰ ਸ਼ਹੀਦ ਸ. ਅਜੀਤ ਸਿੰਘ—ਜ਼ਿੰਦਾਬਾਦ!"

## ਵਰਿਆਮ ਸਿੰਘ ਸੰਧੂ ਦੇ ਮਾਤਾ ਜੀ ਨਮਿਤ ਸਮਾਗਮ

ਡਾ. ਵਰਿਆਮ ਸਿੰਘ ਸੰਧੂ ਦੇ ਸਤਿਕਾਰਤ ਮਾਤਾ, ਸਰਦਾਰਨੀ ਜੁਗਿੰਦਰ ਕੌਰ ਜੀ ਪਿੰਡ ਸੁਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਵਿਚ ੨੨ ਸਤੰਬਰ ੨੦੦੨ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਸਨ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਪਰਿਵਾਰ ਦੇ ਗ੍ਰਹਿ ਵਿਖੇ ੧ ਅਕਤੂਬਰ ਨੂੰ ਪਾਇਆ ਗਿਆ। ਇਸੇ ਪਿੰਡ ਦੇ ਨਾਮਵਰ ਪਹਿਲਵਾਨ ਪਦਮ ਸ੍ਰੀ ਕਰਤਾਰ ਸਿੰਘ ਦੇ ਨਾਮ ਤੇ ਬਣੇ ਇੰਨਡੋਰ ਕੁਸ਼ਤੀ ਸਟੇਡੀਅਮ ਵਿਚ ਮਾਤਾ ਜੀ ਨਮਿਤ ਭਾਰੀ ਸ਼ਰਧਾਂਜਲੀ ਸਮਾਗਮ ਹੋਇਆ। ਰਾਗੀ ਜਥਿਆਂ ਵਲੋਂ ਵੈਰਾਗਮਈ ਕੀਰਤਨ ਹੋਇਆ। ਅਰਦਾਸ ਉਪਰੰਤ ਭਾਵ ਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ। ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹਰਭਜਨ ਹਲਵਾਰਵੀ ਨੇ ਮਾਤਾ ਜੀ ਅਤੇ ਇਸ ਪਰਿਵਾਰ ਨਾਲ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਡਾ. ਜੁਗਿੰਦਰ ਸਿੰਘ ਪੁਆਰ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਅਕਾਲੀ ਲੀਡਰ ਮੇਜਰ ਸਿੰਘ ਉਬੋਕੇ, ਪ੍ਰੋ. ਪਿਆਰਾ ਸਿੰਘ ਭੋਗਲ, ਵੀਰ ਸਿੰਘ ਵਰਪਾਲ ਲੋਕ ਭਲਾਈ ਪਾਰਟੀ ਅਤੇ ਸ੍ਰੀ ਜਤਿੰਦਰ ਪਨੂੰ ਨੇ ਆਪਣੇ ਆਪਣੇ ਅੰਦਾਜ਼ ਵਿਚ ਸ਼ਰਧਾਂਜਲੀਆਂ ਭੇਟ ਕੀਤੀਆਂ। ਸਮਾਗਮ ਵਿਚ ਦੂਰ ਨੇੜਿਓਂ ਪੁਜੇ ਸੱਜਨ ਮਿੱਤਰਾਂ ਵਿਚ ਪ੍ਰੋ. ਨਿਰੰਜਨ ਸਿੰਘ ਢੇਸੀ, ਡਾ. ਰਘਬੀਰ ਸਿੰਘ ਸਿਰਜਣਾ, ਪ੍ਰੋ. ਸੁਲੇਖਾ, ਪ੍ਰੇਮ ਗੋਰਖੀ, ਮੁਖਤਿਆਰ ਸਿੰਘ, ਪਰਮਿੰਦਰਜੀਤ, ਮੁਖਤਾਰ ਗਿੱਲ, ਦਲਬੀਰ ਚੇਤਨ, ਡਾ. ਜੁਗਿੰਦਰ ਕੈਰੋਂ, ਪ੍ਰਿੰ. ਜਸਪਾਲ ਸਿੰਘ ਰੰਧਾਵਾ, ਪ੍ਰਿੰ. ਸੁਰਜੀਤ ਸਿੰਘ ਭੱਟੀ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਡਾ. ਕੁਲਵੰਤ ਸਿੰਘ ਸੰਧੂ, ਪ੍ਰੋ. ਅਵਤਾਰ ਜੌੜਾ, ਸ. ਕਰਨੈਲ ਸਿੰਘ ਨਿੱਝਰ, ਡਾ. ਇਕਬਾਲ ਸਿੰਘ ਭੋਮਾ, ਪ੍ਰੋ. ਹਰਬੰਸ ਸਿੰਘ ਬੋਲੀਨਾ, ਪ੍ਰੋ. ਗੁਰਦਿਆਲ ਸਿੰਘ ਸਹੋਤਾ, ਪ੍ਰੋ. ਗੋਪਾਲ ਸਿੰਘ ਬੁੱਟਰ, ਪ੍ਰੋ. ਦਲਬੀਰ ਸਿੰਘ, ਪ੍ਰੋ. ਸਰਵਨ ਸਿੰਘ ਪਰਿਹਾਰ, ਡਾ. ਰਜਨੀਸ਼ ਬਹਾਦਰ, ਦੇਸ਼ ਭਗਤ ਪਰਿਵਾਰ ਜਲੰਧਰ ਵਲੋਂ ਗੁਰਮੀਤ ਤੇ ਹੋਰ ਸਾਥੀ, ਪ੍ਰੋ. ਸੁਖਵੰਤ ਗਿੱਲ, ਸ. ਹਿਰਦੇਪਾਲ ਸਿੰਘ ਪ੍ਰੀਤ ਨਗਰ, ਡਾ. ਅਜੀਤ ਸਿੰਘ ਸ਼ਾਹੀ, ਡਾ. ਸੁਰਿੰਦਰ ਮੰਡੌ, ਡਾ. ਹਰਚਰਨ ਸਿੰਘ ਬੇਦੀ, ਗੁਰਬਚਨ ਸਿੰਘ, ਭੁਪਿੰਦਰਜੀਤ ਮੁਕਤਸਰ, ਨਿੰਦਰ ਘੁਗਿਆਣਵੀ ਅਤੇ ਹੋਰ ਵੀ ਅਣਗਿਣਤ ਹਤੈਸ਼ੀ ਮਿੱਤਰ ਰਿਸ਼ਤੇਦਾਰ ਸ਼ਾਮਲ ਸਨ। ਸਟੇਜ ਦਾ ਸਫਲ ਸੰਚਾਲਨ ਪ੍ਰੋ. ਜਾਗੀਰ ਕਾਹਲੋਂ ਨੇ ਕੀਤਾ ਅਤੇ ਧੰਨਵਾਦੀ ਸ਼ਬਦ ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਕਹੇ।



Namdhari Elibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

**OPP. INDUSTRIAL ESTATE,**
**JAMMU CANTT.**



Namdhari Elibrary NamdhariElibrary@gmail.com

# ਕਿਸਾਨ ਦਾ ਗੁਰੂ ਅਰਜਨ

*—ਸਾਧੂ ਸਿੰਘ ਕਿਸਾਨ ਬਦਾਯੂੰ*

ਸੱਚ ਆਚਾਰ ਦੇ ਧਾਰਨੀ ਸੱਚੇ ਸੁੱਚੇ ਕਿਰਤੀ, ਪਰਮ-ਮਨੁੱਖ ਗੁਰੂ ਨਾਨਕ ਦੇਵ ਜੀ ਦੇ ਪਰਮ ਮਿੱਤਰ, ਭਾਈ ਲਾਲੋ ਦੀ ਕਿਰਤਗਾਹ, ਸਮੇਂ ਤੇ ਭਾਰੂ ਵਿਚਾਰਕ ਸ੍ਰੀ ਗੁਰੂ ਨਾਨਕ ਨਾਲ, ਸਮੇਂ ਦੇ ਵਿਜਈ ਬਾਬਰ ਦੀ ਭੇਟ-ਸਥਲੀ, ਸ੍ਰੀ ਨਾਨਕ ਨਿਰੰਕਾਰੀ ਦਾ ਮਹਾਨ ਤਪੋ-ਸਥਾਨ, ਨਾਨਕ ਬਾਣੀ ਦਾ ਮਾਸਪੁਰੀ, ਉਹਨਾਂ ਵਕਤਾਂ ਦਾ ਸੈਦਪੁਰ, ਸਰਕਾਰੀ ਕਾਗਜ਼ਾਂ 'ਚ ਏਮਨਾਬਾਦ, ਸ਼ਰਧਾਲੂਆਂ ਦਾ ਗੁਰਦੁਆਰਾ ਰੋੜੀ ਸਾਹਿਬ, ਹਰ ਮਹੀਨੇ ਲਗਦੀ ਪੂਰਨਮਾਸ਼ੀ ਦੇ ਮੇਲਿਓਂ ਮੁੜਦੀਆਂ ਥੱਕੀਆਂ ਬੁੜ੍ਹੀਆਂ ਦੀ ਨਾਨਕ ਰੋੜੀ, ਤੋਂ ਤਿੰਨ ਕੋਹ ਲਹਿੰਦੇ ਪਹਾੜ ਦੀ ਗੁੱਠੇ ਵਸਦੇ ਪਿੰਡ ਹਿੰਦੂ ਚੱਕ, 'ਜਿਹੜਾ ਹੁਣ ਤੱਕ ਵੀ ਸੁਪਨਿਆਂ 'ਚ ਉਵੇਂ ਕਿਵੇਂ ਦਾ, ਪਿੱਠਾਂ ਜੋੜ ਜੋੜ ਪਾਏ ਵਿਰਲੇ ਪੱਕੇ, ਬਹੁਤੇ ਕੱਚੇ ਕੋਠੇ, ਇਕ ਪਉੜੀ ਚੜ੍ਹਿਆਂ, ਸਾਰਾ ਪਿੰਡ ਵਿਰਿਆ ਜਾ ਸਕਦਾ, ਪਿੰਡ ਦੀਆਂ ਪੰਜ ਗਲੀਆਂ 'ਚੋਂ ਕੋਈ ਵੀ ਦੂਰ ਨਾ ਜਾਂਦੀ, ਗਲੀ 'ਚ ਵੜਨ ਵਾਲੇ ਓਭੜ ਰਾਹੀ ਫਕੀਰ ਮੰਗਤੇ ਨੂੰ ਵਾਪਸ ਹੀ ਮੁੜਨਾ ਪੈਂਦਾ, ਸੁਰੱਖਿਆ ਪੱਖੋਂ ਪਹਿਲੇ ਜ਼ਮਾਨੇ ਦੀ ਸ਼ਾਨਦਾਰ ਕਿਲ੍ਹੇਬੰਦੀ, ਵਿਚਕਾਰੋਂ ਉੱਚਾ ਪਾਸਿਆਂ ਤੋਂ ਨੀਵਾਂ, ਸੁੱਕੀਆਂ ਗਲੀਆਂ ਵਾਲੇ ਪਿੰਡੋਂ ਪੈਦਲ ਪੂਰਨਮਾਸ਼ੀ ਦੇ ਮੇਲੇ ਜਾ ਕੇ, 'ਚੰਦੂ ਦੀ ਨੂੰਹ ਦਾ ਵਿਰਲਾਪ', ਲਿਆ ਕੇ ਪੜ੍ਹਿਆ।

ਅੱਲੜ੍ਹ ਮਨ ਸ਼ੰਕਾ ਗ੍ਰਸਤ ਹੋ ਗਿਆ ਕਿ ਰਿਸ਼ਤੇ ਦੇ ਮਸਲੇ ਤੇ ਚੰਦੂ ਹੱਥੀਂ ਮਾਰੇ ਗੁਰੂ ਜੀ, ਸ਼ਹੀਦ ਕਿਵੇਂ ਗਿਣੇ ਗਏ, ਤੇ ਏਦੂੰ ਵੀ ਬਹੁਤੀ ਹੈਰਾਨੀ ਵਾਲੀ ਗੱਲ ਕਿ ਸਿਰਫ ਰਿਸ਼ਤੇ ਦੇ ਇਨਕਾਰ ਤੇ ਏਨੇ ਤਸੀਹੇ ਦੇਣੇ, ਉਹ ਵੀ ਉਸ ਵਕਤ ਦੀ ਮੁਤੱਸਬ ਹਕੂਮਤੀ ਢੰਗ ਦੇ, ਜਦੋਂ ਕਿ ਕਿੱਸੇ ਵਿਚ ਜਹਾਂਗੀਰ ਦਾ ਕੋਈ ਰੋਲ ਈ ਨਹੀਂ।

ਗੱਲ ਖਾਨੇ ਨਾ ਬੈਠੀ, ਤਾਂ ਬਾਪੂ ਜੀ (ਸ੍ਰੀ ਵਰਿਆਮੀ ਜੀ) ਅੱਗੇ ਪ੍ਰਸ਼ਨ ਕੀਤਾ, ਉੱਤਰ ਆਇਆ। ਕਿੱਸਾਕਾਰ ਨੂੰ ਕੋਈ ਪਤਾ ਈ ਨਹੀਂ, ਗੁਰੂ ਜੀ ਦੀ ਸ਼ਹੀਦੀ ਜਹਾਂਗੀਰ ਦੇ ਹੁਕਮ ਨਾਲ ਈ ਹੋਈ ਸੀ। ਹਿੰਦੂਆਂ 'ਚ ਫੁੱਟ ਪਾਣ ਵਾਸਤੇ, ਕਾਰਾ, ਚੰਦੂ ਘਰੇ ਸਿਰ ਚਾੜ੍ਹਿਆ, ਇਕ ਏਹ ਵੀ ਸ਼ਿਕਾਇਤ ਕਰਤਾ, ਦਾ ਪੱਜ ਬਣਾ ਕੇ।

ਮੈਨੂੰ ਝੱਟ ਚੇਤੇ ਆਈ। ਥੋੜ੍ਹੇ ਦਿਨ ਪਹਿਲਾਂ ਪੜ੍ਹੀ 'ਅਰਮਾਨ ਦੇਹਲਵੀ ਦੀ ਉਰਦੂ 'ਚ ਲਿਖੀ, 'ਹਿੰਦੂ ਪਤ-ਮਹਾਰਾਣਾ ਪ੍ਰਤਾਪ', ਦੀ ਹਲਦੀ ਘਾਟੀ ਦੀ ਜੰਗ, ਇਕ ਪਾਸੇ ਅਕਬਰ ਦੇ ਪੁੱਤਰ ਸਲੀਮ, ਨਾਲ ਅਨੇਕ ਹਿੰਦੂ ਰਾਜੇ ਸਣੇ ਰਾਜਾ ਮਾਨ ਸਿੰਘ ਵਾਲੀ-ਏ-ਰਿਆਸਤ ਅੰਬਰ, ਜਿਦ੍ਹੀ ਭੂਆ ਅਕਬਰ ਨਾਲ ਵਿਆਹੀ ਹੋਈ ਸੀ।

ਇਕ ਵਾਰ ਮਾਨ ਸਿੰਘ ਨੇ, ਰਾਣਾ ਪ੍ਰਤਾਪ ਵੱਲ, ਰਾਹ ਲੰਘਦਿਆਂ ਬਿਨ ਬੁਲਾਇਆਂ, ਪ੍ਰਾਹੁਣਚਾਰੀ ਦਾ ਸ਼ਰਫ਼ ਹਾਸਲ ਕਰਨਾ ਚਾਹਿਆ, ਤਾਂ ਰਾਣੇ ਨੇ ਆਓ-ਭਗਤ ਕਰਕੇ ਰਾਜੇ ਨੂੰ ਲੰਗਰ ਛਕਣ ਲਈ ਬਿਠਾਇਆ। ਪਰ ਮੇਜ਼ਬਾਨੀ ਦੇ ਅਸੂਲ ਮੂਜਬ, ਆਪ ਨਾਲ ਬੈਠ ਕੇ ਖਾਣ ਤੋਂ ਟਾਲਾ ਕਰ ਗਿਆ। ਰਾਜੇ ਮਾਨ ਸਿੰਘ ਦੇ ਜ਼ੋਰ ਦੇਣ ਤੇ, ਰਾਣੇ ਨੂੰ ਸਪੱਸ਼ਟ ਕਹਿਣਾ ਪਿਆ, ਮੈਂ ਏਨੇ ਗਿਰੇ ਹੋਏ ਭਰਿਸ਼ਟ ਹਿੰਦੂ ਨਾਲ ਖਾਣਾ ਖਾਣ ਵਾਲਾ ਬੇ ਗੈਰਤ ਨਹੀਂ ਹਾਂ। ਰਾਜੇ ਮਾਨ ਸਿੰਘ ਦੇ, ਰੋਟੀ ਵਿਚੇ ਛੱਡ ਕੇ ਚਲੇ ਜਾਣ ਬਾਦ, ਰਾਣੇ ਨੇ ਉਹਦੇ ਬਹਿਣ ਵਾਲੀ ਜਗ੍ਹਾ ਨੂੰ ਪੁਟਾ ਕੇ, ਉਥੇ ਹੋਰ ਮਿੱਟੀ ਪਾ ਕੇ, ਉੱਤੇ ਲੇਪਨ ਦੇ ਕੇ ਹੀ ਵਰਤਣ ਜੋਗ ਜਾਣਿਆ।

ਹਲਦੀ ਘਾਟੀ ਦੀ ਜੰਗ 'ਚ ਕੁਝ ਮੁਗ਼ਲ ਫੌਜਦਾਰ ਸਲੀਮ ਕੋਲ ਗਏ ਕਿ ਦੋਹੀਂ ਪਾਸੀਂ ਰਾਜਪੂਤਾਂ ਦੀਆਂ ਵਰਦੀਆਂ ਤੇ ਸ਼ਕਲਾਂ ਇਕੋ ਜਿਹੀਆਂ ਹੋਣ ਕਰਕੇ ਸਾਨੂੰ ਸੱਜਣ ਦੁਸ਼ਮਣ ਦੀ ਪਛਾਣ ਕਰਨ ਦੀ ਬੜੀ ਮੁਸ਼ਕਲ ਹੋ ਰਹੀ ਏ, ਕੋਈ ਪਛਾਣ ਚਿੰਨ੍ਹ ਜਾਰੀ ਕਰਨ ਦਾ ਹੁਕਮ ਦਿਓ। ਕੋਈ ਹਿੰਦੂ ਰਾਜਾ ਨੇੜੇ ਨਾ ਵੇਖ ਕੇ ਸਲੀਮ ਨੇ ਆਖਿਆ, 'ਤੁਮ ਅੰਧਾ ਧੁੰਦ ਤੀਰ ਤਲਵਾਰ ਚਲਾਏ ਜਾਓ। ਮਰੇਂਗੇ ਤੋ ਆਖਰ ਹਿੰਦੂ ਰਾਜਪੂਤ ਹੀ', ਇਹ ਸੀ ਜਹਾਂਗੀਰੀ ਸੋਚ ਜਿਦ੍ਹੇ ਵੱਲ ਇਤਿਹਾਸਕਾਰਾਂ ਦਾ ਧਿਆਨ ਬਹੁਤਾ ਨਹੀਂ ਗਿਆ।

ਅਤੇ ਆਖਰ ਚੰਦੂ ਨੂੰ, ਪਿਤਾ ਦੀ ਸ਼ਹੀਦੀ ਤੇ ਗੁੱਸਾ ਖਾਏ ਹੋਏ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਪੇਸ਼ ਪਾ ਕੇ, ਜਹਾਂਗੀਰ ਨੇ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਸਮਝ ਲਏ, ਪਰ ਛੇਵੇਂ ਪਾਤਸ਼ਾਹ, ਇਕ ਨੂੰ ਹੱਥ ਆਇਆ ਜਾਣ, ਦੂਜੇ ਨਾਲ ਫਿਰ ਨਿਪਟਣ ਦੀ ਰਾਜਨੀਤ ਸੋਚ ਕੇ ਵਕਤੀ ਤੌਰ ਤੇ ਚੁੱਪ ਕਰ ਗਏ।

ਕਿੱਸੇ ਵਾਲੀ ਗੱਲ ਨੂੰ ਅੱਧੀ ਸਦੀਓਂ ਬਹੁਤਾ ਸਮਾਂ ਬੀਤ ਗਿਐ, ਹੁਣ ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ 'ਵਰਿਆਮ' ਵਿਚ ਇਕ...'ਲਿਖਤ' ਪੜ੍ਹ ਕੇ ਮਨ ਵਿਚ ਬੜੀ ਹਲਚਲ ਹੋਈ। ਕਿੱਸਾਕਾਰ ਨੂੰ ਤਾਂ ਖੋਜ ਕਰਨ ਦੀ ਕੋਈ ਲੋੜ ਨਹੀਂ ਸੀ। ਕਿਉਂ ਜੋ ਉਹ ਇਤਿਹਾਸ ਨਹੀਂ, ਚੰਦੂ ਦੀ ਨੂੰਹ ਦਾ ਵਿਰਲਾਪ ਹੀ ਲਿਖ ਰਿਹਾ ਸੀ, ਪਰ ਇਹ ਲੇਖ ਤਾਂ ਜੁਰਮਾਨੇ ਬਾਰੇ ਸਾਧਾਰਨ ਜਿਹਾ ਹੁਕਮ ਦੇਣ ਬਾਦ, ਜਹਾਂਗੀਰ ਨੂੰ ਲਾਹੌਰੋਂ ਬਾਹਰ ਭੇਜ ਕੇ ਨਿਰਦੋਸ਼ ਸਾਬਤ ਕਰਨ ਵਾਸਤੇ ਹੀ ਲਿਖਿਆ



Namdhari Elibrary NamdhariElibrary@gmail.com

ਜਾਪਦਾ ਏ। ਸੋ ਇਸ ਲੇਖ ਤੋਂ ਮੁਤਾਸਰ ਹੋ ਕੇ, ਜਿੰਨੀ ਕੁ ਜਾਣਕਾਰੀ ਮੈਨੂੰ ਸਹਿ ਸੁਭਾ ਹਾਸਲ ਹੋ ਸਕੀ, ਇਹ ਪਾਠਕਾਂ ਦੇ ਪੇਸ਼ ਕਰਨ ਦਾ ਉਪਰਾਲਾ ਹੀ ਅਗਲੀਆਂ ਸਤਰਾਂ ਨੇ–

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਇਕ ਸਿੱਖ ਨੇ ਕੋਈ ਸ਼ਬਦ ਪੜ੍ਹਿਆ। ਗੁਰਬਾਣੀ ਤੋਂ ਬਾਹਰ ਦਾ ਸ਼ਬਦ ਹੋਣ ਕਰਕੇ ਗੁਰੂ ਜੀ ਨੇ ਟੋਕ ਦਿੱਤਾ, ਤਾਂ ਕਈ ਹੋਰ ਸਿੱਖਾਂ ਨੇ ਢੁਕਵਾਂ ਸਮਾਂ ਜਾਣ ਕੇ ਅਰਜ਼ਾਂ ਕੀਤੀਆਂ ਕਿ ਪ੍ਰਿਥੀਏ ਦਾ ਪੁੱਤਰ ਮਿਹਰਬਾਨ, ਨਾਨਕ-ਨਾਮ ਹੇਠ ਕਵਿਤਾ ਲਿਖ ਕੇ, ਬਹੁਤ ਪ੍ਰਚਾਰ ਪ੍ਰਸਾਰ ਕਰੀ ਜਾਂਦਾ ਏ।

ਸਿੱਖਾਂ ਦੀ ਵਿਸਥਾਰਤ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ, ਕੋਲ ਬੈਠੇ, ਭਾਈ ਗੁਰਦਾਸ ਜੀ (ਜੋ ਕਿ ਆਗਰੇ ਤੋਂ ਇਕ ਵਾਰ, ਗੁਰੂ ਦਰਸ਼ਨਾਂ ਨੂੰ ਆ ਕੇ, ਲੰਗਰ ਛਕਣ ਬੈਠੇ ਤਾਂ ਗੁਰੂ ਪਤਨੀ ਸ੍ਰੀ ਮਾਤਾ ਗੰਗਾ ਜੀ ਨੇ, ਰਲੇ ਮਿਲੇ ਆਟੇ ਦਾ ਖੁਸ਼ਕ ਫੁਲਕਾ ਅਚਾਰ ਨਾਲ ਪ੍ਰੋਸਿਆ। ਭਾਈ ਜੀ ਦੇ ਕਾਰਨ ਪੁੱਛਣ ਤੇ ਮਾਤਾ ਜੀ ਨੇ ਦੱਸਿਆ, ਕਿ ਜੇਠ ਜੀ (ਪ੍ਰਿਥੀਆ) ਨੇ ਨਗਰ ਦੇ ਚੁਫੇਰੇ ਆਪਣੇ ਆਦਮੀ ਤੈਨਾਤ ਕੀਤੇ ਹੋਏ ਨੇ ਜੋ ਸੰਗਤਾਂ ਨੂੰ ਪ੍ਰੇਰਕੇ ਵੀ ਅਤੇ ਜ਼ਬਰਦਸਤੀ ਵੀ ਕਾਰ ਭੇਟ ਸਮੇਤ ਆਪਣੇ ਵੱਲ ਖਿੱਚ ਖੜਦੇ ਨੇ, ਸੁਣਕੇ ਭਾਈ ਜੀ ਨੇ ਬਾਬਾ ਬੁੱਢਾ ਜੀ ਅਤੇ ਹੋਰ ਸਿੱਖਾਂ ਨਾਲ ਸਲਾਹ ਕਰਕੇ, ਗੁਰੂ ਘਰ ਦਾ ਸਾਰਾ ਪ੍ਰਬੰਧ ਕੁਝ ਹੋਰ ਸਿੱਖਾਂ ਸਣੇ ਆਪਣੇ ਹੱਥ ਲੈ ਲਿਆ। "ਗੁਰੂ ਕਾ ਚੱਕ ਰਾਮਦਾਸ ਪੁਰ, ਦੇ ਚੁਫੇਰੇ ਆਪਣੇ ਤਕੜੇ ਤੇ ਸਿਆਣੇ ਆਦਮੀ ਖਲਾਰ ਕੇ ਆਪ ਨਾਲ ਹੋ ਕੇ ਆਉਂਦੀਆਂ ਸੰਗਤਾਂ ਨੂੰ ਅਸਲੀਅਤ ਤੋਂ ਜਾਣੂ ਕਰਾ ਕੇ ਅਸਲੀ ਗੁਰੂ ਘਰ ਵੱਲ ਮੋੜ ਪਾਉਣਾ ਸ਼ੁਰੂ ਕੀਤਾ। ਤਦੋਂ ਤੋਂ ਆਪਣਾ ਨਿਵਾਸ ਪੱਕੇ ਤੌਰ ਤੇ ਏਥੇ ਹੀ ਕਰ ਲਿਆ) ਵੱਲ ਵੇਖਿਆ, ਦੀਵਾਨ ਬਾਦ ਡੂੰਘੀ ਵਿਚਾਰ ਕਰਕੇ ਫੈਸਲਾ ਕੀਤਾ, ਕਿ ਇਸ ਪਖੰਡ ਦਾ ਪਰਦਾ ਫਾਸ਼ ਕਰਕੇ ਸ਼ੁੱਧ ਗੁਰਬਾਣੀ ਦਾ, ਸੰਗ੍ਰਹਿ ਕਰਨਾ ਚਾਹੀਦਾ ਹੈ।

ਸ੍ਰੀ ਗੁਰੂ ਜੀ ਨੇ ਰਾਤ ਨੂੰ ਜਦੋਂ ਏਸੇ ਸਬੰਧ ਵਿਚ ਆਪਣੇ ਅਤਿ ਮਹੱਤਵਪੂਰਨ ਪੁਸਤਕ ਭੰਡਾਰ ਖੋਲ੍ਹ ਕੇ ਵੇਖਿਆ ਤਾਂ ਉਹਨਾਂ ਦੇ ਕਵੀ ਮਨ 'ਚੋਂ ਸ੍ਰੁਤਿ ਸਿੱਧ ਇਕ ਸ਼ਬਦ ਇਉਂ ਪ੍ਰਸਫੁਟ ਹੋਇਆ–

ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥੧॥ ਰਹਾਉ॥ ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥ ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥੨॥.....॥

(ਗਉੜੀ, ੧੮੫)

ਰਾਤ ਵਾਲੀ ਲੱਭਤ ਅਤੇ ਉਸ ਬਾਰੇ ਇਹ ਸ਼ਬਦ, ਸਵੇਰੇ ਸਤਿਗੁਰਾਂ ਭਾਈ ਗੁਰਦਾਸ ਨੂੰ ਸੁਣਾਇਆ ਤਾਂ ਉਹ ਵੀ ਅਤਿ ਪ੍ਰਸੰਨ ਹੋਇਆ।

ਦੂਜੇ, ਤੀਜੇ ਅਤੇ ਚੌਥੇ ਸਤਿਗੁਰੂ ਜੀ ਨੇ ਕੋਈ ਲੰਬਾ ਸਫਰ ਨਹੀਂ ਕੀਤਾ, ਤਿੰਨੇ ਸਤਿਗੁਰੂ ਹੀ ਆਪਣੀ ਉੱਚਰੀ ਬਾਣੀ ਆਪਣੇ ਤੋਂ ਪਹਿਲੇ ਗੁਰੂ ਸਾਹਿਬ ਦੀ ਬਾਣੀ ਸਮੇਤ, ਗੁਰਗੱਦੀ ਦੇਣ ਸਮੇਂ, ਅਗਲੇ ਸਤਿਗੁਰੂ ਨੂੰ ਹੋਰ ਵਸਤਾਂ ਨਾਲ ਭੇਟ ਕਰ ਦਿੰਦੇ ਰਹੇ। ਇਸ ਤਰ੍ਹਾਂ ਸਾਰੇ ਗੁਰੂਆਂ ਦੀ ਬਾਣੀ ਸ਼ੁੱਧ ਰੂਪ 'ਚ ਗੁਰੂ ਅਰਜਨ ਦੇਵ ਜੀ ਤੱਕ ਪੁੱਜਦੀ ਹੋ ਗਈ। ਕੁਝ ਪੋਥੀਆਂ ਬਿਰਧ ਗੁਰੂ ਅਮਰ ਦਾਸ ਜੀ ਦੇ ਵਿਦਵਾਨ ਪੁੱਤਰ ਮੋਹਨ ਜੀ ਕੋਲ ਸਨ। ਉਹ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗੋਇੰਦਵਾਲ ਜਾ ਕੇ ਲੈ ਆਏ। ਗੁਰੂ ਆਸ਼ੇ ਨਾਲ ਮਿਲਦੀ ਕਈ ਹਿੰਦੂ ਮੁਸਲਮਾਨ ਭਗਤਾਂ ਦੀ ਬਾਣੀ ਵੀ, ਬਿਨਾਂ ਵਿਤਕਰਾ ਇਕੱਠੀ ਕਰ ਲਈ, ਗਿਆਰਾਂ ਭੱਟਾਂ ਦੀ ਸਤਿਗੁਰ ਮਹਿਮਾ ਭਰੀ ਕਵਿਤਾ ਨੂੰ ਵੀ ਪੂਰਾ ਸਤਿਕਾਰ ਦਿੱਤਾ।

ਇਸ ਤਰ੍ਹਾਂ ਬਹੁਤ ਸਾਰੀ ਸਮੱਗਰੀ ਇਕੱਤਰ ਹੋ ਗਈ। ਜਿਸ ਨੂੰ ਤਰਤੀਬ ਦਿੰਦਿਆਂ ਬੜਾ ਸਮਾਂ ਲੱਗ ਗਿਆ। ਇਸਾਈਆਂ ਦੀ 'ਅੰਜੀਲ' ਅਤੇ ਮੁਸਲਮਾਨਾਂ ਦੇ 'ਕੁਰਾਨ', ਵਾਂਗ ਨਾਨਕ ਪੰਥੀਆਂ ਦੀ ਧਰਮ ਪੁਸਤਕ, ਤਿਆਰ ਹੋਣ ਦਾ ਚਰਚਾ, ਦੂਰ ਦੂਰ ਤੱਕ ਹੋ ਗਿਆ।

ਹਿੰਦੂਆਂ ਦੇ ਜਨਮਜਾਤ ਵਿਰੋਧੀ ਅਤੇ ਮੌਲਵੀਆਂ ਦੇ ਪ੍ਰਮੁੱਖ ਆਗੂ ਬਣਨ ਦੇ ਚਾਹਵਾਨ, ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ ਸਰਹਿੰਦੀ ਨੇ, ਬੜੇ ਤਰੀਕੇ ਨਾਲ ਬਾਬਰ ਦੇ ਪੋਤੇ ਅਕਬਰ ਦੇ ਕੰਨਾਂ 'ਚ ਇਹ ਗੱਲ ਪਾਈ ਕਿ ਹਿੰਦੂਆਂ ਦੇ ਆਪੇ ਬਣੇ ਪੀਰ ਅਰਜਨ ਦੇਵ, ਕੁਰਾਨ ਸ਼ਰੀਫ ਦੇ ਮੁਕਾਬਲੇ ਇਕ 'ਧਰਮ ਪੋਥੀ, ਤਿਆਰ ਕਰਦੇ ਪਏ ਨੇ, ਜਿਦੇ ਵਿਚ ਇਸਲਾਮ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਬਾਰੇ ਬੜਾ ਊਲ ਜਲੂਲ ਲਿਖਿਆ ਜਾ ਰਿਹਾ ਏ।

੧੫੯੮ ਦੇ ਅਖੀਰ 'ਚ ਅਕਬਰ ਨੇ ਗੋਇੰਦਵਾਲ ਆ ਕੇ ਨਵੀਂ ਧਰਮ ਪੁਸਤਕ ਬਾਰੇ ਗੁਰੂ ਜੀ ਨਾਲ ਚਰਚਾ ਛੇੜੀ, ਤਾਂ ਸਤਿਗੁਰਾਂ ਨੇ ਕਈ ਸ਼ਬਦ ਵਿਆਖਿਆ ਸਹਿਤ ਸਮਝਾਏ, ਜਿਨ੍ਹਾਂ ਨੂੰ ਸੁਣਕੇ ਹਿੰਦੂ ਮੋਮਨਾਂ ਦੇ ਸਾਂਝੇ ਧਰਮ 'ਦੀਨਿ-ਇਲਾਹੀ', ਦਾ ਮੁਦੱਈ ਅਕਬਰ ਬੜਾ ਪ੍ਰਸੰਨ ਹੋਇਆ, ਸਗੋਂ ਨਿਜੀ ਤੌਰ ਤੇ ਗੁਰੂ ਜੀ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਇਹਨਾਂ ਦੇ ਕਹਿਣ ਤੇ, ਇਲਾਕੇ ਦੇ ਔੜ ਮਾਰੇ ਕਿਸਾਨਾਂ ਦਾ ਮਾਲੀਆ ਮਾਫ ਕਰ ਗਿਆ ਅਤੇ ਆਪ ਜਿੰਨਾ ਚਿਰ ਜੀਉਂਦਾ ਰਿਹਾ, ਉਹਨੇ ਉਚੇਚਾ ਧਿਆਨ ਰੱਖਿਆ ਕਿ ਗੁਰੂ ਜੀ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਅਕਬਰ ਕੋਲੋਂ ਮੂੰਹ ਦੀ ਖਾ ਕੇ ਸਰਹਿੰਦੀ ਸ਼ੇਖ ਨੇ ਇਸ ਹਾਰ ਤੋਂ ਤਿਲਮਲਾ ਕੇ ਆਪਣੇ ਦੋਸਤ ਸ਼ਹਿਜ਼ਾਦਾ ਸਲੀਮ



Namdhari Elibrary NamdhariElibrary@gmail.com

ਕੋਲ, ਮਜ਼ਬ ਦੇ ਨਾਂ ਤੇ ਆਪਣਾ ਦੁੱਖ ਪਿੱਟਿਆ। ਜਿਸਨੇ ਵਕਤ ਆਉਣ ਤੱਕ ਇੰਤਜ਼ਾਰ ਵਾਸਤੇ ਕਹਿਕੇ, ਇਹ ਕੰਮ ਜ਼ਰੂਰ ਕਰਨ ਦਾ ਭਰੋਸਾ ਦਿੱਤਾ।

੧੬੦੫ ਵਿਚ ਅਕਬਰ ਦੀ ਮੌਤ ਬਾਅਦ ਸਲੀਮ ਜਬਰੀ ਤਖ਼ਤ ਨਸ਼ੀਨ ਹੋ ਕੇ ਜਹਾਂਗੀਰ ਬਣ ਗਿਆ। ੧੬੦੬ ਦੀਆਂ ਗਰਮੀਆਂ ਵਿਚ ਅਕਬਰ ਦੇ ਪਿਆਰੇ ਪੋਤਰੇ ਤੇ ਆਪਣੇ ਬਾਗ਼ੀ ਪੁੱਤਰ ਖ਼ੁਸਰੋ ਮਗਰ ਚੜ੍ਹਿਆ ਬਾਦਸ਼ਾਹ ਆਗਰੇ ਤੋਂ ਲਾਹੌਰ ਆਇਆ, ਤਾਂ ਸ਼ੇਖ ਅਹਿਮਦ ਵੀ ਨਾਲ ਈ ਸੀ, ਏਥੇ ਆ ਕੇ ਉਸਨੇ ਗੁਰੂ ਜੀ ਵਾਲੀ ਗੱਲ ਬੜੇ ਜ਼ੋਰ ਨਾਲ ਜਹਾਂਗੀਰ ਦੇ ਧਿਆਨ ਵਿਚ ਲਿਆਂਦੀ, ਚੰਦੂ ਅਤੇ ਪ੍ਰਿਥੀਏ ਨੇ ਵੀ ਵਿਤ ਮੂਜਬ ਬਲਦੀ ਤੇ ਤੇਲ ਪਾਇਆ।

ਜਹਾਂਗੀਰ ਆਪਣੀ ਕਲਮ ਨਾਲ ਲਿਖਦਾ ਹੈ ਕਿ ਉਸਦੇ (ਸ੍ਰੀ ਗੁਰੂ ਅਰਜਨ ਦੇਵ ਜੀ ਦੇ) ਤੌਰ ਅਤੇ ਸਿਖਿਆਵਾਂ ਤੋਂ ਪ੍ਰਭਾਵਤ ਹੋ ਕੇ ਬਹੁਤ ਸਾਰੇ ਸਿਧੜ ਹਿੰਦੂ ਅਤੇ ਕਈ ਮੂਰਖ ਮੁਸਲਮਾਨ ਵੀ ਉਸ ਦੇ ਜਾਲ ਵਿਚ ਫਸ ਚੁੱਕੇ ਨੇ, ਉਸਨੇ ਪੀਰ ਤੇ ਵਲੀ ਹੋਣ ਦਾ ਬੜਾ ਉੱਚਾ ਝੰਡਾ ਝੁਲਾਇਆ ਹੋਇਆ ਹੈ। ਤਿੰਨ ਚਾਰ ਪੁਸ਼ਤਾਂ ਤੋਂ ਉਹਨਾਂ ਇਸ ਦੁਕਾਨ ਨੂੰ ਜਾਰੀ ਕਰਕੇ ਬੜੀ ਸਰਗਰਮੀ ਨਾਲ ਚਾਲੂ ਰੱਖਿਆ ਹੋਇਆ ਹੈ। ਕਿਤਨੇ ਚਿਰਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ, ਜਾਂ ਉਸ (ਗੁਰੂ ਜੀ) ਨੂੰ ਮੁਸਲਮਾਨ ਬਣਾ ਲੈਣਾ ਚਾਹੀਦਾ ਹੈ।

ਏਥੇ ਇਕ ਲਾਈਨ ਖ਼ੁਸਰੋ ਦੀ ਬਗਾਵਤ ਵਾਲੀ ਵੀ ਚਲਦੀ ਏ, ਪਰ ਉਹ ਸਿਰਫ਼ ਏਨੀ ਕੁ ਹੀ ਕਿ 'ਥਾਨੇਸਰ' ਦੇ ਸ਼ੇਖ ਨਿਜ਼ਾਮ ਨੇ ਖ਼ੁਸਰੋ ਦੇ ਹੱਕ 'ਚ ਦੁਆ ਕੀਤੀ ਸੀ, ਉਸ ਨੂੰ ਸਰਕਾਰੀ ਖਰਚੇ ਤੇ ਮੱਕੇ ਭੇਜ ਦਿੱਤਾ ਗਿਆ। ਪਰ ਏਨੀ ਕੁ ਗੱਲ ਤੋਂ ਹੀ ਹਿੰਦੂ ਪੀਰ ਨੂੰ ਤਸੀਹੇ ਦੇ ਕੇ ਮਾਰਨ ਅਤੇ ਜਾਇਦਾਦ ਜ਼ਬਤੀ ਦਾ ਹੁਕਮ ਦਿਤਾ ਗਿਆ।

ਪਰ ਇਹ ਗੱਲ ਏਸ ਵਾਸਤੇ ਨਹੀਂ ਜਚਦੀ ਕਿ ਬਾਦਸ਼ਾਹ ਸਾਰੇ ਪੰਜਾਬ ਵਿਚੋਂ ਲੰਘ ਕੇ ਲਾਹੌਰ ਆਇਆ। ਗੁਰੂ ਜੀ ਖਿਲਾਫ ਕੋਈ ਸ਼ਿਕਾਇਤ ਨਹੀਂ, ਖ਼ੁਸਰੋ ਨੂੰ ਚਨਾਬ ਲੰਘਦਿਆਂ ਗ੍ਰਿਫਤਾਰ ਕਰਕੇ ਲਾਹੌਰ ਲਿਆ ਕੇ ਬੁਰੀ ਤਰ੍ਹਾਂ ਮਾਰ ਦਿੱਤਾ ਗਿਆ। ਅਜੇ ਤੱਕ ਵੀ ਕੋਈ ਸ਼ਿਕਾਇਤ ਨਹੀਂ। ਏਨਾ ਸਮਾਂ ਲਾਹੌਰ ਹੋਣ ਦੇ ਬਾਵਜੂਦ ਵੀ, ਗੁਰੂ ਜੀ ਵੱਲ ਅਹਿਦੀਏ ਆਪ ਲਾਹੌਰੋਂ ਜਾਣ ਤੋਂ ਕੁਝ ਚਿਰ ਪਹਿਲਾਂ ਹੀ ਭੇਜੇ।

ਅਸਲ ਵਿਚ ਇਹ ਖ਼ੁਸਰੋ ਵਾਲੀ ਗੱਲ ਕਿਸੇ ਬਾਦ ਵਿਚ ਨਾਲ ਜੋੜ ਦਿੱਤੀ ਏ, ਜਿਹੜਾ ਆਪਣੇ ਪੁੱਤਰ ਦਾ ਲਿਹਾਜ਼ ਨਹੀਂ ਕਰਦਾ, ਉਹਦੇ ਸਹਾਇਕ ਨੂੰ ਇੰਨੀ ਢਿੱਲ ਕਿਵੇਂ ਦੇ ਸਕਦਾ ਸੀ। ਸੋ ਅਸਲੀ ਗੱਲ ਤਾਂ 'ਦੀਨ ਮਜ਼੍ਹਬ' ਜਾਂ 'ਨਾਨਕ ਪੰਥ' ਦੇ ਜ਼ੋਰ ਫੜ ਜਾਣ ਦਾ ਡਰ ਹੀ ਸੀ, ਜੋ ਕਿ ਅੱਗੇ ਜਾ ਕੇ ਸੱਚ ਸਾਬਤ ਹੋਇਆ।

ਏਸ ਸਮੇਂ ਤੋਂ ਕਰੀਬ ਦੋ ਸਾਲ ਪਹਿਲਾਂ ਹੀ ਪੋਥੀ ਜਾਂ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਹੋ ਕੇ ਇਸ ਦਾ ਪਹਿਲਾ ਪ੍ਰਕਾਸ਼ ਕਰਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਸੇਵਾਦਾਰ ਥਾਪਿਆ ਜਾ ਚੁੱਕਾ ਸੀ।

ਲਾਹੌਰੋਂ ਬਾਦਸ਼ਾਹ ਦੇ ਭੇਜੇ ਹੋਏ ਅਹਿਦੀਏ ਜਦੋਂ ਅੰਮ੍ਰਿਤਸਰ ਆਏ ਤਾਂ ਉਹਨਾਂ ਨਾਲ ਜਾਣ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਆਦਿਕ ਹੋਰ ਪ੍ਰਮੁੱਖ ਸਿੱਖਾਂ ਨਾਲ ਸਲਾਹ ਕਰਕੇ, ਤਕੜੇ ਹੋਣਹਾਰ ਹਰਿਗੋਬਿੰਦ ਜੀ ਨੂੰ ਗੁਰਗੱਦੀ ਤੇ ਬਠਾਲ, ਆਪਣੀ ਨਿਸ਼ਚਿਤ ਸ਼ਹੀਦੀ ਤੋਂ ਬਾਅਦ ਵਾਲੇ ਹਾਲਾਤ ਲਈ ਸਾਰਿਆਂ ਨੂੰ ਤਿਆਰ ਕਰ, ਪੰਜ ਸਿਆਣੇ ਸਿੱਖਾਂ ਬਿਧੀਆ, ਜੇਠਾ, ਪੈੜਾ, ਪਿਰਾਣਾ, ਲੰਗਾਹਾ ਨੂੰ ਨਾਲ ਲੈ ਕੇ ਔਖੇ ਤੋਂ ਔਖੇ ਅੰਤਮ ਸਮੇਂ ਲਈ ਤਿਆਰ ਹੋ ਕੇ ਲਾਹੌਰ ਪਹੁੰਚ ਗਏ। ਅੱਗੋਂ ਗਿਣੀ ਮਿਥੀ ਚਾਲ ਮੁਤਾਬਕ ਡੇਰਾ ਭਾਵੇਂ ਇਕ ਸ਼ਿਕਾਇਤ ਕਰਦਾ ਹੋਣ ਕਰਕੇ ਚੰਦੂ ਸ਼ਾਹੀ ਦੇ ਘਰ ਹੀ ਲਵਾਇਆ ਗਿਆ, ਪਰ ਕੱਟੜ ਮੁਲਾਣਿਆਂ ਦਾ ਇਕ ਗਰੁੱਪ, ਸਤਿਗੁਰਾਂ ਨਾਲ ਗੱਲਬਾਤ ਕਰਨ, ਜੇ ਲੋੜ ਪਵੇ ਤਾਂ ਸਜ਼ਾਵਾਂ ਨਿਯਤ ਕਰਕੇ ਲਾਗੂ ਵੀ ਕਰਨ ਵਾਸਤੇ ਪਹਿਲਾਂ ਹੀ ਆਇਆ ਬੈਠਾ ਸੀ।

ਮੌਲਵੀਆਂ ਨੇ ਗੁਰੂ ਜੀ ਨਾਲ ਧਰਮ ਪੁਸਤਕ ਬਾਰੇ ਕੋਈ ਜ਼ਿਕਰ ਨਹੀਂ ਕੀਤਾ, ਸ਼ਾਹੀ ਹੁਕਮ ਮੁਤਾਬਕ, ਮੁਸਲਮਾਨ ਹੋਣ ਜਾਂ ਤਸੀਹਿਆਂ ਭਰੀ ਮੌਤ 'ਚੋਂ ਇਕ ਦੀ ਚੋਣ ਕਰਨ ਵਾਸਤੇ ਬੜੇ ਸਖ਼ਤ ਲਫ਼ਜ਼ਾਂ ਵਿਚ ਫੈਸਲਾ ਸੁਣਾ ਦਿੱਤਾ। ਇਹਨਾਂ ਦੀ ਗੁਰੂ ਜੀ ਨਾਲ ਬੇਅਦਬੀ ਭਰੀ, ਅਤਿ ਭੈੜੀ ਸ਼ਬਦਾਵਲੀ ਵਰਤਣ ਦਾ ਖਰਾਂਟ ਸਿੱਖਾਂ ਭਾਈ ਬਿਧੀ ਚੰਦ, ਆਦਿਕਾਂ ਨੇ ਗੁਰੂ ਜੀ ਦੇ ਰੋਕਦਿਆਂ ਵੀ, ਕਰੜਾ ਵਿਰੋਧ ਕੀਤਾ, ਤਾਂ ਇਹਨਾਂ ਪੰਜਾਂ ਈ ਸਿੱਖਾਂ ਨੂੰ ਇਸੇ ਵਾਸਤੇ ਕੋਲ ਤਿਆਰ ਖੜ੍ਹੇ ਕਾਫ਼ੀ ਜੱਲਾਦਾਂ ਤੋਂ, ਹੱਡ ਗੋਡੇ ਤੁੜਵਾ, ਅਧਮੋਏ ਕਰ, ਵੱਖਰੇ ਕਮਰਿਆਂ 'ਚ ਬੰਦ ਕਰ ਦਿੱਤਾ ਗਿਆ। ਫਿਰ ਗੁਰੂ ਜੀ ਦੇ ਤੁਰਕਪੁਣੇ ਤੋਂ ਇਨਕਾਰ ਕਰਨ ਤੇ, ਇਹਨਾਂ ਦਾ ਉਦੋਂ ਵੀ ਬਹੁਤ ਮਾੜਾ ਹਾਲ ਕਰਕੇ ਵੱਖਰੀ ਕੋਠੜੀ 'ਚ ਸੁੱਟ ਦਿੱਤਾ ਗਿਆ।

ਦੂਸਰੇ ਦਿਨ ਚੰਡਾਲ ਚੌਂਕੜੀ ਦੇ ਆਉਂਦਿਆਂ ਨੂੰ, ਸਤਿਗੁਰੂ ਜੀ ਅਰਧ ਬਿਹੋਸ਼ੀ ਦੀ ਹਾਲਤ ਵਿਚ ਧੀਮੀ ਸੁਰ, ਜਪੁ ਸਾਹਿਬ ਦਾ ਪਾਠ ਉਚਾਰਨ ਕਰ ਰਹੇ ਸਨ, ਸੁਣਦਿਆਂ ਹੀ ਦੁਸ਼ਟ ਅੱਗ ਬਗੋਲੇ ਹੋ ਗਏ, ਅਤੇ ਫਿਰ ਤੁਰਕ ਹੋਣ ਬਾਰੇ ਆਪਣਾ ਸੁਆਲ ਦੁਹਰਾਇਆ। ਅਤਿ ਸਿਰੜੀ ਗੁਰੂ ਜੀ ਨੇ ਆਪਣਾ ਮਨ ਏਦੂੰ ਵੀ ਔਖੀਆਂ ਹਾਲਤਾਂ ਵਾਸਤੇ ਤਿਆਰ ਕਰ ਲਿਆ ਸੀ, ਇਸ ਕਰਕੇ ਚੁੱਪ ਦਾ ਪ੍ਰਣ ਧਾਰਨ ਕਰ ਲਿਆ।



Namdhari Elibrary NamdhariElibrary@gmail.com

ਹੁਣ ਜ਼ੁਲਮ ਤੇ ਸਬਰ ਦਾ, ਗਹਿਗੱਚ ਘਮਸਾਨ ਸ਼ੁਰੂ ਹੋ ਗਿਆ। ਪਾਪੀਆਂ ਨੇ ਚੁੱਪ ਤੋਂ ਗੁੱਸਾ ਖਾ ਕੇ ਪਾਣੀ ਦੀ ਦੇਗ ਗਰਮ ਕਰਵਾਈ। ਜਦੋਂ ਪਾਣੀ ਉਬਲਣ ਲੱਗ ਪਿਆ ਤਾਂ ਜਲਾਦਾਂ ਨੂੰ ਕਹਿ ਕੇ, ਸ਼ਾਂਤੀ ਪੁੰਜ ਨੂੰ ਚੁੱਕ ਕੇ ਵਿਚ ਸੁਟਵਾ ਦਿੱਤਾ। ਕੋਈ ਹੁੰਗਾਰਾ ਸੁਣਨ ਵਾਸਤੇ, ਗਲ ਤੋਂ ਉੱਪਰਲਾ ਭਾਗ, ਪਵਿੱਤਰ ਕੇਸਾਂ ਤੋਂ ਫੜ ਕੇ ਨੰਗਾ ਰੱਖਿਆ, ਜਦੋਂ ਗੁਰੂ ਜੀ ਦਾ ਸਰੀਰ ਪੂਰਨ ਤੌਰ ਤੇ ਬੇਹਿਸ ਹੋ ਗਿਆ ਤਾਂ ਦੇਗ ਚੋਂ ਕੱਢ ਕੇ ਬਾਹਰ ਸੁੱਟ ਦਿੱਤੇ ਗਏ।

ਕਾਫੀ ਦੇਰ ਬਾਅਦ ਅਤਿ ਕੋਮਲ ਮਨ, ਅਤਿ ਸਖਤ ਜਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ 'ਚੋਂ 'ਤੇਰਾ ਕੀਆ ਮੀਠਾ ਲਾਗੇ', ਦੀ ਧੀਮੀ ਧੁਨ ਆਪ ਮੁਹਾਰੇ ਪ੍ਰਸਫੁਟ ਹੋਣੀ ਸ਼ੁਰੂ ਹੋ ਗਈ। ਸੰਗ ਦਿਲ ਮੋਮਨਾਂ ਨੇ ਹੋਸ਼ ਵਿਚ ਆਉਂਦੇ ਜਾਣ ਕੇ, ਇਕ ਲੋਹ ਗਰਮ ਕਰਵਾਈ। ਜਦੋਂ ਸੁਰਖ ਹੋ ਗਈ ਤਾਂ ਜੱਲਾਦਾਂ ਨੇ ਚੁੱਕ ਕੇ, ਸਤਿਗੁਰੂ ਜੀ ਦਾ ਉੱਪਰ ਆਸਣ ਲਵਾ ਦਿੱਤਾ। ਪਹਿਲਾਂ ਸੜਦੇ ਪਾਣੀ ਨਾਲ ਛਾਲੋ ਛਾਲੇ ਹੋਇਆ ਉਬਲਿਆ ਹੋਇਆ ਸਰੀਰ ਤੱਤੀ ਤਵੀ ਤੇ ਚੁਰੜ ਚੁਰੜ ਕਰਨ ਲੱਗ ਪਿਆ। ਕਸਾਈਆਂ ਦਾ ਦਿਲ ਭਰਿਆ ਨਹੀਂ ਅਜੇ ਵੀ ਲਾਗਲੀ ਕੜਾਹੀ 'ਚੋਂ ਭੁੱਜਦੀ ਰੇਤ ਇਕ ਭੜਭੂੰਜੇ ਤੋਂ ਕਢਣੇ ਭਰ ਭਰ, ਸੁੰਦਰ ਸੀਸ ਤੇ, ਪਵਾਣੀ ਸ਼ੁਰੂ ਕਰ ਦਿੱਤੀ। ਅਤਿਅੰਤ ਸਿਰੜੀ ਸਤਿਗੁਰੂ ਜੀ ਦਾ ਬਾਹਰੀ ਸਰੀਰ, ਜਦੋਂ ਫਿਰ ਪੂਰਨ ਤੌਰ ਤੇ ਬੇਹੋਸ਼ ਹੋ ਕੇ ਇਕ ਪਾਸੇ ਨੂੰ ਉਲਟ ਗਿਆ ਤਾਂ ਕੁਲੇਹਣਿਆਂ ਨੇ ਉਠਾ ਕੇ ਇਕ ਗੰਦੀ ਕੋਠੜੀ 'ਚ ਸੁਟਵਾ ਦਿੱਤਾ ਅਤੇ ਜੇ ਕਲ੍ਹ ਤੱਕ ਵੀ ਜੀਂਦੇ ਰਹਿਣ ਤਾਂ ਯਾਸਾ ਦਾ ਇਸਤੇਮਾਲ ਕਰਕੇ, ਸ਼ੀਰਾਂਤ ਕਰਨ ਦੀ ਸਲਾਹ ਕਰਕੇ, ਚਲਦੇ ਹੋਏ।

ਤੱਤੀ ਤਵੀ ਤੇ ਬੈਠਣ ਸਮੇਂ ਸਾਈਂ ਮੀਆਂ ਪੀਰ ਜੀ ਆਏ। ਆਖੇ ਜਾਂਦੇ ਹੋ, ਪਰ ਮੈਨੂੰ ਕਿਤੋਂ ਕੋਈ ਸਬੂਤ ਨਹੀਂ ਮਿਲਿਆ। ਨਾਲੇ ਚੰਦੂ ਨੇ ਘਰ ਦੁਆਲੇ ਤਾਂ ਏਨਾ ਸਖਤ ਪਹਿਰਾ ਲੱਗਾ ਹੋਇਆ ਸੀ। ਅੰਦਰੋਂ ਬਾਹਰੋਂ ਕਣਸੋ ਤੱਕ ਨਹੀਂ ਨਿਕਲਣ ਦਿੱਤੀ ਗਈ। ਚੰਦੂ ਤੋਂ ਬਿਨਾਂ ਬਾਕੀ ਪਰਿਵਾਰ ਦਾ ਔਣ ਜਾਣ ਰੋਕਿਆ ਹੋਇਆ ਸੀ, ਜੇ ਸਾਈਂ ਜੀ ਏਨਾ ਜ਼ਾਲਮਾਨਾਂ ਦ੍ਰਿਸ਼ ਵੇਖ ਲੈਂਦੇ, ਉਹਨਾਂ ਦੀ ਬਾਦਸ਼ਾਹ ਤਕ ਪਹੁੰਚ ਸੀ। ਉਹ ਜ਼ਰੂਰ ਹੀ ਉਹਦੇ ਨਾਲ ਗੱਲ ਕਰਦੇ। ਜਾਂ ਗੁੱਸੇ ਵਿੱਚ ਆ ਕੇ ਲਾਹੌਰ ਦਿੱਲੀ ਦੀਆਂ ਟੱਕਰਾਂ ਲੁਆ ਦੇਂਦੇ, ਜੇ ਲੁਆ ਸਕਦੇ ਹੋਂਦੇ, ਪੁੱਛਣ ਦੀ ਲੋੜ ਈ ਨਹੀਂ ਸੀ।

ਤੀਸਰੇ ਦਿਨ ਸਵੇਰੇ, ਚੰਡਾਲ ਚੰਦੂ ਨੂੰ ਗੁਰੂ ਜੀ ਵਾਲੀ ਉਸ ਗੰਦੀ ਕੋਠੜੀ ਚੋਂ ਨਿੰਮੀ ਨਿੰਮੀ ਧੁਨ ਸੁਣਾਈ ਦਿੱਤੀ, ਅਜੇ ਵੀ ਜਿਓਂਦੇ ਜਾਣ ਕੇ ਬੜਾ ਔਖਾ ਹੋਇਆ, ਨੇੜੇ ਹੋ ਕੇ ਕਹਿਣ ਲੱਗਾ, ਜੇ ਤੂੰ ਅਜੇ ਵੀ ਨਾ ਮੰਨਿਓਂ। ਤਾਂ ਅੱਜ ਤੇਰੇ ਸਾਹਵੇਂ ਜੀਂਦੀ ਗਾਂ ਦਾ ਚਮੜਾ ਉਤਾਰ ਕੇ, ਉਹਦੇ ਵਿੱਚ ਤੈਨੂੰ ਬੰਦ ਕਰਕੇ ਸਿਓਂ ਦਿੱਤਾ ਜਾਏਗਾ।

ਹੈਰਾਨੀਜਨਕ ਸੁਚੇਤ ਸਤਿਗੁਰੂ ਜੀ ਨੇ, ਸਿੱਖਾਂ ਨੂੰ ਬੁਲਾਣ ਦਾ ਇਸ਼ਾਰਾ ਕੀਤਾ, ਪਰ ਚੰਦੂ ਕੋਲ ਤਾਂ ਕੋਈ ਅਖਤਿਆਰ ਈ ਨਹੀਂ ਸੀ। ਕਾਜ਼ੀਆਂ ਦੇ ਆਇਆਂ ਉਹਨੇ ਦੱਸਿਆ ਕਿ ਐਹ ਇਸ਼ਾਰਾ ਕਰਦੇ ਨੇ। ਉਹਨਾਂ ਸੋਚਿਆ, ਮੋਮਨ ਹੋਣ ਵਾਸਤੇ ਸਾਥੀਆਂ ਨਾਲ ਸਲਾਹ ਕਰਨੀ ਹੋਏਗੀ। ਤਿੰਨ ਦਿਨ ਤੋਂ ਭੁੱਖ ਪਿਆਸੇ ਸਿੱਖਾਂ ਨੂੰ ਬਾਹਰ ਕੱਢ ਕੇ ਕੋਲ ਲਿਆਂਦਾ, ਜਾਨ ਤੋਂ ਪਿਆਰੇ ਸਤਿਗੁਰੂ ਦਾ ਦ੍ਰਿਸ਼ ਦੇਖ ਕੇ ਇਕ ਵਾਰ ਤਾਂ ਸਾਰੇ ਪਛਾੜ ਖਾ ਕੇ ਡਿੱਗ ਪਏ, ਇਸ਼ਾਰੇ ਨਾਲ ਧੀਰਜ ਦੇ ਕੇ, ਸਤਿਗੁਰੂ ਜੀ ਨੇ ਰਾਵੀ ਇਸ਼ਨਾਨ ਦੀ ਇੱਛਾ ਪ੍ਰਗਟਾਈ। ਮੂਰਖ ਮੌਲਵੀਆਂ ਤੋਂ ਪੁੱਛ ਕੇ, ਝਲੂੰਗੀ 'ਚ ਪਾ ਕੇ ਗੁਰੂ ਜੀ ਨੂੰ ਕਰੜੇ ਪਹਿਰੇ ਹੇਠ ਰਾਵੀ ਨੂੰ ਲੈ ਤੁਰੇ, ਕੰਢੇ ਤੇ ਅਡੋਲ ਟਿਕਾ ਕੇ, ਸਿੱਖਾਂ ਦੇ ਅਰਜ਼ ਕਰਨ ਤੇ, ਅੰਤਮ ਆਗਿਆ ਹੋਈ—'ਅਰਦਾਸ ਕਰਕੇ ਟੁੱਬਾ ਲਵਾ ਦਿਓ। ਸਰੀਰ ਤਿਆਗਣਾ ਹੈ, ਬਾਦ ਜਲ ਪਰਵਾਹ ਕਰ ਦੇਣਾ।'

ਪੰਜਾਂ ਸਿਦਕੀ ਸਿੱਖਾਂ ਨੇ, ਭਰੇ ਮਨ, ਵਗਦੀ ਨੇਤਰੀਂ, ਅੰਤਮ ਅਰਦਾਸ ਕੀਤੀ, ਝਲੂੰਗੀ 'ਚ ਹੀ ਟੁਭਾ ਲਾ ਕੇ ਲਿਆਏ ਤਾਂ ਸ੍ਰੀ ਹਰਿਮੰਦਰ, ਤਰਨਤਾਰਨ, ਕਰਤਾਰਪੁਰ, ਸ੍ਰੀ ਹਰਿ ਗੋਬਿੰਦਪੁਰ ਆਦਿ ਸਥਾਨਾਂ ਦੇ ਸਿਰਜਣਹਾਰ, ਸੰਸਾਰ ਦੀ ਨਿਰਾਲੀ ਧਰਮ ਪੋਥੀ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਫਲ ਸੰਪਾਦਕ, ਅਨੋਖੇ ਸ਼ਾਂਤਮਈ ਤਰੀਕੇ ਨਾਲ ਸ਼ਹੀਦ ਹੋ ਕੇ ਸ਼ਹੀਦੀ ਪ੍ਰੰਪਰਾ ਦਾ ਮੁੱਢ ਬੰਨ੍ਹਣ ਵਾਲੇ, ਸਿੱਖਾਂ ਨੂੰ ਸ਼ਹੀਦ ਹੋਣ ਦੀ ਜਾਚ ਦੱਸ ਕੇ, ਜ਼ੁਲਮ ਨੂੰ ਛਿੱਬੀਆਂ ਦੇਂਦੇ ਹੋਏ, ਪੱਥਰ ਦਿਲ-ਮਹਾਂ ਮੂਰਖ ਮੁਲਾਣਿਆਂ ਦੀ ਅੱਖੀਂ ਘੱਟਾ ਪਾ ਕੇ, ਗੁਰੂ ਅਰਜਨ ਪਰਤਖ ਹਰਿ, ਆਪਣੀ ਜੋਤ ਵਿੱਚ ਜੋਤ ਸਮਾ ਗਏ।

ਕਾਜ਼ੀਆਂ ਦੇ ਪੁੱਛਣ ਤੇ ਸਿੱਖਾਂ ਨੇ ਅਕਾਸ਼ ਵੱਲ ਹੱਥ ਕਰਕੇ, ਝਲੂੰਗੀ ਜਲ ਪ੍ਰਵਾਹ ਕਰ ਦਿੱਤੀ, ਡੌਂਬਰੇ ਹੋਏ ਚੰਦੂ ਤੇ ਕਾਜ਼ੀ, ਜਦੋਂ ਰਾਵੀ ਤੋਂ ਵਾਪਸ ਜਾ ਰਹੇ ਸਨ, ਤਾਂ ਸਹਿਵਨ ਹੀ ਚੰਦੂ ਆਪਣੀ ਗੁਰੂ ਜੀ ਨਾਲ ਹੋਈ ਗੱਲ ਬਾਤ ਬਿਆਨ ਕਰ ਬੈਠਾ, ਹੱਥ ਆਇਆ ਸ਼ਿਕਾਰ ਗਵਾਣ ਤੇ, ਮੁਲਾਣਿਆਂ ਵਲੋਂ ਚੰਦੂ ਨੂੰ, ਸਖਤ ਲਾਨ੍ਹਤ ਮਲਾਮਤ ਦਾ ਸ਼ਿਕਾਰ ਹੋਣਾ ਪਿਆ। ਏਧਰ ਪੰਜਾਂ ਸਿੱਖਾਂ, ਅੰਮ੍ਰਿਤਸਰ ਪੁੱਜ ਕੇ ਹੱਡੀਂ ਵਰਤੀ ਅੱਖੀਂ ਡਿੱਠੀ ਵਾਰਤਾ ਹਟਕੋਰਿਆਂ ਵਿੱਚ ਹੂ-ਬ-ਹੂ ਬਿਆਨ ਕੀਤੀ, ਤਾਂ ਬਾਲ, ਗੁਰੂ ਹਰਿ ਗੋਬਿੰਦ ਸਣੇ, ਸਾਰੀ ਸੰਗਤ ਸ਼ੋਕ ਸਾਗਰ ਵਿੱਚ ਗੋਤੇ ਖਾਣ ਬਾਦ, ਸੂਰਮਤਾਈ ਦੇ ਮੈਦਾਨ ਵਿੱਚ ਖ਼ਮ ਠੋਕ ਕੇ ਖੜ੍ਹੀ ਹੋ ਗਈ।

੧੭-੯-੨੦੦੨



Namdhari Elibrary NamdhariElibrary@gmail.com

# ਬੋਲ ਫ਼ਕੀਰਾਂ ਦੇ / *ਸੁਵਰਨ ਸਿੰਘ ਵਿਰਕ*

ਚੱਲ ਜਨੌਗਾ ਟੁਰ ਚੱਲ ਏਥੋਂ, ਲੰਮੀ ਮਾਰ ਉਡਾਰੀ।
ਮਗਰੋਂ ਆਕੇ ਪਹਿਲੋਂ ਟੁਰ ਗਏ, ਖੋਹ ਗਏ ਤੇਰੀ ਵਾਰੀ।

ਆਖਣ ਨੂੰ ਗਏ ਆਖ ਸਿਆਣੇ, ਇਹ ਹੈ ਜਗਤ ਤਮਾਸ਼ਾ।
ਢਲਦਿਆਂ ਢਲਦਿਆਂ ਢਲ ਜਾਣਾ ਹੈ, ਓੜਕ ਸਭ ਦਾ ਪਾਸ਼ਾ।

ਹੋਵਣ ਥੀਵਣ ਦੇ ਚਾਅ ਅੰਦਰ, ਭੁੱਲਿਆ ਆਪਣਾ ਆਪਾ।
ਅਜ਼ਲਾਂ ਥੀਂ ਇਹ ਜਣਾ ਵਿਓਗੀ, ਭੋਗ ਰਿਹਾ ਇਕਲਾਪਾ।

ਖੂਹ ਦੀਆਂ ਟਿੰਡਾਂ ਵਾਂਗੂੰ ਏਥੇ, ਰਾਤ ਦਿਵਸ ਦੇ ਗੇੜੇ।
ਜਿਹੜੇ ਕਜ਼ੀਏ ਜਿੰਦ ਸਹੇੜੇ, ਦੂਜਾ ਕੌਣ ਨਿਬੇੜੇ।

ਅਸਮਾਨਾਂ ਤੋਂ ਰਹੀ ਵੱਸਦੀ, ਰਹਿਮਤ ਵਰਖਾ ਬਣਕੇ।
ਕੀ ਮਾਨਣ ਬੂੰਦਾਂ ਦੀ ਛੋਹ ਨੂੰ, ਬਹਿ ਗਏ ਛਤਰੀ ਤਣ ਕੇ।

ਅੱਜ ਭੂਗੋਲਿਕ ਪਿੰਡ ਦੇ ਅੰਦਰ, ਬੰਦਾ ਬੜਾ ਵਿਚਾਰਾ।
ਹਰ ਅੰਧਿਆਰੇ ਕੋਨੇ ਵਿੱਚ ਵੀ, ਹੁੰਦਾ ਕੂੜ ਉਜਿਆਰਾ।

ਹੋਵੇ ਅੱਖ ਪਛਾਨਣ ਵਾਲੀ, ਯਾਰ ਤਾਂ ਤੇਰੇ ਕੋਲੇ।
ਵਿਰਲਾ ਕੋਈ ਕਬੀਰਾ ਸਮਝੇ, ਰਾਮ ਸਭੇ ਘਟ ਬੋਲੇ।

ਬਿਖੜਾ ਪੈਂਡਾ ਔਖੀ ਘਾਟੀ, ਚੜ੍ਹ ਜਾ ਚੜ੍ਹਦਾ ਚੜ੍ਹਦਾ।
ਮਾਲਕ ਨੂੰ ਮਨਜ਼ੂਰ ਉਹੀ ਜੋ, ਕੁੱਤੇ ਜਿਉਂ ਦਰ ਖੜ੍ਹਦਾ।

ਤੈਨੂੰ ਤੇਰੀ ਤੋਰ ਮੁਬਾਰਕ, ਲਾਹ ਵਿਡਾਣੀ ਆਸਾ।
ਬੰਨ੍ਹ ਰਿਹੈਂ ਸਦੀਆਂ ਦੇ ਦਾਈਏ, ਦਮ ਦਾ ਕੀ ਭਰਵਾਸਾ।

"ਵਿਸ਼ਵ-ਮੰਡੀ" ਦੇ ਪਿੰਜਰੇ ਪਾਇਆ, ਸੰਤਾਂ ਗਨਕਾ ਤੋਤਾ।
ਅੰਮ੍ਰਿਤਸਰ-ਲਹੌਰ ਵਿਚਾਲੇ, ਲੜੀ ਜਾ ਰਿਹਾ "ਬੋਤਾ"।

ਮੇਰਾ ਬੂਤ ਕਹਿ ਰਿਹਾ ਮੈਨੂੰ, ਲਾਹ ਸੁੱਟਾਂ ਸਭ ਲੱਜਾਂ।
ਕੁੰਠਾ ਗ੍ਰਸਤ ਸੋਚ ਦੇ ਸਿਰ ਤੇ, ਜੁੱਤੀ ਬਣਕੇ ਵੱਜਾਂ।

ਜੰਤਰ ਮੰਤਰ ਭੂਲ ਭੁੱਲਈਆਂ, ਦੇ ਵਿੱਚ ਉਮਰ ਗੁਜ਼ਾਰੀ।
ਵੱਢ ਛੱਲਿਆਂ ਦਾ ਹੀ ਸਮਝੀ, ਬੈਠੇ ਸਾਡੀ ਯਾਰੀ।

ਉਹ ਜਿਸ ਨੂੰ ਤ੍ਰਿਕਾਲ-ਦ੍ਰਿਸ਼ਟਾ ਆਖ ਰਹੇ ਵਡਿਆਉਂਦੇ।
ਉਸਨੂੰ ਆਸਣ ਕੋਲ ਪਏ ਹੋਏ, ਪਊਏ ਨਹੀਂ ਥਿਆਉਂਦੇ।

ਕਾਲੀ ਬੋਲੀ ਰਾਤ ਦੇ ਅੰਦਰ, ਨਾਉਂ ਤੇਰਾ ਲਿਸ਼ਕਾਰਾ।
"ਮਾਰ-ਮੁਸਾਫਿਰ" ਪਿਛੋਂ ਚੜ੍ਹਦਾ, ਫਿਰ ਸਰਘੀ ਦਾ ਤਾਰਾ।

ਟੁੱਟੀਆਂ ਤੰਦਾਂ ਗੰਢ ਦਿਆਂਗੇ, ਰੂਹ ਦੇ ਬੋਲ ਸੁਣਾ ਕੇ।
ਹੇ ਮੁਸਾਫਿਰ ਦੂਰ ਦੇਸ਼ ਦੇ ਬਹਿ ਜਾ ਦੋ ਪਲ ਆ ਕੇ।

ਵੇਖਣ ਨੂੰ ਤੇ ਭਲਾ ਲਗੇਨਾ ਏਂ, ਜੀਕੂੰ ਮਹਿਰਮ ਦਿਲ ਦਾ।
ਸੱਜਣਾਂ ਦੇ ਦੀਦਾਰ ਦੇ ਬਾਝੋਂ, ਦਿਲ-ਚੰਬਾ ਨਾ ਖਿਲਦਾ।

ਆਵੇ ਜੁਗਤ ਬਣਾਵੇ ਕੋਈ, ਸਾਡੀ ਬਹੁੰ ਲਾਚਾਰੀ।
ਗਿਰਿਆ ਜ਼ਾਰੀ ਦੇ ਵਿਚ ਹੀ ਨਾ, ਮੁੱਕ ਜਾਏ ਉਮਰਾ ਸਾਰੀ।

ਪਤਝੜ ਪੈ ਗਈ ਪੱਜ ਅਸਾਡੇ, ਦਿਲ ਦਾ ਸੱਖਣਾ ਵਿਹੜਾ।
ਜਾਂ ਕੈਦੋ ਜਾਂ ਖੇੜਾ ਦਿਸੇ, ਰਾਂਝਣ ਏਥੇ ਕਿਹੜਾ ?

ਚੇਤਾ ਕਰ ਜਦ ਜਾਂਦਾ ਹੈਸੀ, ਮਾਹੀ ਚਰਾਵਣ ਖੰਧਾ।
ਅੱਤ ਵਿਸ਼ਾਲ ਵੀ ਉਹੋ ਹੁੰਦਾ, ਅੱਤ ਲਘੂ ਜੋ ਬੰਦਾ।

ਧਰਤੀ ਧੀਆਂ ਬੋਲੇ ਨਦੀਆਂ, ਰੁਦਨ ਕਰੇਂਦੀਆਂ ਪਈਆਂ।
ਤੂੰ ਵੀ ਵੱਟ ਤਿਆਰੀ ਏਥੋਂ, ਗਈਆਂ ਸੱਭੇ ਸਈਆਂ।

ਮਾਫ ਕਰੀਂ ਤਕਸੀਰ ਅਸਾਡੀ, ਮੈਂ ਛਾਵਾਂ ਬੇ ਪੀਰਾ।
ਮੈਂ ਹੀ ਓਦਣ ਬੱਧਾ ਹੈ ਸੀ ਗੱਦੋਂ ਦੇ ਗਲ ਹੀਰਾ।

ਸਦਕਾ ਸੁਹਬਤ ਸਾਥ ਤੁਹਾਡੇ ਅਸੀਂ ਗਏ ਵਡਿਆਏ।
ਵਰਨਾਂ ਸਾਨੂੰ ਕੌਣ ਪੁਛੇਂਦਾ, ਗਲੀਏ ਕੱਖ ਰੁਲਾਏ।

ਅਸੀਂ ਜਿਹਨਾਂ ਤੇ ਮਾਣ ਕਰੇਂਦੇ, ਲੋਕ ਮਰੇਂਦੇ ਤਾਹਨੇਂ।
ਫਿਰੀਏ ਅੱਖ ਵਿੱਚ ਅੱਖ ਪਾਕੇ, ਲੱਗੇ ਤੀਰ ਨਿਸ਼ਾਨੇਂ।

ਬੋਲ ਫਕੀਰਾਂ ਦੇ ਸੁਣ ਸਾਡੀ, ਰੂਹ ਵਿੱਚ ਚਾਨਣ ਹੋਇਆ।
ਧਰਤੀ ਅੰਬਰ ਲਏ ਕਲਾਵੇ, ਗੀਤ ਜਿੰਦੂ ਨੇ ਛੋਹਿਆ।

ਤੁਰਿਆ ਚੱਲ ਬਈ ਤੁਰਨਾ ਜੀਵਨ, ਖੜ੍ਹਨਾ ਮੌਤ-ਨਿਸ਼ਾਨੀ।
ਚੜ੍ਹਦੇ ਦੇ ਗਲ ਪਾਉਣ ਵਾਲਾ ਹੈ, ਸੂਰਜ ਸੂਹੀ ਗਾਨੀ।

ਇਕ ਬਿੰਦੂ ਦੇ ਵਿੱਚ ਸਮੇਟੀ, ਬੈਠਾ ਸਾਰੀ ਹਸਤੀ।
ਜੀਵਣ ਤੇਰੇ ਪੇਲੀਆਂ ਬੰਨੇ, ਜੀਵੇ ਤੇਰੀ ਬਸਤੀ।

ਜੀਵੇ ਤੇਰੀ ਕਾਦਰ-ਕੁਦਰਤ, ਜੀਵਣ ਚੋਚ-ਘਚੋਲੇ।
ਆ ਜਾਵਾਂਗੇ ਸਾਂਭ ਅਸੀਂ ਵੀ, ਗੁੱਡੀਆਂ ਅਤੇ ਪਟੋਲੇ।

*ਕਰੀਵਾਲਾ (ਸਿਰਸਾ)*
*੧੨੫੦੭੫*



Namdhari Elibrary NamdhariElibrary@gmail.com

# ਸ਼ਿਵਨਾਥ ਦੀਆਂ ਦੋ ਕਵਿਤਾਵਾਂ

## ਸਾਡੇ ਵੇਲੇ

ਸਾਡੇ ਵੇਲੇ ਪੁੰਨ ਪਾਪ ਦੇ
ਅਰਥ ਨਹੀਂ ਸਨ ਇਦਾਂ ਹੁੰਦੇ
ਨਾ ਹੀ ਧਰਮ-ਈਮਾਨ ਥਣੇ ਸਨ
ਕਦੇ ਕਿਸੇ ਲਈ ਨਾਅਰਾ
ਸਦੀਆਂ ਤੋਂ ਹੁੰਦਾ ਆਇਆ ਸੀ
ਚੰਗਾ ਭਲਾ ਗੁਜ਼ਾਰਾ।

ਹਰ ਪਾਸੇ ਸਨ ਸਾਦ-ਮੁਰਾਦੇ
ਖਿੜੇ ਮਨੁੱਖੀ ਚਿਹਰੇ
ਸੁੱਖ-ਆਰਾਮ ਹਰਾਮ ਨਹੀਂ ਸਨ
ਹੁੰਦੇ ਤੇਰੇ ਮੇਰੇ
ਨਾ ਹੀ ਵੇਖੇ ਸਨ ਮੈਂ ਚੜ੍ਹਦੇ
ਦਿਨ ਵਿਚ ਕਦੇ ਸਿਤਾਰੇ!

ਵਿੰਹਦਿਆਂ, ਵਿਹੰਦਿਆਂ
ਨਵੇਂ ਸਿਰੇ ਤੋਂ
ਬਦਲ ਗਏ ਨੇ ਮਾਅਨੇ
ਜਾਂ ਫਿਰ ਪਾਗਲਪਨ ਦੇ ਰਸਤੇ
ਪੈ ਗਏ ਲੋਕ "ਸਿਆਣੇ"
ਜਾਂ ਮੈਂ ਹੀ ਕੁਝ ਪਛੜ ਗਿਆ ਹਾਂ
ਸਮਝ ਨਾ ਮੈਨੂੰ ਆਏ
ਕਿਉਂ ਆਪੇ-ਵਿਚ ਉਲਝ ਗਏ ਨੇ
ਹਮਸਾਏ-ਹਮਸਾਏ ?

ਕਿਉਂ ਆਏ ਦਿਨ ਇਸ ਧਰਤੀ 'ਤੇ
ਹੋ ਰਹੇ ਅਤਿਆਚਾਰ ?
ਸੋਚ ਸਮਝ ਕੇ ਕਿਉਂ ਨਹੀਂ ਤੁਰੇਂਦਾ
ਇਹ ਸਾਡਾ ਸੰਸਾਰ ?

## ਪੰਜ ਤੱਤ

ਪਵਨ, ਪਾਣੀ
ਤੇ ਅਗਨੀ ਦੇਵ ਹੀ,
ਸਮਰੱਥ ਨੇ ਸ਼ਾਇਦ
ਜੋ ਧਰਤੀ ਨੂੰ ਸਦਾ
ਮਾਂ ਹੋਣ ਦਾ
ਵਰਦਾਨ ਦੇਂਦੇ ਨੇ।

ਤੇ ਅੰਬਰ ਉਹ ਪਿਤਾ ਹੈ
ਜੋ ਹਮੇਸ਼ਾ
ਵਧਣ, ਫੁਲੱਣ ਤੇ ਪਲਰਣ ਵਾਸਤੇ
ਬਾਹਾਂ ਫੈਲਾਂਦਾ ਹੈ।

ਨਹੀਂ ਸਮਰੱਥ ਕੋਈ ਵੀ
ਇੱਕਲਾ ਪੰਜ ਤੱਤਾਂ ਚੋਂ
ਕਿ ਉਹ ਪੈਦਾ ਕਰੇ,
ਪਾਲੇ ਤੇ ਪ੍ਰਫੁਲੱਤ ਕਰੇ
ਕੁਝ ਵੀ
ਤੇ ਨਾ ਇਹਨਾ ਚੋਂ
ਇਕ ਵੀ ਛੱਡ ਕੇ
ਜੀਵਨ ਮਚਲਦਾ ਹੈ
ਇਨਾਂ ਪੰਜਾਂ ਦੇ ਕਾਰਨ ਹੀ
ਤਾਂ ਇਹ ਸੰਸਾਰ ਚਲਦਾ ਹੈ।

*ਪਤਾ : ੧੨੫੭-LIG*
*ਫੇਜ਼-੧੦-ਮੁਹਾਲੀ, ੧੬੦੦੬੧*

## ਗ਼ਜ਼ਲ

*—ਅਜੀਤ ਸਿੰਘ ਚੀਮਾ*

ਜਦੋਂ ਅਸਾਨੂੰ ਰਾਤ ਨੂੰ ਹਨੇਰੇ ਸਤਾਂਦੇ ਨੇ।
ਯਾਰ ਸਾਰੇ ਖੁਸ਼ੀ ਵਿਚ ਦੀਵੇ ਜਗਾਂਦੇ ਨੇ।

ਅਸੀਂ ਤਾਂ ਹਮੇਸ਼ਾ ਉਨ੍ਹਾਂ ਦੀ ਖੈਰ ਮੰਗਦੇ ਹਾਂ,
ਪਤਾ ਨਹੀਂ ਕਿਉਂ ਅਸਾਡੇ ਰਾਹਾਂ ਵਿਚ ਕੰਡੇ ਵਿਛਾਂਦੇ ਨੇ।

ਉਹਨੂੰ ਵੇਖ ਕੇ ਕਦੇ ਮੱਥੇ ਤੇ ਵੱਟ ਨਹੀਂ ਪਾਇਆ,
ਮੈਂ ਹੈਰਾਨ ਹਾਂ ਉਹ ਖਾਹ ਮਖਾਂ ਅੱਖਾਂ ਚੁਰਾਂਦੇ ਨੇ।

ਸ਼ਬੇ ਫ਼ਰਾਕ਼ ਵਿਚ ਅਸੀ ਤਾਂ ਸੜ ਰਹੇ ਚੰਨਾ,
ਨਫ਼ਰਤ ਦਾ ਹੋਰ ਕਾਨੂੰ ਤੇਲ ਪਾਂਦੇ ਨੇ।

ਫੁੱਲ ਨੂੰ ਕਿਸੇ ਦੀ ਮੱਯਤ ਜਾਂ ਸੇਜ਼ਾ ਤੇ ਰੱਖ ਦੇਵੇਂ,
ਉਹ ਨਹੀਂ ਕਦੀ ਵੀ ਰੋਏ, ਸਦਾ ਹੀ ਮੁਸਕਰਾਂਦੇ ਨੇ।

ਜਿਨ੍ਹਾਂ ਦੇ ਇਸ਼ਕ ਸੱਚੇ ਨੇ ਸਦਾ ਖਾਮੋਸ਼ ਰਹਿੰਦੇ,
ਉਹ ਪਾਗਲਾਂ ਵਾਂਗੂੰ ਕਦੀ ਨਾ ਬੁੜ ਬੁੜਾਂਦੇ ਨੇ।

ਇਹ ਤਾਂ ਰੰਗਲੀ ਦੁਨੀਆਂ ਤਾਂ ਇਕ ਸਰਾਂ ਵਾਂਗਰ ਹੈ,
ਏਥੇ ਕਈ ਮੁਸਾਫ਼ਰ ਆ ਰਹੇ ਕਈ ਮੁੜ ਕੇ ਜਾਂਦੇ ਨੇ।

ਬਾਕੀ ਉਮਰ ਤੇਰੀ ਜੋ ਵੀ 'ਚੀਮਾ' ਸਫ਼ਲ ਕਰ ਏਨੂੰ
ਦਮ ਤੇਰੇ ਨੇ ਦਮ-ਦਮਾਂ ਦਮ ਮੁਕਦੇ ਜਾਂਦੇ ਨੇ।

*ਪਿੰਡ ਭੁਸੋਵਾਲ (ਸੁਲਤਾਨਪੁਰ)*



Namdhari Elibrary NamdhariElibrary@gmail.com

# ਵਰਿਆਮ

*—ਜਥੇਦਾਰ ਅਮਰ ਸਿੰਘ*

੧.

ਕਹਿੰਦਾ ਵਰਿਆਮ ਤਾਈਂ ਸਾਰਾ ਹੀ ਜਹਾਨ ਏ।
ਕਵੀਆਂ ਬੁਲਾਰਾਂ ਤੇ ਲਿਖਾਰੀਆਂ ਦਾ ਮਾਣ ਏ।

ਗ਼ਜ਼ਲਾਂ ਰੁਬਾਈਆਂ ਗੀਤ ਲੇਖ ਵਿਦਵਾਨਾਂ ਦੇ।
ਚੋਟੀ ਦਿਆਂ ਰਾਗੀਆਂ ਦੇ ਵੇਰਵੇ ਕਈ ਤਾਨਾਂ ਦੇ।
ਨੇਤਰਾਂ 'ਚ ਨੂਰ ਚਿਹਰੇ ਉਤੇ ਮੁਸਕਾਨ ਏ।
ਕਹਿੰਦਾ ਵਰਿਆਮ ਤਾਈਂ..........

ਜਿਥੇ ਜਾਵੇ ਖੁਸ਼ੀਆਂ ਤੇ ਖੇੜੇ ਸਦਾ ਵੰਡਦਾ
ਟੁਟੇ ਹੋਏ ਹਿੰਦੂ ਸਿੱਖ ਮੋਮਨਾਂ ਨੂੰ ਗੰਢਦਾ
ਏਸੇ ਲਈ ਰਸਾਲੇ ਅਖ਼ਬਾਰਾਂ ਤੋਂ ਮਹਾਨ ਏ
ਕਹਿੰਦਾ ਵਰਿਆਮ ਤਾਈਂ..........

ਗੁਰੂ ਜਗਜੀਤ ਸਿੰਘ ਪੱਕਾ ਏਹਦਾ ਯਾਰ ਏ
ਬੇ ਮੁਹਤਾਜ ਜੋ ਬੇਅੰਤ ਬੇਸ਼ੁਮਾਰ ਏ
ਕੀਤਾ ਉਹਨੇ ਕਈ ਵਾਰ ਏਹਦਾ ਸਨਮਾਨ ਏ
ਕਹਿੰਦਾ ਵਰਿਆਮ ਤਾਈਂ..........

ਸਾਲ ਪਿੱਛੋਂ ਲੋਕਾਂ ਚੰਦ ਤੱਕਦੇ ਨੇ ਈਦ ਦਾ
ਸਾਨੂੰ ਤੇ ਨਜ਼ਾਰਾ ਮਿਲੇ ਮਹੀਨੇ ਪਿਛੋਂ ਈਦ ਦਾ
ਨਾਮਧਾਰੀ ਪੰਥ ਦੀ 'ਅਮਰ' ਜਿੰਦ ਜਾਨ ਏ
ਕਹਿੰਦਾ ਵਰਿਆਮ ਤਾਈਂ..........

੨.

## ਕਬਿੱਤ

ਸੁੰਦਰਤਾ ਸੁਹਿਰਦਤਾ ਸਾਫਗੋਈ ਸਾਦਾਪਨ,
ਸੱਚਾ ਸੁੱਚਾ ਸਿਦਕੀ ਸਨੇਹੀ ਸਮਾਚਾਰਾਂ ਦਾ।
ਵੱਟਾਂ ਬੰਨੇ ਤੋੜਦਾ ਤੇ ਜੋੜਦਾ ਬੇਜੋੜਿਆਂ ਨੂੰ,
ਕੀਤਾ ਜਿਦ੍ਹੇ ਨਾਲ ਵੀ ਵਟਾਂਦਰਾ ਵਿਚਾਰਾਂ ਦਾ।
ਮਾਂ ਬੋਲੀ ਵਾਸਤੇ ਜੋ ਜੂਝਿਆ ਸਤਾਈ ਸਾਲ,
ਹਿੰਦੂ ਸਿੱਖ ਮੋਮਨ ਏਹਨੂੰ ਯਾਰ ਕਹਿਣ ਯਾਰਾਂ ਦਾ।
ਅਮਨ ਸੱਚਾਈ ਨੇਕੀ ਏਕਤਾ ਅਖੰਡਤਾ ਲਈ,
ਕਰੇ ਵਰਿਆਮ ਮਾਣ ਕਵੀਆਂ ਬੁਲਾਰਾਂ ਦਾ।
ਪਾਰ ਜਾ ਸਮੁੰਦਰਾਂ ਤੋਂ ਮਹਿਕ ਏਦ੍ਹੀ ਖਿਲਰੀ ਏ,
'ਅਮਰ' ਵਰਿਆਮ ਫੁੱਲ ਖਿੜੀਆਂ ਬਹਾਰਾਂ ਦਾ।

੩.

ਵਿੱਚ ਮੰਦਰਾਂ ਦੇ ਲੋਕੀਂ ਕਰਨ ਪੂਜਾ
ਰਾਮ ਰਾਮ ਕਹਿਆਂ ਥੋਰ੍ਹੇ ਰਾਮ ਮਿਲ ਜਾਏ

ਧੜਕਣ ਟਲ ਘੜਿਆਲ ਜਾਂ ਸੰਖ ਵੱਜਣ
ਵੇਲੇ ਸ਼ਾਮ ਦੇ ਹੀ ਕਿਧਰੋਂ ਸ਼ਾਮ ਮਿਲ ਜਾਏ

ਖੇਡ ਆਪਣੀ ਵਿੱਚ ਹਰ ਕੋਈ ਖੇਡਦਾ ਏ
ਜਾਵਾਂ ਜਿੱਤ ਕੋਈ ਚੰਗਾ ਇਨਾਮ ਮਿਲ ਜਾਏ।

ਕਾਰਾਂ ਚੜ੍ਹਨ ਨੂੰ ਕੋਠੀਆਂ ਰਹਿਣ ਦੇ ਲਈ
ਹੱਥੀਂ ਯਾਰ ਦੀ ਭਰਿਆ ਇਕ ਜਾਮ ਮਿਲ ਜਾਏ।

ਹੋਵਾਂ ਚੀਫ ਮਨਿਸਟਰ ਯਾ ਬਣਾਂ ਐਮ.ਪੀ.
ਧੰਨ ਧਾਮ ਤੇ ਦੁਆ ਸਲਾਮ ਮਿਲ ਜਾਏ।

'ਅਮਰ' ਕਹੇ ਜੋ ਸਦਾ ਲਈ ਅਮਰ ਹੋਇਆ
ਜਗਦੀਸ਼ ਤੋਂ ਸਾਨੂੰ ਵਰਿਆਮ ਮਿਲ ਜਾਏ।

*ਪਿੰਡ ਨਕੋੜਾ (ਸਿਰਸਾ)*

## ਗ਼ਜ਼ਲ

*—ਮਹਿਮਾ ਸਿੰਘ ਤੂਰ*

ਖੌਰੇ ਕਿੱਥੋਂ ਤਾਰਾਂ ਵੱਜੀਆਂ ਰੱਬੀ ਸਾਜ਼ ਦੀਆਂ,
ਦਿਲ ਅੱਥਰੇ ਨੂੰ ਆਰਾਂ ਲੱਗੀਆਂ ਇਕ ਪਰਵਾਜ਼ ਦੀਆਂ।

ਸੁੱਚੇ ਮੋਤੀ ਦੀ ਆਭਾ ਹਰ ਦਿਲ ਨੂੰ ਟੁੰਬਦੀ ਹੈ,
ਫੱਕਰਾਂ ਨੇ ਗਲ ਮਾਲਾਂ ਪਾਈਆਂ ਸ਼ੁਭ-ਆਗਾਜ਼ ਦੀਆਂ।

ਨੀਲੇ ਦੀਆਂ ਟਾਪਾਂ ਨੇ ਗੂੰਜਦੀਆਂ ਵਿਚ ਬੇਲੇ ਦੇ,
ਡੋਰਾਂ ਛੱਡੀਆਂ ਹੋਈਆਂ ਨੇ ਖੁੱਲ੍ਹੀਆਂ ਸ਼ਾਹਬਾਜ਼ ਦੀਆਂ।

ਵੇਖਣ ਵਾਲੀ ਅੱਖ ਹੀ ਰੱਬੀ ਨੂਰ ਨੂੰ ਵੇਖ ਸਕੇ,
ਦੂਰ ਦੂਰ ਤਕ ਲਿਸ਼ਕਾਂ ਪੈਂਦੀਆਂ ਉਸ ਦੇ ਤਾਜ ਦੀਆਂ।

ਭਵ-ਸਾਗਰ ਨੂੰ ਤਰ ਜਾਂਦੇ ਜੋ ਕਰਮਾਂ ਵਾਲੇ ਨੇ,
ਥਾਂ, ਥਾਂ ਗੂੰਜਾਂ ਪੈਂਦੀਆਂ ਨਾਨਕ ਨਾਮ ਜਹਾਜ਼ ਦੀਆਂ।

ਲਗਦਾ ਉਸ ਦੇ ਦਿਲ ਨੂੰ ਸੇਕ ਗਜ਼ਬ ਦਾ ਲੱਗਿਆ ਹੈ,
'ਤੂਰ' ਫਕੀਰਾਂ ਦੇ ਨਾਲ ਕਰਦਾ ਗੱਲਾਂ ਰਾਜ਼ ਦੀਆਂ।

ਵਿਸ਼ਵ-ਸੁਰਾਂ ਵਿਚ 'ਤੂਰ' ਵੀ ਹਿੱਸਾ ਪਾਉਣਾ ਲੋਚ ਰਿਹਾ,
ਤਰਬਾਂ ਉਸ ਨੇ ਵੀ ਕੁਝ ਛੇੜੀਆਂ ਨੇ ਦਿਲ-ਸਾਜ਼ ਦੀਆਂ॥



Namdhari Elibrary NamdhariElibrary@gmail.com

## 'ਲਹਿਰਾਂ ਵਿਚੋਂ'

*—ਦਲਬੀਰ ਸਿੰਘ 'ਤਰਸ', ਸਿਡਨੀ*

(੧)

ਪ੍ਰੇਮ ਰਸਾਇਣ ਮਨ ਮਾਹਿ ਸਮਾਇਣ
ਹਰੁ ਮਨ ਪ੍ਰੀਤ ਲਗਾਓ।
ਜੀਵਦਿਆਂ ਇਸ ਦੁਨੀਆਂ ਅੰਦਰ
ਸਗਲੇ ਰੰਗ ਮਟਾਓ।
ਸੁਖੀ ਵਸੋ ਤੇ ਸੁਖੀ ਵਸਾਓ,
ਇਸ ਜਗਤ ਮਿਟ ਜਾਣੇ ਨੂੰ,
ਇਸ ਜਨਮ ਇਸੇ ਦਿਹੁਰੀ ਦੇ ਵਿਚ
ਜੀਵਨ ਮੁਕਤੀ ਪਾਓ।

(੨)

ਸਾਜਨ ਮੇਰੇ ਵਚਨ ਜੋ ਕੀਆ
ਮੇਰਾ ਜੀਵਨ ਸਫਲਾ ਹੋਇਆ।
ਆਵਾਗਵਣ ਦੇ ਕਾਟੇ ਬੰਧਨ
ਇਕ ਸੁਰ ਵਿਚ ਸਮੋਇਆ।
ਭੁਖ ਤ੍ਰਿਸ਼ਨਾ ਨਾਹਿ ਵਿਆਪੇ
ਰੰਗਰਲੀਆਂ ਮਨ ਮਾਣੇ ;
ਸੱਚੇ ਜਗਤ ਪਦਾਰਥ ਪਾਏ
ਜਾ ਮੈਂ ਆਪਾ ਖੋਇਆ।

## 'ਪ੍ਰਦੇਸਣ ਵਿਚੋ'

ਪ੍ਰਦੇਸਣ ਮੇਰੀ ਜਿੰਦੜੀਏ!
ਆਪਾ ਮਾਰ ਮੁਕਾਓ।
ਜੇ ਮਾਨਣ ਚਾਹੇ ਇਸ ਜਗਤ ਨੂੰ
ਸਾਈਆ ਮਾਹਿ ਸਮਾਓ।
ਕਚੀ ਕਾਇਆ ਚੀਰ ਹੰਢਾਏ
ਕੂੜੇ ਸਭ ਸ਼ੰਗਾਰ ਕਰੇ,
ਜੀਵਨ ਇਹ ਜੋ ਜੀਵਨਿ ਲੋਚੇ
ਕੂੜ ਬੱਚਾ ਸੰਘਾਰ ਕਰੇ,
ਜਿਸ ਨੂੰ ਪ੍ਰਭ ਜੀ ਆਪ ਸੁਲਾਇਆ
ਉਸ ਨੂੰ ਕਿਵੇਂ ਉਠਾਓ।

ਪ੍ਰਦੇਸਣ ਮੇਰੀ ਜਿੰਦੜੀਏ।
ਹੇ ਵੈਰਾਗਣ ਆਪਾ ਮਾਰੋ।
ਪ੍ਰੀਤਮ ਸੰਗਤ ਨਾ ਮੂਹ ਜੋੜੋ,
ਕੂੜ ਨੇ ਕੁਹਿਆ ਹਿਰਦਾ ਠਾਰੋ।
ਤ੍ਰਿਸ਼ਨਾ-ਮਯ ਇਹ ਮੁਹਿਆ ਪੰਛੀ
ਅਗੇ ਅਗੇਰੇ ਉਡਦਾ ਜਾਏ।
ਮਨ ਫਾਥਾ ਇਸ ਮੂਹ ਦੇ ਭੰਵਰੀ
ਜਮ-ਕਾਲ ਬੇੜੀ ਇਚ ਰੁੜ੍ਹਦਾ ਜਾਏ,
ਨਾ ਕਛ ਹੋਇਓ ਸਭ ਕਛ ਖੋਇਓ,
ਇਸ ਜਮ-ਕੰਡ ਦਾ ਕਰ ਸੰਘਾਰੋ।

ਪ੍ਰਦੇਸਣ ਮੇਰੀ ਜਿੰਦੜੀਏ।
ਉਸ ਰੰਗ ਰੰਗੀਲੀ ਕੀਤਾ।
ਭੈ ਕਾਲ ਉਸ ਪ੍ਰਹ ਨਾ ਸਕੇ
ਜਿਨ ਪ੍ਰੇਮ ਸੁਧਾਰਸ ਪੀਤਾ।
ਸਵੈਮਾਨ, ਸੁਧਾਰਸ ਪੀਤਾ।
ਸਵੈਮਾਨ, ਸਧਰਮ ਰਖਿਅਕ
ਮੌਤ ਅੱਗੇ ਆ ਖੜ੍ਹਦੇ,
ਵੀਰ ਪੁਰਸ਼ ਹੋ ਵੀਰ ਗਤ ਪਾਂਦੇ
ਜਾਂ ਫ਼ਿਰ ਰਹਿੰਦੇ ਲੜ੍ਹਦੇ,
ਕੁਝ ਮਿਟਾਓ ਜਾਂ ਮਿਟ ਜਾਓ
ਰੱਬਾ-ਰਾਖੇ ਤੋਂ ਇਹ ਵਰ ਲੀਤਾ।

## ਦੋ ਰੁਬਾਈਆਂ

*—ਨਵਰਾਹੀ ਘੁਗਿਆਣਵੀ*

੧.

ਬਦਨੀਤਾਂ ਦੇ ਆਸ਼ੇ ਸਮਝਾਂ, ਏਸ ਲਈ ਉਹ ਜਲਦੇ।
ਐਵੇਂ ਕਰਦੇ ਰਹਿਣ ਈਰਖਾ, ਖ਼ੂਨ 'ਚ ਸੋਚਾਂ ਤਲਦੇ,
ਜਦ ਤੱਕ ਮੇਰੇ ਸਿਰ ਦੇ ਉੱਤੇ, ਸਾਹਿਬ ਦਾ ਹੱਥ ਕਾਇਮ ;
'ਨਵਰਾਹੀ' ਬਦਬਖ਼ਤੇ ਰਹਿਸਣ, ਪਲ ਪਲ ਤਲੀਆਂ ਮਲਦੇ।

੨.

ਕੁਦਰਤ ਸਦਾ ਨਿਆਂ ਕਰਦੀ ਹੈ, ਸਮਝ ਨਾ ਸਾਨੂੰ ਆਏ।
ਕਈ ਵਾਰੀ ਕੋਈ ਸੱਟ ਪੈਣ 'ਤੇ, ਰੂਹ ਸਾਡੀ ਕੁਰਲਾਵੇ।
ਤੁੱਛ ਬੁੱਧੀ ਲਈ ਖੇਡ ਅਗੰਮ ਦੀ, ਜਾਪੇ ਮਹਾਂ ਅਚੰਭਾ:
'ਨਵਰਾਹੀ' ਕੋਈ ਗੁਪਤ ਕਲੰਦਰ, ਬੈਠਾ ਡੋਰ ਹਿਲਾਵੇ,

*11/596, ਮਨਜੀਤ ਇੰਦਰਪੁਰੀ*
*ਫ਼ਰੀਦਕੋਟ-151203*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ. ਬੀ. ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੇਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

❖ *Automatic machines for producing Biscuits*

❖ *Automatic machines for producing Wafers*

*and*

*Makers of High quality Biscuits*

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Bakhshish Singh Muchhal |
|---|---|---|
| *Manging Director* | *Director* | *Director* |




Namdhari Elibrary NamdhariElibrary@gmail.com

# 'ਚੁੱਪ ਦੀ ਆਵਾਜ਼'—ਤਰਲੋਕ ਮਨਸੂਰ

*—ਹਰਭਜਨ ਸਿੰਘ ਬਾਜਵਾ*

ਤਰਲੋਕ ਮਨਸੂਰ ਨਾਲ ਜਾਣ-ਪਛਾਣ ਵੀ ਮੇਰੀ ਵਰਿਆਮ ਪਰਚੇ ਰਾਹੀਂ ਹੋਈ ਸੀ। ਤੇ ਉਸ ਦੀ ਮੌਤ ਦੀ ਖਬਰ ਵੀ ਮੈਨੂੰ ਵਰਿਆਮ ਪਰਚੇ ਰਾਹੀਂ ਮਿਲੀ ਹੈ। ਪਤਾ ਨਹੀਂ ਕੁਦਰਤ ਨੇ ਇਹ ਕਿਸ ਤਰ੍ਹਾਂ ਦਾ ਵਸੀਲਾ ਬਣਾਇਆ ਹੋਇਆ ਏ।

ਅਜ ੩੦ ਸਤੰਬਰ ਨੂੰ ਬਾਰਾਂ ਵਜੇ ਮੇਰੇ ਕੋਲ ਅਕਤੂਬਰ ਮਹੀਨੇ ਦਾ ਵਰਿਆਮ ਆਇਆ ਤਾਂ ਉਸ ਦੇ ਪੰਨਿਆਂ ਨੂੰ ਫਰੋਲਦਿਆਂ ਸੋਚ ਇਹ ਮੰਨੇ ਹੀ ਨਾ ਕਿ ਮਨਸੂਰ ਜੀ ਦੀ ਮੌਤ ਹੋ ਗਈ ਏ। ਇਹਨਾਂ ਸੋਚਾਂ ਵਿੱਚ ਹੀ ਅਜੇ ਮੈਂ ਡੁਬਿਆ ਹੋਇਆ ਸੀ ਤਾਂ ਮੈਨੂੰ ਮੇਰੇ ਛੋਟੇ ਭਰਾ ਦੀ ਮੌਤ ਦੀ ਖਬਰ ਆ ਗਈ। ਮੈਂ ਫੇਰ ਸੋਚੀ ਜਾਵਾਂ ਇਕ ਦੀ ਮੌਤ ਦੀ ਖਬਰ ਸੁਣ ਕੇ ਮਨ ਸ਼ਾਂਤ ਨਹੀਂ ਹੋਇਆ, ਦੂਸਰੇ ਪਾਸੇ ਭਰਾ ਦੀ ਮੌਤ ਦੀ ਖਬਰ ਆ ਗਈ ਏ। ਇਕ ਪਾਸੇ ਪਿਆਰ ਦਾ ਰਿਸ਼ਤਾ ਏ ਮਿਤਰ ਪਿਆਰੇ ਮਨਸੂਰ ਜੀ ਨਾਲ ਦੂਸਰੇ ਪਾਸੇ ਖ਼ੂਨ ਦਾ ਰਿਸ਼ਤਾ ਏ। ਉਸ ਵਕਤ ਮੇਰੇ ਹੌਸਲੇ ਦਾ ਬੰਨ੍ਹ ਟੁੱਟ ਗਿਆ ਸੀ। ਤੇ ਮੈਂ ਰੱਜ ਕੇ ਰੋ ਲਿਆ ਕਿਉਂਕਿ ਚੁੱਪ ਕਰਾਉਣ ਵਾਲਾ ਕੋਈ ਵੀ ਮੇਰੇ ਨੇੜੇ ਨਹੀਂ ਸੀ।

ਮੇਰੀ ਸੋਚ ਇਤਨੀ ਸੁੰਨ ਹੋ ਗਈ। ਇਕੋ ਦਿਨ ਇਕੋ ਸਮੇਂ ਇਹ ਦੋ ਹਾਦਸੇ ਮੇਰੇ ਵਾਸਤੇ ਕੀ ਵਾਪਰ ਗਏ। ਮੇਰੀ ਜ਼ਿੰਦਗੀ ਵਿੱਚ ੩੦ ਸਤੰਬਰ ਹਮੇਸ਼ਾ ਰੜਕਦਾ ਰਹੇਗਾ। ਜਿਸ ਤਰੀਖ ਨੂੰ ਮੈਂ ਆਪਣੇ ਦੋ ਪਿਆਰਿਆਂ ਤੋਂ ਵਿਛੜ ਗਿਆ ਹਾਂ। ਉਹ ਤਾਂ ਇਹ ਜੱਗ ਛੱਡ ਗਏ, ਪਰ ਪਿਛੇ ਆਪਣੀਆਂ ਯਾਦਾਂ ਛੱਡ ਗਏ। ਜਿਹੜੀਆਂ ਯਾਦਾਂ ਮੈਨੂੰ ਇਹਨਾਂ ਪਿਆਰਿਆਂ ਲਈ ਰੋਜ਼ ਟੁੰਬਦੀਆਂ ਰਿਹਾ ਕਰਨਗੀਆਂ।

ਮੇਰੀ ਇਕ ਰੀਝ ਮਨਸੂਰ ਨਾਲ ਹੀ ਲੈ ਗਿਆ ਏ। ਉਹ ਮੇਰੀ ਰੀਝ ਸੀ ਮਨਸੂਰ ਜੀ ਨੂੰ ਬਟਾਲੇ ਆਪਣੇ ਕੋਲ ਸੱਦਾਂ ਤੇ ਇਕ ਦੋ ਦਿਨ ਕੋਲ ਰੱਖ ਕੇ ਉਸ ਦੀ ਵੀ.ਡੀ.ਓ. ਫਿਲਮ ਬਣਾਵਾਂ ਤੇ ਉਸ ਨਾਲ ਗੱਲਾਂ ਬਾਤਾਂ ਵੀ ਕਰਾਂ ਤੇ ਉਸ ਦੇ ਬੀਤੇ ਬਾਰੇ ਵੀ ਗਿਆਨ ਹਾਸਲ ਕਰਾਂ। ਕਿਉਂਕਿ ਪਹਿਲਾਂ ਮਨਸੂਰ ਜੀ ਮਿਲਟਰੀ ਵਿੱਚ ਰਹੇ ਸਨ। ਉਸ ਤੋਂ ਬਾਦ ਯਾਤਰਾ ਕਰਨ ਤੇ ਹੀ ਤੁਰਿਆ ਰਹਿੰਦਾ ਸੀ। ਕਿਉਂਕਿ ਮਿਲਟਰੀ ਦੀ ਨੌਕਰੀ ਕਰਦੇ ਸਮੇਂ ਲਿਖੇ ਲੇਖ ਜੋ ਵੀ ਬਹੁਤ ਚੰਗੇ ਤੇ ਗਿਆਨ ਭਰਪੂਰ ਹਨ ਲਿਖੇ ਹੋਏ ਮੈਂ ਪੜ੍ਹੇ ਹਨ। ਉਹ ਸਾਰੇ ਲੇਖ ਵਰਿਆਮ ਪਰਚੇ ਵਿਚ ਉਸ ਦੇ ਲਿਖੇ ਪੜ੍ਹੇ ਹਨ।

ਸਤੰਬਰ ਮਹੀਨੇ ਦੇ ਵਰਿਆਮ ਵਿੱਚ ਮਨਸੂਰ ਜੀ ਦਾ ਲਿਖਿਆ ਇਕ ਲੇਖ "ਇਕ ਅਨੁਭਵ" ਪੜ੍ਹਿਆ। ਇਹ ਲੇਖ ਵੀ ਉਸ ਸਮੇਂ ਦੀਆਂ ਯਾਦਾਂ ਵਿਚੋਂ ਸੀ ਜਦੋਂ ਮਨਸੂਰ ਜੀ ਮਿਲਟਰੀ ਦੀ ਨੌਕਰੀ ਕਰਦੇ ਸਨ। ਮੈਨੂੰ ਇਹ ਲੇਖ ਬਹੁਤ ਚੰਗਾ ਲਗਿਆ, ਮੈਂ ਮਨਸੂਰ ਜੀ ਨੂੰ ਚਿਠੀ ਲਿਖੀ। ਜਦੋਂ ਮੈਂ ਚਿਠੀ ਲਿਖੀ, ਉਸ ਸਮੇਂ ਮਨਸੂਰ ਜੀ ਤੇ ਉਸ ਦੀ ਪਤਨੀ ਹੇਮਕੁੰਟ ਸਾਹਿਬ ਦੀ ਯਤਾਰਾ ਤੇ ਗਏ ਹੋਏ ਸਨ। ਜਦੋਂ ਯਾਤਰਾ ਤੋਂ ਵਾਪਸ ਆਏ ਤਾਂ ਉਸ ਨੇ ਮੇਰੀ ਚਿਠੀ ਪੜ੍ਹੀ ਤੇ ਮੈਨੂੰ ਟੈਲੀਫੂਨ ਕਰਕੇ ਦਸਿਆ ਕਿ ਮੈਂ ਤੇ ਮੇਰੀ ਪਤਨੀ ਹੇਮਕੁੰਟ ਸਾਹਿਬ ਦੀ ਯਾਤਰਾਂ ਤੋਂ ਵਾਪਸ ਆ ਗਏ ਹਾਂ, ਪਰ ਤੇਰੀ ਚਿਠੀ ਪੜ੍ਹ ਲਈ ਏ। ਮੈਂ ਉਸ ਨੂੰ ਬਟਾਲੇ ਆਉਣ ਲਈ ਫੂਨ ਤੇ ਜ਼ੋਰ ਪਾਉਂਦਾ ਰਿਹਾ। ਮਨਸੂਰ ਜੀ ਕਹਿਣ ਲੱਗਾ ਆ ਤਾਂ ਮੈਂ ਜਾਵਾਂ ਪਰ ਸਾਡੇ ਚਿਤੜਾਂ ਤੇ ਲਾਗਾ ਲਗਿਆ ਹੋਇਆ ਏ। ਹੇਮਕੁੰਟ ਸਾਹਿਬ ਦੀ ਯਾਤਰਾਂ ਘੋੜਿਆਂ ਤੇ ਕਰ ਬੈਠੇ ਹਾਂ। ਇਸ ਕਰਕੇ ਅਜੇ ਨਹੀਂ ਆ ਹੋਣਾ। ਮੈਂ ਹੋਰ ਮੋਹ ਨਾਲ ਆਖਿਆ ਤੇ ਖਹਿੜੇ ਪੈ ਕੇ ਆਖਿਆ ਇਕ ਵਾਰੀ ਤਾਂ ਮਨਸੂਰ ਜੀ ਦਰਸ਼ਨ ਦੇਹ। ਮਨਸੂਰ ਜੀ ਦਾ ਉਤਰ ਸੀ "ਤੂੰ ਕੁੜੀ ਹੁੰਦੀ ਤਾਂ ਮੈਂ ਆ ਹੀ ਜਾਂਦਾ। ਤੂੰ ਤਾਂ ਲੁੱਚਿਆ ਮੇਰੇ ਵਰਗਾ ਬੁੱਢਾ ਢੱਗਾ ਏਂ।" ਮੈ ਠੀਕ ਹੋ ਕੇ ਜ਼ਰੂਰ ਆਵਾਂਗਾ। ਮੈਂ ਮਨਸੂਰ ਜੀ ਨੂੰ ਆਖਿਆ "ਮਨਸੂਰ ਜੀ ਤੁਸੀਂ ਤਾਂ ਪਚਾਸੀਆਂ ਨੂੰ ਟੱਪ ਗਏ ਹੋ, ਮੈਂ ਤਾਂ ਅਜੇ ਕਾਕਾ ਹਾਂ।" ਮਨਸੂਰ ਜੀ ਹੱਸ ਕੇ ਬੋਲੇ "ਕਾਕਾ ਦੁੱਧ ਗਲਾਸ ਨਾਲ ਪੀਂਦਾ ਏ ਜਾਂ ਫੇਰ ਬੋਤਲ ਨਾਲ?" ਏਨੀਆਂ ਗੱਲਾਂ ਕੀਤੀਆਂ ਤਾਂ ਮਨਸੂਰ ਜੀ ਆਖਣ ਲੱਗਾ ਬਾਜਵਾ ਮੈਂ ਤੈਨੂੰ ਨਵੀਂ ਕਿਤਾਬ "ਚੁੱਪ ਦੀ ਆਵਾਜ਼ ਸੁਣੋ" ਨਹੀਂ ਭੇਜੀ? ਮੈਂ ਕਿਹਾ ਮਨਸੂਰ ਜੀ ਕਿਸੇ ਹੋਰ ਨੂੰ ਭੇਜ ਕੇ ਮੇਰੇ ਖਾਤੇ ਵਿੱਚ ਲਿਖ ਦਿਤਾ ਹੋਵੇਗਾ। ਪਰ ਮਨਸੂਰ ਜੀ ਕਹਿਣ ਲਗੇ ਅੱਜ ਹੀ ਤੈਨੂੰ ਕਿਤਾਬ ਭੇਜ ਰਿਹਾ ਹਾਂ ਸ਼ਾਇਦ ਆਖਰੀ ਕਿਤਾਬ ਤੈਨੂੰ ਹੀ ਭੇਜਾਂ। ਮਨਸੂਰ ਜੀ ਦੀ ਕਿਤਾਬ "ਚੁੱਪ ਦੀ ਆਵਾਜ਼ ਸੁਣੋ" ਮੈਨੂੰ ਡਾਕ ਰਾਹੀਂ ਮਿਲੀ ਤਾਂ ਉਸ ਨੂੰ ਅੰਦਰੋਂ ਵੇਖਿਆ ਲਿਖਿਆ ਹੋਇਆ ਸੀ—

ਸਨੇਹ ਸਹਿਤ
ਆਪਣੇ ਆਸ਼ਕ ਹਰਭਜਨ ਬਾਜਵਾ ਲਈ
ਤਰਲੋਕ ਮਨਸੂਰ ੧੨.੯.੨੦੦੨

ਇਹ ਕਿਤਾਬ ੧੨ ਸਤੰਬਰ ਨੂੰ ਮਨਸੂਰ ਜੀ ਨੇ ਮੈਨੂੰ ਭੇਜੀ ਏ। ਪਰ



Namdhari Elibrary NamdhariElibrary@gmail.com

ਮੈਨੂੰ ਵਿਛੋੜੇ ਦੀ ਤਾਰੀਖ ਦਾ ਪਤਾ ਨਹੀਂ ਲਗਿਆ। ਤੇ ਨਾ ਹੀ ਆਖਰੀ ਅਰਦਾਸ ਦੀ ਤਾਰੀਖ ਦਾ ਪਤਾ ਲਗਿਆ। ਆਖਰੀ ਅਰਦਾਸ ਦੀ ਤਰੀਖ ਵੀ ਮੈਂ ਵਰਿਆਮ ਪਰਚੇ ਵਿਚੋਂ ਪੜ੍ਹੀ ਏ।

ਜਿਸ ਤਰਾਂ ਚੁਪ ਚਪੀਤੇ ਮਨਸੂਰ ਜੀ ਨਾਲ ਸਾਂਝ ਜੁੜੀ ਸੀ, ਉਸੇ ਤਰ੍ਹਾਂ ਹੀ ਚੁੱਪ ਚਪੀਤੇ ਸਾਂਝ ਮੁਕ ਗਈ ਏ। ਮਨਸੂਰ ਜੀ ਦੀ ਸਾਂਝ ਤਾਂ ਮੁਕ ਗਈ ਏ। ਮੈਂ ਸਾਂਝ ਕਿਸ ਨਾਲ ਮੁਕਾਵਾਂ। ਕਿਉਂਕਿ ਮਨਸੂਰ ਜੀ ਨੇ ਕਿਤਾਬ "ਚੁੱਪ ਦੀ ਆਵਾਜ਼ ਸੁਣੋ" ਭੇਜ ਕੇ ਮੈਨੂੰ ਪੁਰਾਣੀ ਯਾਦ ਵੀ ਦਿਵਾ ਦਿਤੀ ਏ। ਕਿਉਂਕਿ ਉਸ ਕਿਤਾਬ ਦੀ ਬੈਕ ਤੇ ਜਿਹੜੀ ਤਸਵੀਰ ਛਪੀ ਹੋਈ ਏ ਉਹ ਤਸਵੀਰ ਮੈਂ ਮਨਸੂਰ ਜੀ ਦੀ ਉਸ ਵਕੱਤ ਖਿਚੀ ਸੀ ਜਦੋਂ ਸ. ਜਗਦੀਸ਼ ਸਿੰਘ ਵਰਿਆਮ ਦਾ ਅਭਿਨੰਦਨ ਸਮਾਰੋਹ ਸੀ। ਇਹ ਤਸਵੀਰ ਮਨਸੂਰ ਜੀ ਨੇ ਮੇਹਣਾ ਮਾਰ ਕੇ ਖਿਚਵਾਈ ਸੀ—"ਕੰਜਰਾ ਮੂੰਹ ਮੇਰਾ ਚੁੰਮੇ ਤੇ ਤਸਵੀਰਾਂ ਦੂਸਰਿਆਂ ਦੀਆਂ ਖਿਚੇ।" ਮੈਂ ਹੱਸ ਕੇ ਆਖਿਆ "ਬਾਪੂ ਇਕ ਨਹੀਂ ਦੋ ਚਾਰ ਜਿੰਨੀਆਂ ਆਖੇਂ ਤੇਰੀਆਂ ਤਸਵੀਰਾਂ ਖਿੱਚ ਦਿੰਦਾ ਹਾਂ। ਤੂੰ ਤਾਂ ਸੋਹਣਾ ਹੀ ਬੜਾ ਏਂ। ਕਦੀ ਮੇਰੇ ਕੋਲ ਤਾਂ ਆ। ਥੋੜਾ ਹੱਸ ਤਾਂ ਸਹੀ ਤੇਰਾ ਕੋਈ ਮੁਲ ਲਗਦਾ ਏ।" ਮਨਸੂਰ ਜੀ ਥੋੜਾ ਮੁਸਕਰਾਏ ਤਾਂ ਮੈਂ ਤਸਵੀਰ ਖਿੱਚ ਦਿੱਤੀ। ਉਹ ਤਸਵੀਰ ਮਨਸੂਰ ਜੀ ਨੇ ਕਿਤਾਬ "ਚੁੱਪ ਦੀ ਆਵਾਜ਼ ਸੁਣੋ" ਦੇ ਪਿਛੇ ਛਾਪ ਦਿੱਤੀ ਏ। ਹੁਣ ਮੈਂ ਉਸ ਤਸਵੀਰ ਨੂੰ ਵੇਖਦਾ ਹਾਂ ਤੇ ਕਈ ਕੁਝ ਸੋਚਦਾ ਹਾਂ। ਪਰ ਸਾਰਾ ਕੁਛ ਹੀ ਮੇਰੀ ਸੋਚ ਤੋਂ ਹੁਣ ਬਾਹਰ ਏ।

ਮੈਨੂੰ ਮਨਸੂਰ ਜੀ ਬਹੁਤੀ ਵਾਰ ਨਾਮਧਾਰੀਆਂ ਦੇ ਸਮਾਗਮਾਂ ਵਿਚ ਹੀ ਮਿਲਦੇ ਰਹੇ ਹਨ। ਤੇ ਉਹ ਵੀ ਬਹੁਤੀ ਵਾਰ ਜਲੰਧਰ ਹੀ ਮਿਲੇ ਹਾਂ। ਇਕ ਵਾਰੀ ਮਨਸੂਰ ਜੀ ਨੂੰ ਪੁਛ ਹੀ ਲਿਆ—'ਮਨਸੂਰ ਜੀ ਤੁਹਾਡੀ ਨਾਮਧਾਰੀਆਂ ਨਾਲ ਯਾਰੀ ਕਿਸ ਤਰ੍ਹਾਂ ਪਈ ਏ ?' ਮਨਸੂਰ ਜੀ ਦਾ ਉੱਤਰ ਸੀ : "ਸਤਿਗੁਰੂ ਜੀ ਦੇ ਦਰਸ਼ਨਾ ਦੀ ਤਾਂਘ ਦੀ ਖਿਚ ਤੇ ਸ੍ਰ. ਜਗਦੀਸ਼ ਸਿੰਘ ਵਰਿਆਮ ਨਾਲ ਸਾਹਿਤਕ ਯਾਰੀ ਏ। ਬਾਕੀ ਮੇਰੀ ਕੋਈ ਯਾਰੀ ਨਹੀ।"

ਮੇਰੀ ਜ਼ਿੰਦਗੀ ਵਿੱਚ ਤਰਲੋਕ ਮਨਸੂਰ ਹਵਾ ਦੇ ਬੁੱਲੇ ਵਾਂਗ ਆਇਆ ਸੀ। ਬਹੁਤ ਸੋਹਣਾ, ਮਿਲਾਪੜਾ, ਮੋਹ ਭਰਿਆ ਮਨੁੱਖ ਸੀ। ਯਾਰਾਂ ਦਾ ਯਾਰ ਸੀ। ਖੁਸ਼ ਰਹਿਣਾ ਤੇ ਰੁਮਾਂਟਿਕ ਸੋਚ ਦਾ ਮਾਲਕ ਸੀ। ਵਹਿਮਾਂ, ਭਰਮਾਂ ਤੇ ਰਸਮਾਂ ਤੋਂ ਬਹੁਤ ਦੂਰ ਸੀ। ਜਿਸ ਹਵਾ ਦੇ ਬੁੱਲੇ ਵਾਂਗ ਜ਼ਿੰਦਗੀ ਵਿੱਚ ਆਇਆ ਸੀ, ਉਸ ਬੁਲੇ ਵਾਂਗ ਹੀ ਚੁਪ ਚੁਪੀਤੇ ਜ਼ਿੰਦਗੀ ਵਿੱਚ ਵਸ ਕੇ ਕੋਲੋਂ ਤੁਰ ਗਿਆ ਏ।

### ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ

## "ਆਹ ! ਤਰਲੋਕ ਮਨਸੂਰ"

੨੩ ਸਤੰਬਰ ੨੦੦੨ ਦਾ ਦਿਨ ਕੈਪਟਨ ਤਰਲੋਕ ਸਿੰਘ 'ਮਨਸੂਰ' ਦੇ ਸਾਰੇ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਵਾਸਤੇ ਬੜਾ ਦੁਖਦਾਈ ਹੋ ਨਿਬੜਿਆ ਏ, ਜਦੋਂ ਮਨਸੂਰ ਸਾਹਿਬ ਦਾ ਐਕਸੀਡੈਂਟ ਹੋਇਆ ਤੇ ਉਹ ਮੌਕੇ ਤੇ ਈ ਸਦਾ ਦੀ ਨੀਂਦ ਸੋ ਗਏ। ਬਟਾਲਾ ਤੋਂ ਗੋਇੰਦਵਾਲ ਸਾਹਿਬ ਕਾਰ ਵਿਚ ਜਾ ਰਹੇ ਸਨ ਤੇ ਉਨ੍ਹਾਂ ਦਾ ਲੜਕਾ ਕਾਰ ਚਲਾ ਰਿਹਾ ਸੀ। ਸਟੇਰਿੰਗ ਲਾਕ ਹੋ ਗਿਆ ਕਾਰ ਪਲਟੀ ਖਾ ਗਈ। ਉਹ ਬਾਰੀ ਖੁਲਣ ਕਰਕੇ ਬਾਹਰ ਡਿਗੇ ਤੇ ਫਿਰ ਨਹੀਂ ਉਠੇ। ਏਹ ਖਬਰ ਪੜ੍ਹਕੇ ਮੈਂ ਉਹਨਾਂ ਦੇ ਘਰ ਫੋਨ ਕੀਤਾ... ਪਤਾ ਲੱਗਾ ਖਬਰ ਸੱਚੀ ਸੀ।

ਉਹਨਾਂ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਮੈਂ ਵੀ ੧੬੦ ਇੰਡਸਟਰੀਅਲ ਏਰੀਆ ਗੋਇੰਦਵਾਲ ਸਾਹਿਬ ਉਹਨਾਂ ਦੇ ਘਰ ਗਿਆ। ਦੇਖਿਆ ਕਿ ਬੜਾ ਭਾਰੀ ਇਕੱਠ ਸੀ ਤੇ ਬੜੀਆਂ ਮਹਾਨ ਹਸਤੀਆਂ ਜੋ ਕਿ ਸਾਰੇ ਉਹਨਾਂ ਦੇ ਮਿੱਤਰ, ਤੇ ਸ਼ਰਧਾਲੂ ਸਨ ਸ਼ਰਧਾ ਦੇ ਫੁੱਲ ਭੇਟ ਕਰਨ ਆਏ ਸਨ।

ਮੈਨੂੰ 'ਮਨਸੂਰ' ਸਾਹਿਬ ਨਾਲ ਫੈਜ਼ਾਬਾਦ ਆਰਮੀ ਸਕੂਲ ਵਿਚ ਇਕੱਠਿਆਂ ਰਹਿਣ ਦਾ ਮੌਕਾ ਮਿਲਿਆ ਸੀ। ਉਹ ਬੜੇ ਮਿਲਾਪੜੇ ਮਿਠ-ਬੋਲੜੇ ਤੇ ਮਜ਼ਾਕੀਏ ਸੁਭਾ ਦੇ ਸਨ। ਹਰ ਵੇਲੇ ਖੁਸ਼ ਰਹਿਣ ਵਾਲੇ ਤੇ ਸੱਚੇ ਸੁੱਚੇ ਇਨਸਾਨ ਸਨ। ਫੌਜੀ ਜੀਵਨ ਵੀ ਉਹਨਾਂ ਦਾ ਬੜਾ ਸਾਫ-ਸੁਥਰਾ ਤੇ ਆਪਣੇ ਪ੍ਰੋਫੇਸ਼ਨ ਵਿਚ ਨਿਪੁੰਨ ਸਨ। ਛੁੱਟੀ ਵਾਲੇ ਦਿਨ ਜਾਂ ਵਿਹਲੇ ਵਕਤ ਸਟਾਫ ਵਾਲੇ ਇਕੱਠੇ ਹੁੰਦੇ ਤਾਂ ਉਹਨਾਂ ਦੁਆਲੇ ਗੱਲਾਂ ਸੁਨਣ ਲਈ ਘੇਰਾ ਪਾ ਲੈਂਦੇ। ਉਹ ਵਧੀਆ ਲਿਖਾਰੀ ਸਨ ੧੩-੧੪ ਕਿਤਾਬਾਂ ਵੀ ਲਿਖੀਆਂ ਜੋ ਕਹਾਣੀਆਂ ਦੇ ਰੂਪ ਵਿਚ ਹਨ। ਰਿਟਾਇਰਮੈਂਟ ਤੋਂ ਪਿਛੋਂ ਕਈ ਵਾਰੀ ਜਲੰਧਰ ਦੇਸ਼ ਭਗਤ ਹਾਲ ਵਿਚ ਮਿਲੇ ਬੜੇ ਪਿਆਰ ਨਾਲ ਮਿਲਦੇ। 'ਮਨਸੂਰ' ਜੀ ਇਕ ਵਧੀਆ ਇਨਸਾਨ ਸਨ। ਸਰੀਰਕ ਤੌਰ ਤੇ ਭਾਵੇਂ ਉਹ ਨਹੀਂ ਰਹੇ, ਪਰ ਉਹਨਾਂ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿਚ ਰਹੇਗੀ।

*—ਗੁਰਦੇਵ ਸਿੰਘ ਹੰਜਰਾ*
*੨੯ ਗੁਰਜੀਤ ਨਗਰ, ਗੜ੍ਹਾ ਰੋਡ, ਜਲੰਧਰ*



Namdhari Elibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



ਗੁਰਦਿਆਲ ਸਿੰਘ ਐਂਡ ਸਨਜ਼
ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲਿ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

ਹਰਭਜਨ ਵੁੱਡ ਵਰਕਸ

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ ੨੩੮੭੮੪

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, Jalandhar Ph. : 458795, 459056





Namdhari Elibrary NamdhariElibrary@gmail.com

# ਇੱਕੋ ਗੱਲ ਮਾੜੀ ਉਸਦੀ....!

*—ਲੀਲਾਵਤੀ*
*(ਪਤਨੀ ਸੀ. ਮਾਰਕੰਡਾ)*

ਮਾਰਕੰਡਾ ਜੀ! ਮੇਰੇ ਪਤੀ ਹਨ। ਜਦੋਂ ਮੈਂ ਨਵੀਂ ਨਵੀਂ ਵਿਆਹੀ ਇਨ੍ਹਾ ਦੇ ਘਰੇ ਆਈ ਤਾਂ ਮੇਰੀ ਸੱਸ ਨਾ ਹੀ ਮੈਨੂੰ ਇਨ੍ਹਾ ਦਾ ਨਾਅ ਲੈਣ ਦਿੰਦੀ ਅਤੇ ਨਾ ਹੀ ਸਾਨੂੰ ਇਕੱਠਿਆਂ ਨੂੰ ਰੋਟੀ ਖਾਣ ਦਿੰਦੀ। ਉਸਨੂੰ ਵਹਿਮ ਸੀ ਕਿ ਜੇ ਆਦਮੀ ਆਪਣੀ ਤੀਮੀਂ ਦਾ ਜੂਠਾ ਖਾ ਲੇ ਤਾਂ ਇਹ ਆਦਮੀ ਲਈ ਬਹੁਤ ਮਾੜਾ ਹੁੰਦਾ। ਪਰ ਹੁਣ ਮੈਨੂੰ ਇਨ੍ਹਾਂ ਦਾ ਨਾਅ ਲੈਣ ਤੇ ਇਕੱਠਿਆਂ ਖਾਣਾ ਖਾਣ ਵਿੱਚ ਕੋਈ ਝਿਜਕ ਨਹੀਂ। ਵਿਆਹ ਤੋਂ ਪਹਿਲਾ ਮੇਰੇ ਫੁੱਫੜ ਕੁੰਦਨ ਲਾਲ ਨੇ ਮੇਰੇ ਪੇਕੀਂ ਦੱਸਿਆ ਹੋਇਆ ਸੀ ਕਿ ਮੁੰਡਾ ਬਣਦਾ-ਤਣਦਾ, ਪੜ੍ਹਿਆ ਲਿਖਿਆ ਹੈ। ਉਸਦਾ ਬਾਹਰਲੇ ਮੁਲਕ ਜਾਣ ਦਾ ਜੁਗਾੜ ਬਣ ਰਿਹੈ। ਘਰ ਦੇ ਖੁਸ਼ ਸਨ। ਮੈ ਵੀ ਜਦੋਂ ਘਰਦਿਆ ਤੋਂ ਚੋਰੀ ਇਹ ਗੱਲਾ ਸੁਣਦੀ ਤਾਂ ਅੰਦਰੋ ਅੰਦਰੀ ਮਨ ਖੁਸ਼ ਹੁੰਦਾ। ਪਰ ਵਿਆਹ ਮਗਰੋਂ ਇਨ੍ਹਾਂ ਦੇ ਘਰ ਆ ਕੇ ਪਤਾ ਲੱਗਿਆ ਕਿ ਇਨ੍ਹਾਂ ਦੇ ਤਾ ਵਿਚਾਰ ਹੀ ਹੋਰ ਹਨ।

ਅੱਜ ਜਦੋਂ ਇਨ੍ਹਾ ਮੈਨੂੰ ਲਿਖਣ ਲਈ ਕਿਹਾ ਤਾਂ ਮੈਂ ਇਨ੍ਹਾਂ ਬਾਰੇ ਸੋਚਣ ਲੱਗ ਪਈ। ਇਹ ਮੈਨੂੰ ਮਹਾਨ ਇਨਸਾਨ ਲੱਗਦੇ ਨੇ। ਪੰਜਾਬੀ ਸਾਹਿਤ ਨੂੰ ਵੀ ਇਨ੍ਹਾਂ ਦੀ ਬਹੁਤ ਦੇਣ ਹੋਣੀ ਹੈ। ਇਨ੍ਹਾਂ ਨੂੰ ਕਵਿਤਾ ਲਿਖਣ ਦਾ ਸ਼ੌਕ ਹੈ। ਕਵਿਤਾਵਾਂ ਲਿਖਦੇ ਹਨ, ਪੱਤਰਕਾਰੀ ਵੀ ਕਰਦੇ ਹਨ ਤੇ ਸਕੂਲ ਵਿਚ ਪੜ੍ਹਾਉਂਦੇ ਵੀ ਹਨ, ਪਰ ਘਰ ਦੀ ਕਬੀਲਦਾਰੀ ਵੱਲ ਤਾਂ ਭੋਰਾ ਵੀ ਧਿਆਨ ਨੀ ਦਿੰਦੇ।

ਇਨ੍ਹਾਂ ਦਾ ਪਿੰਡ ਟੂਸਾ ਹੈ ਤੇ ਮੇਰਾ ਵੱਡਾ ਘੱਲੀਆ। ਸਾਡੀ ਮੈਰਿਜ ੧੯੬੨ ਵਿਚ ਹੋਈ ਸੀ। ਉਸ ਵੇਲੇ ਇਹ ਦਸਮੀਂ ਪਾਸ ਸਨ। ਮੈਂ ਵੀ ਤਾਂ ਪੰਜ-ਸਤ ਜਮਾਤਾਂ ਹੀ ਪੜ੍ਹੀ ਹੋਈ ਹਾਂ। ੧੯੬੫ ਈ: ਵਿਚ ਅਸੀਂ ਟੂਸਿਆਂ ਤੋਂ ਤਪੇ ਆ ਵਸੇ, ਇਹ ਵਿਹਲੇ ਹੀ ਸਨ। ਸਾਡੀ ਜ਼ਮੀਨ ਖੱਟਰ ਪੱਤੀ ਦੇ ਮਲੰਗਾਂ ਦੀ ਅੱਲ ਨਾਲ ਮਸ਼ਹੂਰ ਜੱਟ ਪਰਿਵਾਰ ਕੋਲ ੧੫-੨੦ ਸਾਲਾਂ ਤੋਂ ਵਟਾਈ 'ਤੇ ਸੀ। ਉਨ੍ਹਾਂ ਨੇ ਬਾਈ ਜੀ ਨੂੰ ਚੱਕ ਦਿੱਤਾ ਕਿ ਬਾਬੂ ਰਾਮਾਂ ਮੁੰਡਾ ਤਾਂ ਤੇਰਾ ਕੋਈ ਕੰਮ ਨੀ ਕਰਦਾ। ਇਨ੍ਹਾਂ ਨੂੰ ਕਿੱਥੋਂ ਖੁਆਏਂਗਾ। ਇਨ੍ਹਾਂ ਨੂੰ ਟੂਸੀਂ ਭੇਜਦੇ। ਉਨ੍ਹਾਂ ਦੇ ਮਨ ਵਿਚ ਇਹ ਸੀ ਕਿ ਏਥੇ ਰਹਿਣ ਨਾਲ ਇਹ ਸਾਡੇ ਕੋਲੋਂ ਜ਼ਮੀਨ ਵਾਪਿਸ ਨਾ ਲੇ ਲੈਣ। ਸਾਡੇ ਬਾਈ ਜੀ ਮਗਰ ਲੱਗਗੇ। ਘਰ ਵਿੱਚ ਕਲੇਸ਼ ਰਹਿਣ ਲੱਗ ਪਿਆ। ਅਸੀਂ ਕਿਹਾ ਕਿ ਅਸੀਂ ਤਾਂ ਇੱਥੇ ਹੀ ਰਹਾਂਗੇ। ਬਾਈ ਜੀ ਦੀ ਗੁਰਦਵਾਰੇ ਦੇ ਭਾਈ ਜੀ ਨਾਲ ਬਹੁਤ ਬਣਦੀ ਸੀ। ਉਹ ਉਥੇ ਹੀ ਬਹੁਤਾ ਰਹਿੰਦੇ ਸਨ। ਆਪ ਤਾਂ ਰੋਟੀ ਉਥੇ ਖਾ ਆਉਂਦੇ, ਕਈ ਵਾਰ ਸਾਨੂੰ ਵੀ ਲਿਆ ਦਿੰਦੇ ਤਾਂ ਅਸੀਂ ਉਹ ਰੋਟੀਆਂ ਖਾਂਦੇ ਨਾ। ਬਾਈ ਜੀ ਸਾਨੂੰ ਗਾਲ੍ਹਾ ਕੱਢਦੇ। ਫਿਰ ਇੰਨਾਂ ਨੂੰ ਗੁੱਸਾ ਆਉਂਦਾ। ਇਹ ਗੁੱਸੇ ਖੋਰ ਬਹੁਤੇ ਨੇ। ਗੁੱਸਾ ਆਉਂਦਾ ਤਾਂ ਇੱਕ ਦਮ ਭੜਕ ਕੇ ਬੋਲਦੇ ਨੇ। ਇਹ ਤਾਂ ਇਨ੍ਹਾਂ ਦੇ ਸਾਰੇ ਟੱਬਰ ਦੀ ਬਾਣ ਹੈ। ਇਹ ਮੈਨੂੰ ਕਹਿੰਦੇ, ਆਪਾਂ ਗੁਰਦੁਆਰੇ ਦੀ ਰੋਟੀ ਨੀ ਖਾਣੀ। ਆਪਦੀ ਕਮਾਕੇ ਖਾਣੀ ਹੈ। ਭੁੱਖੇ ਕਿੱਥੇ ਰਿਹਾ ਜਾਂਦਾ। ਮੇਰਾ ਭਰਾ ਹੰਸ, ਸਾਨੂੰ ਸੇਮੀਆਂ ਦੇ ਗਿਆ ਸੀ। ਇਹ ਕਹਿੰਦੇ ਸੇਮੀਆਂ ਬਣਾਲੋ। ਇੱਕ-ਦੋ ਦਿਨ ਏਵੇਂ ਕੱਟੇ। ਫੇਰ ਮੈ ਕਪੜੇ ਸਿਉਣ ਲੱਗਪੀ। ਇਨ੍ਹਾਂ ਦੋ ਚਾਰ ਟਿਊਸ਼ਨਾਂ ਰੱਖਲੀਆਂ। ਆਪਣੇ ਆਪ ਕਮਾਉਣ ਜੋਗੇ ਹੋਗੇ।

ਬਾਈ ਜੀ ਟੂਸੀਂ ਕਈ ਦਿਨ ਲਾ ਆਉਂਦੇ। ਐਤਕੀਂ ਜਦੋਂ ਕਈ ਮਹੀਨਿਆਂ ਮਗਰੋਂ ਆਏ ਤਾਂ ਦੇਖਿਆ ਇੰਨਾਂ ਨੇ ਤਾਂ ਆਪਣਾ ਵਧੀਆ ਸਾਧਨ ਬਣਾਇਆ ਹੋਇਐ। ਸਾਡੇ ਵਟਾਈ ਵਾਲਿਆਂ ਤੋਂ ਮਣ ਕਣਕ ਲਿਆਕੇ ਘਰ ਛੱਡੀ। ਖੁਸ਼ ਹੋ ਕੇ ਕਹਿਣ ਲੱਗੇ, ਸੰਗ੍ਰੀਏ ਤੈਨੂੰ ਤਾਂ ਕੱਪੜੇ ਈ ਬਹੁਤ ਸੋਹਣੇ ਸਿਆਉਣੇ ਆਉਂਦੇ ਹਨ। ਕੁੱਝ ਹੀ ਚਿਰ ਪਿੱਛੋਂ ਇਨ੍ਹਾਂ ਨੂੰ ਆਰੀਆ ਸਕੂਲ ਵਿਚ ਮਾਸਟਰ ਰੱਖ ਲਿਆ। ਸਾਡਾ ਸੰਕਟ ਟਲ ਗਿਆ। ਇਸ ਤਰ੍ਹਾਂ ਜਨਾਨੀ ਦੇ ਜੀਵਨ ਵਿਚ ਕਈ ਸੰਕਟ ਆਉਂਦੇ ਹਨ, ਉਹ ਕੱਟਣੇ ਹੀ ਪੈਂਦੇ ਹਨ। ਹਿੰਮਤ ਨਹੀਂ ਹਾਰਨੀ ਚਾਹੀਦੀ। ਉਸ ਵੇਲੇ ਜੇ ਮੈਂ ਕਹਿ ਦਿੰਦੀ ਤੁਹਾਡੇ ਘਰ ਤਾਂ ਕਲੇਸ਼ ਰਹਿੰਦਾ। ਰੋਟੀ ਵੀ ਨੀ ਜੁੜਦੀ। ਪੇਕੇ ਚਲੀ ਜਾਂਦੀ। ਕੁਝ ਵੀ ਨਾ ਬਣਦਾ। ਸਾਡਾ ਵੀ ਫ਼ਰਕ ਪੈ ਜਾਂਦਾ। ਨਾ ਇਹ ਕਵੀ ਹੁੰਦੇ ਤੇ ਮੈਂ ਪਤਾ ਨੀ ਕਿੱਥੇ ਧੱਕੇ ਖਾਂਦੀ ਹੁੰਦੀ। ਇਸੇ ਕਰਕੇ ਮੈ ਆਪਣੀਆਂ ਭੈਣਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਜਿਹੜਾ ਪਤੀ, ਪਤਨੀ ਦਾ ਰਿਸ਼ਤਾ ਹੈ ਉਹ ਸੋ ਜੂੰਨੀ ਦੇ ਵਿਚ ਬਣਿਆ ਹੁੰਦਾ ਹੈ। ਉਸਨੂੰ ਸਮਝਣਾ ਚਾਹੀਦਾ ਹੈ। ਆਪਣੇ ਪਤੀ ਨੂੰ ਜਿੰਨੀ ਕੁ ਸਮਝ ਹੈ, ਉਸ ਨਾਲ ਮਿਲਕੇ ਰਹਿਣਾ ਚਾਹੀਦਾ ਹੈ। ਪੇਕੇ ਘਰ ਕਦੇ ਵੀ ਰੁੱਸਕੇ ਨਹੀਂ ਜਾਣਾ



Namdhari Elibrary NamdhariElibrary@gmail.com

ਚਾਹੀਦਾ। ਇਸ ਵਿਚ ਆਪਣੇ ਮਾਂ-ਬਾਪ ਦੀ ਵੀ ਇੱਜ਼ਤ ਬਣਦੀ ਹੈ।

ਇਹ ਜੋ ਕੁਝ ਵੀ ਬਣੇ ਮੇਰੀ ਮੈਰਿਜ ਤੋਂ ਮਗਰੋਂ ਹੀ ਬਣੇ ਹਨ। ਐਨੀਆਂ ਜਮਾਤਾਂ ਵਿਆਹ ਮਗਰੋਂ ਹੀ ਪਾਸ ਕੀਤੀਆਂ। ੧੯੭੦ ਵਿੱਚ ਇਹ ਪਟਿਆਲੇ ਐਮ.ਫਿਲ ਕਰਦੇ ਸਨ ਜਦੋਂ ਸਾਡੇ ਘਰੇ ੨ ਮਈ ਨੂੰ ਸਭ ਤੋਂ ਛੋਟਾ ਲੜਕਾ ਸੁਮੀਰ ਜਨਮਿਆ। ਇਸਦਾ ਨਾਂਅ 'ਸੁਮੀਰ ਕੁਮਾਰ' ਇਹਦੀਆਂ ਜਮਾਤਣਾਂ ਨੇ ਹੀ ਧਰਿਆ ਜੋ ਸਾਨੂੰ ਸਾਰਿਆਂ ਨੂੰ ਚੰਗਾ ਲੱਗਦਾ ਹੈ।

ਘਰ ਦਾ ਤਾਂ ਇਨਾਂ ਨੂੰ ਸ਼ੁਰੂ ਤੋਂ ਹੀ ਕੋਈ ਫ਼ਿਕਰ ਨਹੀਂ। ਆਪਣੇ ਆਪ ਵਿਚ ਮਗਨ ਹਨ। ਕਈ ਵਾਰ ਸਕੂਲੋਂ ਹੀ ਕਿਸੇ ਨਾ ਕਿਸੇ ਨਾਲ ਚਲੇ ਜਾਂਦੇ ਹਨ। ਬੇਸ਼ਕ ਰਾਤ ਦੇ ੧੨ ਵੱਜ ਜਾਣ, ਕੋਈ ਸੁਨੇਹਾ ਨਹੀਂ। ਕੋਈ ਫ਼ੋਨ ਨਹੀਂ। ਮੈਂ ਵਿਲਕਦੀ ਰਹਿ ਜਾਨੀ ਆਂ ਬਈ ਘਰ ਦੱਸਕੇ ਤਾਂ ਜਾਇਆ ਕਰੋ। ਜੇ ਕਦੀ ਲੋੜ ਪੈ ਜਾਵੇ ਤਾਂ ਤੁਹਾਨੂੰ ਕਿੱਥੇ ਭਾਲੀਏ। ਬੱਸ ਇਹ ਹੱਸ ਛੱਡਦੇ ਨੇ। ਐਧਰਲੇ ਕੰਨੋਂ ਸੁਣਕੇ ਔਧਰਲੇ ਕੰਨੀਂ ਬਾਹਰ ਕੱਢ ਦਿੰਦੇ ਨੇ। ਜੇ ਕੋਈ ਘਰੇ ਰਿਸ਼ਤੇਦਾਰ ਹੋਵੇ ਤਾਂ ਕੋਈ ਪ੍ਰਵਾਹ ਨਹੀਂ, ਜਿੱਥੇ ਜਾਣਾ, ਜਾਣਾ ਹੀ ਹੈ।

ਇੱਕ ਵਾਰ ਮੈਂ ਬਹੁਤ ਬਿਮਾਰ ਹੋ ਗਈ। ਖ਼ੂਨ ਦੀਆਂ ਉਲਟੀਆਂ ਲੱਗ ਗਈਆਂ। ਖ਼ੂਨ ਨਾਲ ਬੱਠਲ ਭਰ ਗਿਆ। ਇਹ ਘਰ ਨਹੀਂ ਸਨ। ਕਵੀ-ਦਰਬਾਰਾਂ 'ਤੇ ਤੁਰੇ ਰਹਿੰਦੇ ਨੇ। ਸਾਡੇ ਆਰੀਆ ਸਕੂਲ ਦੇ ਮਾਸਟਰਾਂ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਕਹਿਣ ਲੀਲਾ ਤਾਂ ਬਚਦੀ ਨੀ। ਉਹ ਕਈ ਡਾਕਟਰਾਂ ਨੂੰ ਸੱਦ ਲਿਆਏ ਉਨ੍ਹਾਂ ਨੇ ਕਿਹਾ ਹੋਣਾ। ਆਰੀਆ ਸਕੂਲ ਦੇ ਮਾਸਟਰ ਮੈਨੂੰ ਕਾਰ 'ਚ ਪਾਕੇ ਲੁਧਿਆਣੇ ਦਿਆਨੰਦ ਹਸਪਤਾਲ ਲੈ ਗਏ। ਇਨ੍ਹਾਂ ਨੂੰ ਰਾਤ ਨੂੰ ਘਰ ਆਕੇ ਪਤਾ ਲੱਗਿਆ। ਪਰੇਸ਼ਾਨ ਹੋਏ। ਇਹੀ ਦੱਸਦੇ ਨੇ ਕਿ ਉਹ ਘਰ 'ਚ ਇਕੱਲਤਾ ਵੇਖਕੇ ਕਾਫ਼ੀ ਰੋਏ। ਮੈਂ ਵੀ ਇਨ੍ਹਾਂ ਦੀਆਂ ਆਦਤਾਂ ਵੇਖਕੇ ਜਾਣ ਲਿਆ ਹੈ ਕਿ ਇਨ੍ਹਾਂ ਨਾਲ ਲੜਨਾ ਜਿਵੇਂ ਆਪਣੇ ਨਾਲ ਹੀ ਲੜਨਾ ਹੋਵੇ।

ਸਾਡੇ ਦੋ ਲੜਕੀਆਂ ਤੇ ਦੋ ਲੜਕੇ ਹਨ। ਇੱਕ ਲੜਕੀ 'ਅਰਚਨਾ' ਬਠਿੰਡੇ ਵਿਆਹੀ ਹੋਈ ਹੈ। ਵੱਡਾ ਮੁੰਡਾ ਤੇਜਿੰਦਰ ਹੈ। ਇਸਨੂੰ ਵੀ ਕਵਿਤਾਵਾਂ ਲਿਖਣ ਦਾ ਝੱਸ ਪੈ ਗਿਆ ਸੀ। ਚੰਗਾ ਹੋਇਆ ਇਹ ਡਾਕਟਰਨੀ ਵਿਆਹ ਲਿਆਇਆ। ਦੋਵੇਂ ਨੂੰਹ ਪੁੱਤ ਡਾਕਟਰ ਨੇ ਤੇ ਲੁਧਿਆਣੇ ਆਪਣਾ ਕੰਮ ਕਰਦੇ ਨੇ। ਛੋਟੀ ਕੁੜੀ ਅਲਕਾ ਅੰਗਰੇਜ਼ੀ ਦੀ ਐਮ. ਏ. ਕਰਦੀ ਆ ਅੰਮ੍ਰਿਤਸਰ ਵਿਆਹ ਦਿੱਤੀ। ਤੇ ਸੁਮੀਰ ਬੀ. ਏ. 'ਚ ਪੜ੍ਹਦਾ। ਬੱਚੇ ਆਪਣੇ ਆਪ ਹੀ ਪੜ੍ਹਦੇ ਨੇ, ਜੇਕਰ ਕੋਈ ਕਹਿ ਦੇਵੇ ਕਿ ਡੈਡੀ ਟਿਊਸ਼ਨ ਰੱਖਣੀ ਹੈ, ਪੈਸੇ ਚਾਹੀਦੇ ਨੇ ਤਾਂ ਕਹਿ ਦਿੰਦੇ ਨੇ ਟਿਊਸ਼ਨ ਰੱਖ ਲਵੋ। ਮਾਸਟਰਾਂ ਨੇ ਕਿਹੜਾ ਸੋਥੋਂ ਪੈਸੇ ਮੰਗਣੇ ਨੇ। ਪੈਸੇ ਤਾਂ ਹੈ ਹੂ ਨੀਂ। ਤਨਖਾਹ ਨੀ ਮਿਲੀ। ਵੈਸੇ ਇਨਾਂ ਨੂੰ ਕਈ ਕਈ ਮਹੀਨੇ ਤਨਖਾਹ ਮਿਲਦੀ ਵੀ ਨਹੀਂ। ਜਿਸ ਕਰਨ ਪ੍ਰੇਸ਼ਾਨੀ ਹੁੰਦੀ ਹੈ। ਫਿਰ ਸਾਰਾ ਕੁਝ ਮੈਨੂੰ ਹੀ ਖੇਤੀ ਦੀ ਆਮਦਨ ਵਿੱਚੋਂ ਐਡਜਸਟ ਕਰਨਾ ਪੈਂਦਾ ਹੈ।

ਇਨਾਂ ਨੂੰ ਅਨੇਕਾਂ ਬੰਦੇ ਇਨਾਂ ਦੇ ਘਰੇ ਹੁੰਦੇ ਸੁੰਦੇ ਜਾਂ ਘਰੋਂ ਗਿਆਂ ਸਮੇਂ ਮਿਲਣ ਗਿਲਣ ਆਉਂਦੇ ਰਹਿੰਦੇ ਹਨ। ਕਈ ਅਜਿਹੇ ਹੁੰਦੇ ਹਨ। ਜਿਨਾਂ ਨੂੰ ਕੋਈ ਸਮਝ ਨਹੀਂ ਹੁੰਦੀ। ਇੱਕ ਵਾਰ ਇੱਕ ਆਦਮੀ ਆਇਆ। ਇਨਾਂ ਨੂੰ ਔਖਾ ਭਾਰਾ ਹੋ ਕੇ ਬੋਲਣ ਲੱਗ ਪਿਆ ਇਹ ਘਰ ਨਹੀਂ ਸਨ। ਆਖਣ ਲੱਗਿਆ, "ਕਿਥੇ ਐ ਮਾਰਕੰਡਾ।" ਮੈਂ ਕਿਹਾ ਘਰੇ ਨੀ। 'ਕਦੋਂ ਆਊਗਾ?" ਫਿਰ ਆਪ ਹੀ ਇੱਕ ਚਿੱਠੀ ਲਿਖਕੇ ਧਰ ਗਿਆ। ਵਿਚ ਇਨ੍ਹਾਂ ਨੂੰ ਗਾਲ੍ਹਾਂ ਲਿਖੀਆਂ ਹੋਈਆਂ ਸਨ। ਇਨ੍ਹਾਂ ਨੇ ਕੋਈ ਖ਼ਬਰ ਉਨਾਂ ਦੀ ਪਾਰਟੀ ਦੇ ਵਿਰੁੱਧ ਲਾ ਦਿੱਤੀ ਹੋਣੀ ਐ। ਤਾਂ ਹੀ ਤਾਂ ਐਨਾ ਵਖਾਧ ਵਧਿਆ। ਰਾਤ ਨੂੰ ਇਹ ਆਏ। ਚਿੱਠੀ ਪੜ੍ਹਕੇ ਹੱਸੀ ਜਾਣ, ਮੈਨੂੰ ਗੁੱਸਾ ਆਈ ਜਾਵੇ।

ਕਈ ਬੰਦੇ ਅਜਿਹੇ ਇਨਾਂ ਦੇ ਨਾਲ ਆਉਂਦੇ ਨੇ, ਜਿਨਾਂ ਨੂੰ ਆਪਣੇ ਆਪ ਦੀ ਵੀ ਸੁੱਧ ਨਹੀਂ ਹੁੰਦੀ। ਦਾਰੂ ਨਾਲ ਛੱਕ ਲੈਣਗੇ ਤੇ ਫਿਰ ਉਲਟੀਆਂ ਕਰ ਕਰ ਘਰ ਭਰ ਦੇਣਗੇ। ਮੈਂ ਤਾਂ ਫਿਰ ਅੱਕ ਕੇ ਕਹਿ ਦਿੰਨੀ ਆਂ, ਮੈਂ ਇਸ ਗੰਦ ਖਾਨੇ ਨੂੰ ਕੀ ਕਰਾਂ ? ਆਪਣਾ ਬਾਹਰ ਹੀ ਕੋਈ ਕਮਰਾ ਬਣਾ ਲਵੋ। ਘਰੇ ਅਜਿਹੇ ਸ਼ਰਾਬੀ ਕਬਾਬੀ ਨਾ ਲਿਆਇਆ ਕਰੋ। ਇਹ ਕੁਝ ਦਿਨ ਤਾਂ ਠੀਕ ਰਹਿੰਦੇ ਹਨ ਤੇ ਫ਼ੀਲ ਵੀ ਕਰ ਜਾਂਦੇ ਹਨ ਪਰ ਫੇਰ ਭੁੱਲ ਜਾਂਦੇ ਹਨ।

ਉਂਜ ਇਨ੍ਹਾਂ ਦੇ ਦੋਸਤ-ਮਿੱਤਰ ਚਾਹੇ ਅੱਧੀ ਰਾਤੀਂ ਆ ਜਾਣ। ਉਨ੍ਹਾਂ ਦੀ ਮੈਂ ਪੂਰੀ ਆਓ ਭਗਤ ਕਰਦੀ ਹਾਂ। ਅੱਧੀ ਅੱਧੀ ਰਾਤੀਂ ਉੱਠਕੇ ਸਬਜ਼ੀਆਂ ਬਣਾਉਣੀਆਂ ਤੇ ਰੋਟੀਆਂ ਖਵਾਉਂਦੀ ਰਹੀ ਹਾਂ। ਜੋ ਕੁਝ ਕਹਿਣਾ ਹੈ, ਇਨਾਂ ਨੂੰ ਹੀ ਕਹਿਣਾ ਹੈ। ਇਨ੍ਹਾਂ ਦੇ ਦੋਸਤਾਂ ਮਿੱਤਰਾਂ ਨੂੰ ਤਾਂ ਕਦੀ ਪਤਾ ਵੀ ਲੱਗਣ ਦਿੰਦੀ ਕਿ ਅਸੀਂ ਕਦੋਂ ਆਪੋ ਵਿੱਚੀਂ ਰੁੱਸੇ ਹੋਏ ਹਾਂ।

ਇਨ੍ਹਾਂ ਨੂੰ ਜੇ ਕੋਈ ਬਾਰਾਂ ਵਜੇ ਰਾਤ ਨੂੰ ਵੀ ਫ਼ੋਨ ਕਰ ਦੇਵੇ ਕਿ ਕੱਲ ਨੂੰ ਚੰਡੀਗੜ੍ਹ ਜਾਂ ਫਲਾਣੇ ਥਾਂ ਜਾਣਾ ਹੈ ਤਾਂ ਝੱਟ ਹਾਂ ਕਰ ਦੇਣਗੇ। ਬੇਸ਼ਕ ਔਖੇ ਹੀ ਹੋਣ। ਮੂੰਹੋਂ ਨਾਂਹ ਨਹੀਂ



Namdhari Elibrary NamdhariElibrary@gmail.com

ਕਹਿੰਦੇ। ਘਰ ਵਿਚ ਮੈਂ ਜਾਂ ਕੋਈ ਹੋਰ ਬਿਮਾਰ ਪਿਆ ਹੋਵੇ, ਕੋਈ ਫਿਕਰ ਨਹੀਂ । ਕਹਿ ਜਾਣਗੇ, ਡਾਕਟਰ ਸੁਰੇਸ਼ ਕਾਂਤ ਤੋਂ ਦਵਾਈ ਲਿਆ ਦਿਓ ਜਾਂ ਡਾ. ਮਦਨ ਨੂੰ ਫੋਨ ਤੇ ਘਰੇ ਬੁਲਾ ਲਿਓ। ਆਪਣੇ ਹੀ ਤਾਂ ਘਰ ਦੇ ਬੰਦ ਨੇ। ਬੱਸ ਇਨਾਂ ਨੂੰ ਤਾਂ ਆਪਣੇ ਹੀ ਸਹੇੜੇ ਕੰਮਾਂ 'ਚੋਂ ਵਿਹਲ ਨਹੀਂ ਮਿਲਦੀ। ਘਰ ਵੱਲ ਕਦੋਂ ਧਿਆਨ ਦੇਣ।

ਮੇਰੇ ਸਹੁਰੇ (ਬਾਈ ਜੀ) ਦਾ ਸੁਭਾਅ ਵੀ ਕੁਝ ਗਰਮ ਹੀ ਸੀ। ਜਦੋਂ ਇਹ ਕਿਤੋਂ ਬਾਹਰੋਂ ਆਉਂਦੇ ਤਾ ਗਰਮੀ ਨਾਲ ਗੱਲ ਕਰਦੇ, 'ਚਰੰਜੀ ਕਿੱਥੋਂ ਆਇਐਂ।" "ਬਾਈ ਬਰਨਾਲੇ ਫੰਕਸ਼ਨ ਸੀ ਓਥੋਂ ਆਇਐਂ।" ਫਿਰ ਉਹ ਗੁੱਸਾ ਖਾ ਜਾਂਦੇ ਤੇ ਇਨ੍ਹਾਂ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੇ। ਅਸੀਂ ਤੇਰਿਆਂ ਫੰਕਸ਼ਨਾਂ ਤੋਂ ਕੀ ਲੈਣੈ। ਇੱਕ ਵਾਰ ਬਾਈ ਜੀ ਬਿਮਾਰ ਹੋ ਗਏ। ਇਕੱਲੇ ਹੀ ਪਟਿਆਲੇ ਮੇਰੀ ਨਣਦ ਕਲਾਵੰਤੀ ਕੋਲ ਚਲੇ ਗਏ। ਉੱਥੇ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਹੋ ਗਏ। ਗੋਡ਼੍ਹ ਦੀ ਹੱਡੀ 'ਚੋਂ ਟੈਸਟ ਲਈ ਡਾਕਟਰਾਂ ਨੇ ਸਰਿੰਜ ਰਾਹੀਂ, ਪਾਣੀ ਕੱਢਿਆ। ਗੋਡ਼੍ਹ ਦੀ ਹੱਡੀ 'ਚ ਅਜਿਹਾ ਨੁਕਸ ਪੈ ਗਿਆ ਕਿ ਉਹ ਤੁਰਨ ਜੋਗੇ ਵੀ ਨਾ ਰਹੇ। ਇਨ੍ਹਾਂ ਨੂੰ ਪਟਿਆਲੇ ਐਮ. ਫਿਲ. ਵਿਚ ਦਾਖਲਾ ਮਿਲ ਗਿਆ। ਬਾਈ ਜੀ ਦੀ ਦੇਖ ਭਾਲ ਦੇ ਡਰ ਕਰਕੇ ਇਨਾਂ ਐਮ. ਫਿਲ. ਕਰਨ ਦਾ ਵਿਚਾਰ ਛੱਡ ਦਿੱਤਾ। ਮੈਂ ਕਿਹਾ ਕਿ ਬਾਈ ਜੀ ਦੀ ਦੇਖ ਭਾਲ ਮੈਂ ਆਪੇ ਕਰਾਂਗੀ । ਤੁਸੀਂ ਵਿਚ ਦੀ ਗੇੜਾ ਮਾਰ ਜਾਇਆ ਕਰੋ। ਇਨਾਂ ਨੂੰ ਨਹਾ-ਧੁਆ ਜਾਇਆ ਕਰੋ। ਮੇਰੀ ਗੱਲ ਮੰਨਕੇ ਇਹ ਪੰਜਾਬੀ ਯੂਨੀਵਰਸਿਟੀ ਵਿਚ ਦਾਖਲਾ ਭਰ ਆਏ।

ਜਦੋਂ ਇਹ ਪਟਿਆਲਿਓਂ ਮੁੜਕੇ ਤਪੇ ਆਉਂਦੇ ਤਾਂ ਗੁਸਲਖਾਨੇ ਵਿਚ ਕੁਰਸੀ ਡਾਹ ਕੇ ਇਨ੍ਹਾਂ ਨੂੰ ਮੰਜੇ ਤੋਂ ਚੁਕਕੇ ਲਿਜਾਂਦੇ। ਮੈਂ ਮਗਰੋਂ ਮੰਜੇ ਦੀ ਚਾਦਰ, ਗੁਦੇਲਾ ਤੇ ਸਿਰਹਾਣਾ ਬਦਲ ਕੇ ਨਵਾਂ ਵਿਛਾ ਦਿੰਦੀ। ਇਹ ਉਨਾ ਦੀ ਪਿੱਠ ਤੇ ਜੰਮੀ ਮੈਲ ਨੂੰ ਸਾਬਣ ਨਾਲ ਮਲ ਮਲ ਕੇ ਲਾਹੁੰਦੇ। ਪਰ ਬਾਈ ਜੀ ਨੂੰ ਗਾਲਾਂ ਕਢਣ ਦੀ ਐਨੀ ਆਦਤ ਸੀ। ਬੱਸ ਪੁੱਛੋ ਹੀ ਨਾ। ਤੂੰ ਇਓਂ ਨੀ ਕਰਦਾ, ਤੂੰ ਔਹ ਨੀ ਕਰਦਾ। ਇਹ ਉਨਾਂ ਨੂੰ ਨੁਹਾਈ ਵੀ ਜਾਂਦੇ ਤੇ ਹੱਸੀ ਵੀ ਜਾਂਦੇ। ਨਾਲੇ ਕਹੀ ਜਾਂਦੇ 'ਬਾਈ ਇੱਕ ਗਾਲ ਹੋਰ ਕੱਢੀ. ਫਿਰ ਆਪੇ ਹੀ ਹੱਸ ਪੈਂਦੇ। ਕਹਿੰਦੇ ਮਾਂ-ਪਿਓ ਦੀਆਂ ਗਾਲਾਂ, ਦੁੱਧ ਘਿਓ ਦੀਆਂ ਨਾਲਾਂ।

ਮੈਨੂੰ ਆਪ ਨੌਕਰੀ ਕਰਨ ਦਾ ਬਥੇਰਾ ਸ਼ੌਕ ਸੀ। ਕਈ ਕਈ ਮਹੀਨੇ ਇਨਾਂ ਨੂੰ ਤਨਖਾਹ ਨਾ ਮਿਲਦੀ। ਅਸੀਂ ਘਰ ਦੀ ਕਬੀਲਦਾਰੀ ਤੋਰਨ ਦੇ ਮਾਮਲੇ 'ਚ ਆਪੋ ਵਿਚੀਂ ਗੁੱਸੇ ਹੋ ਜਾਂਦੇ। ਪੈਸੇ ਦੀ ਥੁੜ ਰਹਿੰਦੀ, ਕਹਿ ਦਿੰਦੇ ਮੈਂ ਕੀ ਕਰਾਂ। ਮੈਂ ਆਖਦੀ ਮੈਨੂੰ ਵੀ ਆਪਦੇ ਬਰਾਬਰ ਦੀ ਬਣਾ ਲੋ। ਪਿੱਛੇ ਜਿਹੜੇ ਗੌਰਮਿੰਟ ਨੇ ਕਈ ਕਨੂੰਨ ਕੱਢੇ ਸੀ ਕਿ ਪੰਜ ਪਾਸ ਕੁੜੀ ਅੱਠਵੀਂ/ਦਸਵੀਂ ਕਰ ਸਕਦੀ ਸੀ। ਮੈਂ ਵੀ ਦਸ ਕਰਕੇ ਜੇ.ਬੀ. ਟੀ. ਹੋ ਜਾਂਦੀ। ਸੋਡੇ ਬਰਾਬਰ ਕਮਾਉਣ ਲੱਗ ਜਾਂਦੀ। ਫਿਰ ਆਪਣੇ ਘਰ ਕਿਸ ਗੱਲ ਦੀ ਤੰਗੀ ਹੋਣੀ ਸੀ। ਪਰ ਇਹ ਮੈਨੂੰ ਆਖ ਛੱਡਦੇ ਫਿਰ ਘਰ ਦਾ ਕੀ ਬਣਦਾ। ਬੱਚਿਆਂ ਨੂੰ ਕੌਣ ਸੰਭਾਲਦਾ। ਇਨਾਂ ਦੇ ਘਰ ਦਾ ਮਾਹੌਲ ਪੇਂਡੂ ਸੀ। ਪਰਿਵਾਰ ਵਿਚ ਕੋਈ ਪੜ੍ਹਿਆ ਲਿਖਿਆ ਨਹੀਂ ਸੀ। ਇਹੀ ਕਾਰਨ ਕਿ ਮੈਂ ਵੀ ਸਹੁਰੇ ਘਰ ਆਕੇ ਪੜ੍ਹ ਨਾ ਸਕੀ।

ਉਂ ਤਾਂ ਮੈਂ ਬਥੇਰੀ ਖੁਸ਼ ਆਂ। ਸਾਡੇ ਬੱਚੇ ਲਾਇਕ ਹਨ। ਘਰ ਦਾ ਮਾਹੌਲ ਵਧੀਆ। ਅਸੀਂ ਮਿਲਕੇ ਸੋਹਣਾ ਜੀਵਨ ਜਿਉਂਦੇ ਹਾਂ। ਇਨ੍ਹਾਂ ਦੇ ਮਨ ਵਿਚ ਮੈਲ ਨਹੀਂ। ਦਿਲ ਦੇ ਸਾਫ। ਬਹੁਤੇ ਕੰਮਾਂਕਾਰਾਂ ਕਰਕੇ ਘਰ ਲਈ ਭੋਰਾ ਟਾਈਮ ਨਹੀਂ। ਸਮਾਂ ਬੀਤ ਜਾਣ ਤੇ ਪਛਤਾਉਂਦੇ ਵੀ ਹਨ। ਪਰ ਫੇਰ ਪਹਿਲਾਂ ਵਾਂਗੂ ਈ ਜਿਉਂਦੇ ਹਨ।

ਅੱਗੇ ਤਾਂ ਜਨਾਨੀ ਨੂੰ ਲੋਕ ਪੈਰ ਦੀ ਜੁੱਤੀ ਸਮਝਦੇ ਸੀ। ਤੀਮੀਂ ਨੂੰ ਕੰਮ ਵੀ ਬਹੁਤ ਕਰਨੇ ਪੈਂਦੇ ਸੀ। ਚੱਕੀ ਪੀਹਣੀ, ਗੋਹਾ ਕੂੜਾ ਕਰਨਾ, ਖੂਹ ਤੋਂ ਪਾਣੀ ਭਰਨਾ। ਕਿਸੇ ਵੇਲੇ ਵਿਹਲ ਨਾ ਹੁੰਦੀ। ਅੱਜ ਦੇ ਸਮੇਂ ਵਿੱਚ ਜਨਾਨੀ ਹਰ ਮਾਹਿਕਮੇ ਵਿੱਚ ਨੌਕਰੀ ਕਰਦੀ ਹੈ। ਬੰਦੇ ਬਰਾਬਰ ਹੈ। ਪਰ ਸਮਾਜ ਮਰਦ ਪ੍ਰਧਾਨ ਹੈ। ਮਰਦ ਦਾ ਦਰਜਾ ਉੱਚਾ ਹੈ। ਜਨਾਨੀ ਫਿਰ ਵੀ ਮਰਦ ਦੇ ਮੂਹਰੇ ਝੁਕਦੀ ਹੈ। ਜਨਾਨੀ ਉਹਦੀ ਰਾਇ ਤੋਂ ਬਿਨਾਂ ਕੁਝ ਨਹੀਂ ਕਰ ਸਕਦੀ। ਜਦੋਂ ਲੜਕੀ ਸਹੁਰੇ ਘਰ ਜਾਂਦੀ ਹੈ ਤਾਂ ਉਸਨੂੰ ਸਾਰਾ ਮਾਹੌਲ ਓਪਰਾ ਲੱਗਦਾ ਹੈ। ਉਸਨੂੰ ਹਰ ਗੱਲ ਤੇ ਕੰਮ ਬੜੀ ਸਮਝਦਾਰੀ ਨਾਲ ਕਰਨਾ ਪੈਂਦਾ ਹੈ। ਸਭ ਨਾਲ ਪਿਆਰ ਨਾਲ ਰਹਿਣਾ ਪੈਂਦਾ ਹੈ। ਸਹੁਰੇ ਘਰ ਵਿਚ ਕਈ ਤਰ੍ਹਾਂ ਦੇ ਕਲੇਸ਼ ਵੀ ਹੁੰਦੇ ਹਨ ਪਰ ਔਰਤ ਨੂੰ ਸਮਝ ਨਾਲ ਨਿਪਟਣੇ ਪੈਂਦੇ ਨੇ। ਤਾਂ ਹੀ ਉਹ ਸੁਖ ਪਾ ਸਕਦੀ ਹੈ। ਮੈਂ ਆਪਣੀ ਜਠਾਣੀ, ਸੱਸ, ਸਹੁਰੇ, ਜੇਠ, ਨਣਦਾਂ ਅਤੇ ਹੋਰਨਾਂ ਜੀਆਂ ਨਾਲ ਜਿਉਂਕੇ ਵੇਖਿਆ ਹੈ। ਬਹੁਤ ਕੁਝ ਜਰਿਆ। ਅੱਜ ਮੈਨੂੰ ਖੁਸ਼ੀ ਹੈ ਕਿ ਮੈਂ ਪਤੀ ਦਾ ਸੁਖ ਭੋਗ ਰਹੀ ਹਾਂ। ਇਨ੍ਹਾਂ ਵਿਚ ਬਥੇਰੇ ਗੁਣ ਹਨ। ਪਰ ਇਨ੍ਹਾਂ ਦੀ ਇੱਕੋ ਗੱਲ ਮਾੜੀ ਹੈ ਕਿ ਇਹ ਘਰ ਦੀ ਕਬੀਲਦਾਰੀ ਵੱਲ ਧਿਆਨ ਨਹੀਂ ਦਿੰਦੇ।

*(ਛਪ ਰਹੀ ਪੁਸਤਕ 'ਟੂਸੇ ਦੀ ਟਹਿਕ' ਵਿੱਚੋਂ)*

*'ਕਵਿਤਾ ਮਾਰਗ'*

*ਤਪਾ ਮੰਡੀ (ਸੰਗਰੂਰ)*



Namdhari Elibrary NamdhariElibrary@gmail.com

*Our Motto : Best Quality of the Day*

*High Class Gun Manufacturers*

**Single & Double Barrels**



# 12-Bore GUNS

**Free India Gun Manufacturers**

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*
**M/S. KARTAR SINGH**
**ARMS & AMMUNITION DEALERS**



Namdhari Elibrary NamdhariElibrary@gmail.com

# ਯਾਦਾਂ ਵਿੱਛੜੇ ਸੱਜਣ ਦੀਆਂ ਆਈਆਂ

*—ਨਿੰਦਰ ਘੁਗਿਆਣਵੀ*

ਓਦਣ ਪਹਿਲੀ ਵਾਰ ਲੁਧਿਆਣਾ ਦੇਖਿਆ ਆਪਣੇ ਬਾਪ ਨਾਲ। ਰਾਹ ਪੁੱਛਦੇ ਪੁਛਾਂਦੇ ਅਸੀਂ ਉਸਤਾਦ ਜੀ ਦਾ ਡੇਰਾ ਲੱਭ ਹੀ ਲਿਆ ਸੀ। ਅੰਦਰ ਗਏ, ਅੱਗੋਂ ਖਾਸਾ ਮੋਟਾ, ਪੱਕੇ ਰੰਗ ਦਾ ਆਦਮੀ, ਨੰਗੇ ਪਿੰਡੇ ਫਰਸ਼ ਉੱਤੇ ਚੌਂਕੜਾ ਮਾਰ ਕੇ ਬੈਠਾ ਕੱਦੂ ਛਿੱਲ ਛਿੱਲ ਪਰਾਤ ਵਿਚ ਰੱਖ ਰਿਹਾ ਸੀ। ਇਕ ਬੰਦਾ ਹੋਰ ਤੇ ਇਕ ਅੱਧ ਜੁਆਕ ਕੱਦੂ ਚੀਰ ਰਹੇ ਸਨ। ਨਵਿਆਂ ਕੱਦੂਆਂ ਦਾ ਗੱਟੂ ਭਰਿਆ ਹੋਇਆ ਸੀ। ਰਾਮ ਸੱਤ ਹੋਈ। ਲਾਗੇ ਵਿਛੀ ਦਰੀ ਉੱਤੇ ਅਸੀਂ ਬੈਠ ਗਏ। ਮੇਰੇ ਬਾਪ ਨੇ ਹੀ ਆਖਿਆ ਉਸ ਮੋਟੇ ਆਦਮੀ ਨੂੰ, "ਇਹ ਮੇਰਾ ਮੁੰਡੈ ਜੀ! ਜ਼ਿੱਦ ਕਰਕੇ ਆਇਐ ਨਾਲ ਮੈਨੂੰ ਲੈ ਕੇ। ਚੇਲਾ ਬਣਨੈ।"

ਮੋਟਾ ਆਦਮੀ ਥੋੜ੍ਹਾ ਕੁ ਹੱਸਿਆ। ਸਾਨੂੰ ਚਾਹ ਪਾਣੀ ਪਿਲਾਇਆ ਗਿਆ। ਉਸ ਮੋਟੇ ਆਦਮੀ ਨੇ ਆਖਿਆ, "ਫਿਕਰ ਨਾ ਕਰੋ ਭਾਅ ਜੀ! ਇਹ ਤੁਹਾਡਾ ਈ ਘਰ ਏ। ਛੱਡ ਜਾਓ ਇਹਨੂੰ ਏਥੇ। ਭਾਪਾ ਜੀ ਕਿਤੇ ਬਾਹਰ ਗਏ ਨੇ, ਸ਼ਾਮ ਨੂੰ ਆਉਣਗੇ, ਮਿਲਾ ਦਿਆਂਗਾ।"

ਮੇਰਾ ਬਾਪ ਮੈਨੂੰ ਉਥੇ ਛੱਡ ਕੇ ਲੁਧਿਆਣਿਓਂ ਅਗਾਂਹ ਮੇਰੀ ਭੂਆ ਕੋਲ ਚੰਡੀਗੜ੍ਹ ਨੂੰ ਹੋ ਗਿਆ ਤੇ ਇੰਝ ਹੋਈ ਉਸ ਮੋਟੇ ਆਦਮੀ ਜਸਵਿੰਦਰ ਯਮਲਾ ਨਾਲ ਮੇਰੀ ਪਹਿਲੀ ਮੁਲਾਕਾਤ। ਉਹਦੇ ਲਾਗੇ ਬਹਿਕੇ ਕੱਦੂ ਚੀਰਨ ਵਿਚ ਉਹਦੀ ਮਦਦ ਕਰ ਰਿਹਾ ਸੀ ਉਸਤਾਦ ਜੀ ਦਾ ਇਕ ਚੇਲਾ ਗੁਰਦੀਪ ਮੁਕਤਸਰੀ। ਪੱਕਾ ਰੰਗ, ਖੱਟੇ ਪੀਲੇ ਦੰਦ, ਡਰਾਇਵਰਾਂ ਵਾਲੀ ਪੱਗ ਤੇ ਲਾਗੇ ਬੀੜੀਆਂ ਦਾ ਬੰਡਲ। ਗੱਲ-ਗੱਲ 'ਤੇ ਫਜ਼ੂਲ ਹੱਸਦਾ ਤਾਂ ਬੀੜੀਆਂ ਖਾਧੀ ਛਾਤੀ ਖੜਕਦੀ। ਮੈਨੂੰ ਬੋਲਿਆ, "ਕਾਕਾ! ਉਮਰ ਤੇਰੀ ਛੋਟੀ ਐ। ਚੇਲਾ ਤੂੰ ਵੱਡੇ ਬੰਦੇ ਦਾ ਬਣਨ ਆ ਗਿਆ ਐਂ। ਹੈ ਤੂੰ ਸਾਡੇ ਇਲਾਕੇ ਵੱਨੀ ਦਾ.....ਮੁਕਤਸਰ ਮੇਰਾ ਪਿੰਡ ਐ।" ਗੁਰਦੀਪ ਦੀਆਂ ਗੱਲਾਂ ਮੈਂ ਰੁੱਖੀਆਂ ਰੋਟੀਆਂ ਵਾਂਗ ਖਾ ਰਿਹਾ ਸਾਂ। ਜਸਵਿੰਦਰ ਯਮਲਾ ਹਰੇਕ ਗੱਲ ਹਾਸੇ ਵਾਲੀ ਕਰਦਾ। ਲਾਗੇ ਫਿਰਦੇ ਜੁਆਕਾਂ ਨੂੰ ਛੇੜਦਾ, ਵੰਨ-ਸੁਵੰਨਾ, ਡਰਾਉਣਾ ਹਸਾਉਣਾ ਮੂੰਹ ਬਣਾ-ਬਣਾ ਜੁਆਕਾਂ ਨੂੰ ਹਸਾ ਰਿਹਾ ਸੀ।

ਇਕ ਦਿਨ ਉਸਤਾਦ ਜੀ ਕਿਸੇ ਗੱਲੋਂ ਉਸ ਉੱਤੇ ਏਨੇ ਖਫਾ ਹੋਏ ਕਿ ਉਨ੍ਹਾਂ ਸੌ-ਸੌ ਗਾਲ੍ਹਾਂ ਉਸਨੂੰ ਕੱਢੀਆਂ ਸਨ ਪਰ ਉਹ ਨੀਵੀਂ ਪਾਈ ਖਲੋਤਾ ਸ਼ਰਮਾਉਂਦਾ, ਮੁਸਕਰਾਉਂਦਾ ਰਿਹਾ ਸੀ। ਚੂੰ ਨਾ ਚਾਂ। ਤੇ ਫੇਰ ਉਸਤਾਦ ਜੀ ਦੇ ਪੈਰ ਫੜੇ ਤੇ ਘੁੱਟੇ। ਚੁੱਪ ਚਾਪ ਕਮਰਿਓਂ ਬਾਹਰ ਨੂੰ ਹੋ ਗਿਆ।

ਦਿਲੋਂ ਉਹ ਸਾਫ ਸੀ ਪਰ ਮੂੰਹ ਦਾ ਬੜਬੋਲਾ ਸਿਰੇ ਦਾ ਸੀ। ਜਿਹੜੀ ਗੱਲ ਕਹਿਣੀ, ਬੇਲਿਹਾਜ਼, ਅਗਲੇ ਦੇ ਮੂੰਹ ਉੱਤੇ ਮੌਕੇ ਸਿਰ ਹੀ ਕਹਿ ਮਾਰਦਾ। ਬੜੇ ਬੰਦੇ ਉਹਦੀ ਸੁਣਦੇ ਪਿੱਟਣ ਲੱਗਦੇ "ਮੂਰਖ ਐ, ਭਕਾਈ ਮਾਰਦੈ। ਉਸਤਾਦ ਯਮਲਾ ਦਾ ਮੁੰਡਾ ਹੋ ਕੇ ਇਉਂ.....।" ਉਹਦੀਆਂ ਖਰੀਆਂ-ਖਰੀਆਂ ਸੁਣਕੇ ਔਖੇ ਹੋਏ ਕਈ ਬੰਦੇ ਥਾਂ-ਥਾਂ ਉਹਦਾ ਪ੍ਰਚਾਰ ਭੰਡੀ ਕਰਦੇ ਪਰ ਉਹ ਗੌਲਦਾ ਨਹੀਂ ਸੀ। ਅਗਲੇ ਨੂੰ ਝੱਟ 'ਚ ਕੂੰਜੇ ਲਾਹ ਸੁੱਟਣਾ ਉਹਦੀ ਆਦਤ ਪੱਕ ਗਈ ਸੀ। ਕੋਈ ਵੀ ਗੱਲ, ਭਾਵੇਂ ਗੁੱਸੇ 'ਚ ਆਖਣ ਵਾਲੀ ਹੁੰਦੀ, ਉਹ ਹਾਸੇ-ਹਾਸੇ ਜਿਹੇ 'ਚ ਆਖ ਜਾਂਦਾ ਸੀ। ਬੜੀਆਂ ਸਟੇਜਾਂ ਉੱਤੇ ਵੀ ਉਹਨੇ ਇਵੇਂ ਬੜੀ ਵਾਰ ਕੀਤਾ ਸੀ। ਨਰਾਜ਼ਗੀ ਝੱਲਣੀ ਉਸਨੂੰ ਬੜੀ ਸੌਖੀ ਲਗਦੀ ਸੀ। ਉਸਤਾਦ ਜੀ ਉਸਨੂੰ ਬੜਾ ਸਮਝਾਉਂਦੇ ਰਹੇ ਸਨ। ਪਰ ਉਹ ਕਦੇ ਨਾ ਸਮਝਿਆ।

ਉਹਦੀ ਨਿੱਕੇ ਹੁੰਦੇ ਦੀ ਗੱਲ ਹੈ, ਜਦੋਂ ਉਹਨੂੰ ਪਟਿਆਲੇ ਪ੍ਰੋ. ਕਿਰਪਾਲ ਸਿੰਘ ਕਸੇਲ ਕੋਲ ਪੜ੍ਹਨ ਪਾਇਆ ਗਿਆ ਤਾਂ ਉਸ ਸ਼ਰਾਰਤਾਂ ਕਰਦੇ-ਕਰਦੇ ਕੁਰਸੀ ਉੱਤੇ ਬੈਠੀ ਮਾਸਟਰਨੀ ਦੀਆਂ ਦੋਵੇਂ ਗੁੱਤਾਂ ਇਕ ਦੂਜੀ ਨਾਲ ਬੰਨ੍ਹ ਕੇ ਪਿਛਾਂਹ ਨੂੰ, ਤੇ ਉਹ ਸਕੂਲੋਂ ਭੱਜ ਆਇਆ ਸੀ। ਨਿੱਕਾ ਹੁੰਦਾ ਉਹ ਹੋਰ ਵੀ ਪਿਆਰਾ-ਪਿਆਰਾ ਲਗਦਾ। ਗੋਲ-ਮਟੋਲ, ਕੱਦੂ ਜਿਹਾ। ਬਹੁਤੇ ਉਸਨੂੰ 'ਕੱਦੂ' ਹੀ ਆਖਦੇ ਸਨ। ਉਂਜ ਉਸਦਾ ਕੱਚਾ ਨਾਂ ਘੁੰਨਾ ਸੀ, ਘੁੰਨਾ ਜੱਟ। ਸਟੇਜ ਉੱਤੇ ਚੜ੍ਹ ਕੇ ਉਹ ਬੜਾ ਚਾਂਭੂਲ ਜਾਂਦਾ ਸੀ। ਫੁਟਬਾਲ ਵਾਂਗੂੰ ਬੁੜ੍ਹਕਣ ਲਗਦਾ। ਆਪਣਾ ਆਪਾ ਭੁੱਲ ਜਾਂਦਾ। ਬੱਚਿਆਂ ਵਾਂਗ ਹਰਕਤਾਂ ਕਰਦਾ।

ਇਕ ਵਾਰ ਮੈਂ ਉਸਨੂੰ ਫਾਜ਼ਿਲਕੇ ਦੇਖਿਆ। ਉਸਤਾਦ ਯਮਲਾ ਜੱਟ ਜੀ ਦੀ ਯਾਦ ਵਿਚ ਮੇਲਾ ਲੱਗਿਆ ਸੀ। ਹੋਰ ਬੜੇ ਕਲਾਕਾਰ ਆਏ ਹੋਏ ਸਨ। ਜਸਵਿੰਦਰ ਯਮਲਾ ਐਸਾ ਚਾਂਭਲਿਆ ਕਿ ਮੇਲਿਆਂ ਵਾਲਿਆਂ ਉਚੇਚੇ ਤੌਰ 'ਤੇ ਮੈਨੂੰ ਪੱਤਰ ਲਿਖ ਕੇ ਉਸਦੀ ਗੱਲ ਦਾ ਉਲਾਂਭਾ ਦਿੱਤਾ। ਹੋਇਆ ਕੁਝ ਵੀ ਨਹੀਂ ਸੀ, ਉਹ ਗਾਉਣ ਲਈ ਸਟੇਜ ਉੱਤੇ ਚੜ੍ਹਿਆ, ਤੂੰਬੀ ਨੂੰ ਆਪਣੇ ਸਿਰ ਉੱਤੋਂ ਭੁੜਕਾ ਭੁੜਕਾ ਕੇ ਟੱਪਦਾ ਭੁੜਕਦਾ ਰਿਹਾ ਸੀ ਤੇ ਇਕ ਦੋ ਬੋਲ ਵੀ ਉਸ ਨੇ ਇਤਰਾਜ਼ ਯੋਗ ਬੋਲ ਦਿੱਤੇ ਸਨ। ਮੈਂ ਉਸਨੂੰ ਜਦ ਦੱਸਿਆ ਕਿ ਮੇਂਚ ਵਾਲਿਆ ਨੇ ਪੱਤਰ ਲਿਖਕੇ ਉਲਾਂਭਾ ਦਿੱਤਾ ਹੈ ਤਾਂ ਉਸ ਬੜੀ ਬੇਫਿਕਰੀ ਨਾਲ ਮੈਨੂੰ ਆਖ ਸੁਣਾਇਆ, "ਕੋਈ ਨਾ, ਕੋਈ ਨਾ, ਇਹ ਮੇਲਿਆਂ ਵਾਲੇ ਵੀ ਏਦਾਂ ਈ ਠੀਕ ਹੁੰਦੇ ਐ। ਮਾੜੀ ਮੋਟੀ ਜ਼ੁਬਾਨ ਤੱਤੀ ਕਰਨੀ ਹੀ ਪੈਂਦੀ ਏ।" ਦੋ ਘੁੱਟ ਪੀ ਕੇ ਉਹ ਮਸਤ ਜਾਇਆ ਕਰਦਾ ਸੀ। ਖੁਲ੍ਹੀ-ਡੁਲ੍ਹੀ ਪੀਣ ਦਾ ਸ਼ੌਕੀਨ ਸੀ ਉਹ।

ਉਸਤਾਦ ਜੀ ਦੇ ਅਕਾਲ ਚਲਾਣੇ ਮਗਰੋਂ ਉਸਤਾਦ ਜੀ ਦੇ ਚੇਲਿਆਂ ਨੇ ਸਰਵਸੰਮਤੀ ਨਾਲ ਉਸ ਨੂੰ ਡੇਰੇ ਦਾ ਮੁਖੀ ਬਣਾ ਦਿੱਤਾ। ਉਹ ਤਿੰਨ ਖਰਚਦਾ ਜਾਂ ਤੇਰਾਂ ਖਰਚਦਾ, ਹਰ ਵਾਰੀ ਉਸਤਾਦ ਜੀ ਦੀ ਬਰਸੀ ਵੀ ਮਨਾਉਂਦਾ ਰਿਹਾ ਤੇ ੧੫ ਹਾੜ੍ਹ ਵਾਲਾ ਬਾਬਾ ਪੀਰ ਕਟੋਰੇ ਸ਼ਾਹ ਦਾ ਮੇਲਾ ਵੀ। ਜਿੰਨਾ ਚਿਰ ਉਹ ਡੇਰੇ ਦੀ ਸੇਵਾ ਨਿਭਾਉਂਦਾ ਰਿਹਾ, ਓਨੀ ਦੇਰ ਉਸਤਾਦ ਜੀ ਦੇ ਚੋਲੇ ਬਾਲਕੇ ਵੀ ਉਥੇ ਆਇਆ ਕਰਦੇ ਤੇ ਉਹ ਮਨੋ ਤਨੋ ਉਨ੍ਹਾਂ ਦੀ ਸੇਵਾ ਕਰਦਾ ਰਿਹਾ।



Namdhari Elibrary NamdhariElibrary@gmail.com

ਉਸਤਾਦ ਜੀ ਦੇ ਆਪ ਤੋਂ ਵੱਡਿਆਂ ਚੇਲਿਆਂ ਦੀਆਂ ਉਹ ਲੱਤਾਂ ਘੁੱਟਦਾ, ਪੈਰਾਂ ਵਿਚ ਬੈਠ ਜਾਂਦਾ।

•••

ਰੇਡੀਓ ਉੱਤੇ 'ਦੇਸ ਪੰਜਾਬ' ਪ੍ਰੋਗਰਾਮ ਵਿਚ ਉਸਦਾ ਗੀਤ ਵੱਜ ਰਿਹਾ ਹੈ :

ਸੁਪਨੇ 'ਚ ਰਾਣੀ ਅੱਛਰਾਂ,
ਪੂਰਨ ਨੂੰ ਦੇਂਦੀ ਲੋਰੀਆਂ
ਨਕਸ਼ਾ ਨਿਰਾਲਾ ਦੇਖਿਆ
ਉਹਦੇ ਨਾਲ ਜੋ ਹੋ ਰਹੀਆਂ

ਕਮਾਲ ਦਾ ਰਾਗ ਹੈ। ਉਸਤਾਦ ਜੀ ਦੀ ਯਾਦ ਤਾਜ਼ੀ ਹੋ ਗਈ ਹੈ। ਤੂੰਬੀ ਦੀ ਟੁਣਕਾਰ ਦਾ ਰੰਗ ਸੁਣਨ ਵਾਲਾ ਹੈ। ਜੀ ਚਾਹੁੰਦਾ ਹੈ ਕਿ ਰੇਡਿਓ ਵੱਜੀ ਜਾਏ, ਗੌਣ ਲੱਗਿਆ ਰਹੇ।

ਫਿਰ ਚੇਤਾ ਆਉਂਦਾ ਹੈ ਜਸਵਿੰਦਰ ਯਮਲਾ ਤਾਂ ਇਸ ਦੁਨੀਆਂ 'ਤੇ ਹੈ ਈ ਨਹੀਂ। ਉਸਨੂੰ ਵਿੱਛੜਿਆਂ ਪੰਜ ਵਰ੍ਹੇ ਹੋ ਗਏ ਹਨ। ਉਹ ਤਾਂ ਭੰਗ ਦੇ ਭਾੜੇ ਤੁਰ ਗਿਆ ਸੀ।

ਇਕ ਦਿਨ ਢੱਠੇ ਮਨ ਨਾਲ ਡੇਰੇ ਗਿਆ। ਉਸਦੇ ਘਰ ਵਾਲੀ ਦੁਨੀਆਂ ਭਰ ਦੀਆਂ ਸ਼ਰੀਫ ਤੇ ਸੁਚੱਜੀਆਂ ਇਸਤਰੀਆਂ ਵਿਚੋਂ ਇਕ ਹੈ। ਉਸਦੀ ਭੋਲੀ-ਭਾਲੀ ਸੂਰਤ ਤੱਕ ਕੇ ਅੱਖਾਂ ਡੁੱਲ੍ਹ ਬਗੈਰ ਨਾ ਰਹਿ ਸਕੀਆਂ। ਕਈ ਵਾਰ ਉਹ ਉਸਨੂੰ ਬੰਦੇ ਬੈਠਿਆਂ ਵਿੱਚ ਵੀ ਨਾ-ਸੁਣਨ ਵਾਲੀਆਂ ਗਾਲ੍ਹਾਂ ਦੇ ਲੈਂਦਾ ਸੀ ਪਰ ਉਹ ਰੱਬ ਦੀ ਭਗਤਣੀ ਨਹੀਂ ਸੀ ਕੁਸਕਦੀ ਦੇਖੀ।

ਉਹ ਰੇਡੀਓ ਉੱਤੇ ਗਾਉਣ ਜਾਂਦਾ ਸੀ, ਜਿਹੜੇ ਪੈਸੇ ਮਿਲਦੇ, ਯਾਰਾਂ-ਦੋਸਤਾਂ ਨੂੰ ਦਾਰੂ ਪਿਲਾ ਆਉਂਦਾ। ਨਿੱਕੇ-ਮੋਟੇ ਪ੍ਰੋਗਰਾਮ ਵੀ ਕਰਦਾ। ਐਚ.ਐਮ.ਵੀ. ਅਤੇ ਹੋਰ ਕੰਪਨੀਆਂ ਵਿੱਚ ਉਸਦੇ ਗੀਤ ਰਿਕਾਰਡ ਹੋਏ :

—ਨਾਨਕ ਤੇਰੀ ਨਗਰੀ ਅੰਦਰ
ਕਈ ਤਰ੍ਹਾਂ ਦੇ ਬੰਦੇ ਨੇ
—ਪੁੱਤ ਗੁਰੂ ਗੋਬਿੰਦ ਸਿੰਘ ਦੇ
ਮੈਂ ਵੇਖੇ ਨੀਹਾਂ ਵਿੱਚ ਖਲੋਤੇ
—ਗਲੀ 'ਚੋਂ ਜਦੋਂ ਤੂੰ.....
— ਚੱਲੇ ਮੋਰਨੀ ਦੀ ਚਾਲ...
—ਜੁਆਨੀ ਵੇਖੀ ਰੁਲਦੀ...

੧੯੯੧ ਵਿੱਚ ਜਸਵਿੰਦਰ ਯਮਲਾ ਇੰਗਲੈਂਡ ਦੇ ਟੂਰ 'ਤੇ ਗਿਆ ਸੀ। ਉਹ ਉਸਤਾਦ ਜੀ ਦਾ ਦੂਜੀ ਥਾਵੇਂ ਪੁੱਤਰ ਸੀ। ਸਭ ਤੋਂ ਵੱਡੇ ਕਰਤਾਰ ਚੰਦ ਤੋਂ ਛੋਟਾ ਜਸਵਿੰਦਰ ਯਮਲਾ। ਹਰ ਵੇਲੇ ਉਹ ਕੋਈ ਨਾ ਕੋਈ ਹਾਸਾ-ਠੱਠਾ ਕਰਦਾ ਰਹਿੰਦਾ। ਮੈਂ ਬੜੀ ਥਾਈਂ ਅਨੇਕਾਂ ਵਾਰੀ ਉਹਦੇ ਨਾਲ ਪ੍ਰੋਗਰਾਮਾਂ ਉੱਤੇ ਗਿਆ। ਮਧਰਾ ਕੱਦ, ਮੋਟਾ ਸਰੀਰ ਤੇ ਕਾਲਾ ਰੰਗ। ਚਿੱਟੇ ਬਸਤਰ ਤੇ ਚਿੱਟੀ ਪਗੜੀ ਸ਼ਮ੍ਹਲੇ ਵਾਲੀ, ਹੱਥ ਵਿੱਚ ਤੂੰਬੀ ਲੋਗੜੀ ਦੇ ਫੁੱਲਾਂ ਵਾਲੀ। ਸੱਚਮੁਚ ਹੀ ਦੇਖਣ ਨੂੰ ਉਹ ਇਕ ਅਜੂਬਾ ਜਿਹਾ ਲਗਦਾ। ਲੋਕ ਉਹਨੂੰ ਦੇਖ ਕੇ ਹੱਸਣ ਲਗਦੇ।

ਬਰਨਾਲੇ ਗਿੱਲ ਰਣਸੀਂਹਕਿਆਂ ਵਾਲੇ ਵਲੋਂ ਉਸਤਾਦ ਜੀ ਦੀ ਯਾਦ ਵਿੱਚ ਕਰਵਾਏ ਮੇਲੇ ਮੌਕੇ ਜਦ ਉਸ ਦਾ ਨਾਂ ਬੋਲਿਆ ਤਾਂ ਉਹ ਗਾਉਣ ਲਈ ਬੜਾ ਉਤਾਵਲਾ ਹੋਇਆ ਸਟੇਜ ਉੱਤੇ ਬੈਠਾ ਸੀ। ਜਦ ਤੂੰਬੀ ਨੂੰ ਉਸ ਨੇ ਵਾਜੇ ਨਾਲ ਸੁਰ ਕੀਤਾ ਤਾਂ ਰਾਗ ਜਿਵੇਂ ਉਹਦੇ ਆਲੇ-ਦੁਆਲੇ ਆਣ ਇਕੱਠੇ ਹੋ ਗਏ ਹੋਣ। ਤਾਨ ਮਾਰਦਾ ਤਾਂ ਪਾਰਖੂ ਸਰੋਤੇ ਹੈਰਾਨ ਰਹਿ ਜਾਂਦੇ। ਉਸ ਦਿਨ ਪਹਿਲੀ ਵਾਰ ਇਉਂ ਹੋਇਆ ਸੀ ਕਿ ਉਸ ਆਪ ਆਖਿਆ, "ਮੈਂ ਆਪਣੀ ਸੁਰਤ ਵਿੱਚ ਅੱਜ ਬਰਨਾਲੇ ਹੀ ਪਹਿਲੀ ਵਾਰ ਗਾਇਐ ਰੂਹ ਨਾਲ ਤੇ ਸੁਰ ਨਾਲ ਇਕ ਮਿਕ ਹੋ ਕੇ।" ਇਕ ਘੰਟੇ ਤੋਂ ਵਧੀਕ ਸਮਾਂ ਉਹ ਬੇਰੋਕ ਗਾਈ ਗਿਆ। ਉਸ ਨੇ ਉਸਤਾਦ ਜੀ ਦੇ ਨਵੇਂ-ਪੁਰਾਣੇ ਗੀਤ ਨਵੀਆਂ ਧੁਨਾਂ ਵਿੱਚ ਘੜ ਘੜ ਕੇ ਗਾਏ। ਗੀਤਕਾਰ ਅਮਰਦੀਪ ਗਿੱਲ ਮੇਲੇ ਵਿੱਚ ਆਇਆ ਹੋਇਆ ਸੀ। ਉਹ ਜਸਵਿੰਦਰ ਯਮਲੇ ਦੀ ਰਾਗਦਾਰੀ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਹਦੇ ਪੈਰ ਫੜ ਕੇ ਰੋਣ ਲੱਗਿਆ।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਜਸਵਿੰਦਰ ਨੂੰ ਪੱਕੇ ਰਾਗਾਂ ਦੀ ਡੂੰਘੀ ਸਮਝ ਸੀ। ਉਹ ਰਿਆਜ਼ ਕਰਦਾ-ਕਰਦਾ ਕਮਲਾ ਹੋ ਜਾਂਦਾ ਸੀ। ਟਾਈਮ ਦਾ ਉਹ ਏਨਾ ਪਾਬੰਦ ਸੀ ਕਿ ਇਕ ਵਾਰ ਕਹਿ ਛੱਡੋ, ਆਪਣੇ ਆਪ ਪੂਰੇ ਟਾਈਮ ਸਿਰ ਹਰ ਥਾਂ ਪੁੱਜ ਜਾਂਦਾ ਸੀ।

•••

੨੯ ਮਈ ਸੀ। ਫਿਰੋਜ਼ਪੁਰ ਤੋਂ ੧੦ ਕਿਲੋਮੀਟਰ ਦੂਰ ਪਿੰਡ ਸ਼ੇਰ ਖਾਂ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ ਕਰਵਾਇਆ ਗਿਆ। ਮੈਂ ਮੇਲੇ ਵਿੱਚ ਪੁੱਜਾ। ਲੋਕਾਂ ਦਾ ਖਾਸ ਇਕੱਠ ਸੀ। ਜਸਵਿੰਦਰ ਯਮਲਾ ਸੱਜ-ਧਜ ਕੇ ਸ਼ਮ੍ਹਲੇ ਵਾਲੀ ਚਿੱਟੀ ਪਗੜੀ ਬੱਧੀ ਹੋਈ, ਹੱਥ ਵਿਚ ਤੂੰਬੀ ਫੜੀ ਬੈਠਾ ਹੋਇਆ ਸੀ ਸਟੇਜ ਉੱਤੇ। ਦੁਆ ਸਲਾਮ ਹੋਈ ਤੇ ਜਸਵਿੰਦਰ ਯਮਲੇ ਨੇ ਇਕ ਧਾਰਮਿਕ ਗੀਤ ਗਾਇਆ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਾਰੇ। (ਕਿਉਂਕਿ ਗੁਰੂ ਸਾਹਿਬ ਦਾ ਸ਼ਹੀਦੀ ਦਿਵਸ ਵੀ ਏਸੇ ਹੀ ਦਿਨ ਸੀ ਤੇ ਕਈ ਲੋਕ ਇਸ ਮੇਲੇ ਦਾ ਵਿਰੋਧ ਵੀ ਇਸੇ ਕਰਕੇ ਕਰ ਰਹੇ ਸਨ) ਗੰਦੇ ਗੀਤ ਗਾਏ ਜਾ ਰਹੇ ਸਨ ਤਾਂ ਮੰਚ ਉੱਤੇ ਬੈਠੇ (ਸ਼ਾਇਦ ਭੁਲੇਖਾ ਨਾ ਹੋਵੇ, ਸਰਪੰਚ ਸ. ਦਰਸ਼ਨ ਸਿੰਘ) ਨੇ ਉੱਠ ਕੇ ਮਾਇਕ ਰਾਹੀਂ ਗਾਉਣ ਵਾਲਿਆਂ ਨੂੰ ਚੰਗੇ ਗੀਤ ਗਾਉਣ ਲਈ ਅਪੀਲ ਕੀਤੀ। ਜਸਵਿੰਦਰ ਯਮਲਾ ਤੇ ਮੈਂ ਮੰਚ ਦੇ ਪਿੱਛੇ ਇਕ ਕਮਰੇ ਵਿਚ ਬੈਠੇ ਗੱਲਾਂ ਕਰਨ ਲੱਗ ਗਏ ਤੇ ਜਸਵਿੰਦਰ ਨੇ ਆਖਿਆ, "ਘੁਗਿਆਣਵੀ! ਵੇਖ ਹੀ ਰਿਹਾ ਏਂ। ਕਿਵੇਂ ਤਮਾਸ਼ੇ ਅੱਜ ਸਾਡੇ ਪਿਓ ਦੇ ਨਾਂ 'ਤੇ ਹੋਈ ਜਾ ਰਹੇ ਹਨ, ਕਿੰਨੇ ਪੈਸੇ 'ਕੱਠੇ ਕੀਤੇ ਹੋਣਗੇ ਤੇ ਮੈਨੂੰ ਪਤਾ ਨਹੀਂ ਗੱਡੀ ਦਾ ਕਿਰਾਇਆ ਵੀ ਦੇਣਾ ਕਿ ਨਹੀਂ।"

ਏਨੇ ਨੂੰ ਮੰਚ ਤੋਂ ਆਵਾਜ਼ ਆਈ। ਮੈਂ 'ਤੇ ਜਸਵਿੰਦਰ ਯਮਲੇ ਨੇ ਉਸਤਾਦ ਲਾਲ ਚੰਦ ਹੋਰਾਂ ਦੀ ਜੀਵਨੀ 'ਤੇ ਆਧਾਰਤ ਪੁਸਤਕ 'ਅਮਰ ਆਵਾਜ਼' ਮੁੱਖ ਮਹਿਮਾਨ ਨੂੰ ਭੇਟਾ ਕੀਤੀ ਤੇ ਜਸਵਿੰਦਰ ਨੇ ਗੀਤ ਛੋਹਿਆ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ।' ਬੜਾ ਆਨੰਦ ਆਇਆ। ਧੰਨਵਾਦ ਸ਼ਬਦ ਬੋਲ ਕੇ ਜਸਵਿੰਦਰ ਕੁਰਸੀ ਉੱਪਰ ਬੈਠਿਆਂ ਹੀ ਸੀ ਕਿ ਉਸ


Namdhari Elibrary NamdhariElibrary@gmail.com

ਤੇ ਚੰਗੀ ਤਰ੍ਹਾਂ ਬਹਿ ਵੀ ਨਹੀਂ ਹੋਇਆ। ਉਹ ਅਗਾਹਾਂ ਨੂੰ ਲੁੜਕ ਗਿਆ। ਸਿਰੋਂ ਸ਼ੰਮ੍ਹਲੇ ਵਾਲੀ ਪੱਗ ਲੱਥ ਡਿੱਗੀ। ਤੂੰਬੀ ਵੀ ਪਰ੍ਹੇ ਜਾ ਬੁੜ੍ਹਕੀ ਤੇ ਉਹ ਸਟੇਜ ਤੋਂ ਲਾਹ ਕੇ ਨਾਲ ਵਾਲੇ ਕਮਰੇ 'ਚ ਭੁੰਜੇ ਚਾਦਰ ਵਿਛਾ ਕੇ ਲਿਟਾ ਦਿੱਤਾ। ਬੀਬੀ ਜਸਵਿੰਦਰ ਬਰਾੜ ਗਾ ਰਹੀ ਸੀ। ਮੇਲੇ ਦੇ ਪ੍ਰਬੰਧਕ ਆਪਣੇ ਕੰਮਾਂ-ਕਾਰਾਂ ਵਿਚ ਮਸਤ ਸਨ, ਉਸਤਾਦ ਯਮਲਾ ਜੱਟ ਦੇ ਨਾਂ ਉੱਤੇ ਪੀਲੀਆਂ ਜਿਹੀਆਂ ਰਸੀਦ ਬੁੱਕਾਂ ਛਪਵਾਈਆਂ ਹੋਈਆਂ ਸਨ ਤੇ ਮੇਲੇ 'ਚ ਹਾਜ਼ਰੀਨ ਪਾਸੋਂ ਉਗਰਾਹੀ ਕੀਤੀ ਜਾ ਰਹੀ ਸੀ। ਪੀਰ ਗਵੱਈਏ ਯਮਲੇ ਦੇ ਨਾਂ 'ਤੇ ਬੈਨਰ ਲਗਾ ਕੇ ਅੱਜ ਯਮਲਾ ਜੱਟ ਯਾਦਗਾਰੀ ਮੇਲਾ ਲਗਾਇਆ ਜਾ ਰਿਹਾ ਸੀ ਤੇ ਉਸਦਾ ਸਾਹਿਬਜ਼ਾਦਾ ਮਰਨ ਕਿਨਾਰੇ ਸੀ। ਨੱਚ-ਨੱਚ ਗੀਤ ਗਾਏ ਜਾ ਰਹੇ ਸਨ। ਖੈਰ.....!

ਮੈਂ ਤਰਲੇ ਕੀਤੇ। ਪ੍ਰਬੰਧਕਾਂ ਜਾਂ ਕਲਾਕਾਰਾਂ ਕੋਲ ਵਿਹਲ ਹੀ ਕਿਥੇ ਸੀ। ਮਸਾਂ ਹੀ ਤਾਂ ਮੇਲਾ ਲੱਗਾ ਸੀ। ਲੁਧਿਆਣੇ ਵਾਲੇ ਕਲਾਕਾਰਾਂ 'ਚੋਂ ਸਤਿਕਾਰਯੋਗ ਐਮ.ਐਸ. ਵਜੀਦਪੁਰੀ ਤੇ ਸ੍ਰੀ ਜਸਵੰਤ ਬਿੱਲਾ ਵੀ ਸਟੇਜ ਉੱਪਰ ਬਿਰਾਜਮਾਨ ਸਨ। ਮੈਂ ਰੌਲਾ ਪਾਇਆ। ਜਸਵਿੰਦਰ ਯਮਲੇ ਨੂੰ ਉਵੇਂ ਹੀ ਚਾਦਰ ਵਿਚ ਪਾਇਆ ਹੋਇਆ, ਚੌਹਾਂ ਲੜਾਂ ਤੋਂ ਫੜ ਕੇ (ਜਿਵੇਂ ਮੁਰਦਾ ਸਰੀਰ ਲਿਜਾਈਦਾ ਹੈ) ਅਸੀਂ ਲੋਕਾਂ ਦੇ ਭਾਰੀ ਇਕੱਠ ਵਿਚੋਂ ਦੀ ਚੁੱਕ ਕੇ ਬਹਾਰ ਲੈ ਆਏ ਤੇ ਕਾਰ ਵਿਚ ਪਾ ਕੇ ਫਿਰੋਜ਼ਪੁਰ ਵੱਲ ਨੂੰ ਲੈ ਤੁਰੇ।

ਜਸਵਿੰਦਰ ਯਮਲਾ ਲੁਧਿਆਣਾ ਤੋਂ ਇੱਕਲਾ ਹੀ ਆਇਆ ਸੀ। ਕੋਈ ਸਾਜ਼ਿੰਦਾ ਨਹੀਂ ਸੀ ਨਾਲ। ਦੋ ਜਣੇ ਸਨ, ਉਨ੍ਹਾਂ'ਚੋਂ ਇਕ ਕਾਰ ਦਾ ਮਾਲਕ ਕਾਕਾ ਤੇ ਦੂਜਾ ਜਸਵਿੰਦਰ ਦਾ ਗੁਆਂਢੀ ਬੰਸੀ ਲਾਲ। ਇਹਨਾਂ ਤੋਂ ਸਿਵਾ ਨਾਲ ਹੋਰ ਕੋਈ ਮੇਲੇ ਦਾ ਪ੍ਰਬੰਧਕ ਜਾਂ ਕਲਾਕਾਰ ਨਹੀ ਸੀ ਗਿਆ। ਆਪਣੇ ਸਾਜ਼ਿੰਦੇ ਤਾਂ ਤਦੇ ਹੀ ਜਸਵਿੰਦਰ ਨਾਲ ਲਿਆਉਂਦਾ, ਜੇਕਰ ਉਸ ਨੂੰ ਮੇਲੇ 'ਚੋਂ ਬਹੁਤ ਸਾਰੇ ਪੈਸੇ ਮਿਲਣੇ ਹੁੰਦੇ । ਬਾਕੀ ਸਾਰੇ ਕਲਾਕਾਰ ਆਪਣੇ ਸਾਜ਼ਿੰਦੇ ਲੈ ਕੇ ਆਏ ਸਨ, ਉਨ੍ਹਾਂ ਨੂੰ ਤਾਂ ਪੈਸੇ ਮਿਲਣੇ ਸਨ।

ਅਮਰ ਹਸਪਤਾਲ ਫਿਰੋਜ਼ਪੁਰ ਪੁੱਜੇ। ਡਾਕਟਰ ਨੇ ਕਿਹਾ ਕਿ ਬ੍ਰੇਨ ਹੈਮਰੇਜ਼ ਹੋ ਗਿਆ ਹੈ। ਕੇਸ ਸੀਰੀਅਸ ਬਹੁਤ ਹੈ। ਜਸਵਿੰਦਰ ਨੂੰ ਦਾਖਲ ਕਰਵਾਉਣ ਬਾਅਦ ਮੈਂ ਉਸੇ ਗੱਡੀ ਹੀ ਮੇਲੇ ਫਿਰ ਪੁੱਜ ਗਿਆ। ਮੇਲਾ ਉਂਜ ਹੀ ਲੱਗਾ ਹੋਇਆ ਸੀ। ਪ੍ਰਬੰਧਕ ਆਪਣੇ ਕੰਮਾ 'ਚ ਮਸਰੂਫ ਸਨ। ਕਲਾਕਾਰ ਗਾ ਰਹੇ ਸਨ, ਧਮਾਲ ਪੈ ਰਹੀ ਸੀ। ਮੈਂ ਥੋੜ੍ਹਾ ਤੈਸ਼ 'ਚ ਆਕੇ ਪ੍ਰਬੰਧਕਾਂ ਨਾਲ ਗੱਲ ਕੀਤੀ ਤਾਂ ਸਤਵੰਤ ਬਾਲਮ ਨੇ ਫੁਰਮਾਇਆ, "ਅਸੀਂ ਛੇ ਸੌ ਰੁਪਈਆ ਜਸਵਿੰਦਰ ਦੇ ਸਾਥੀ ਬੰਸੀ ਨੂੰ ਦੇ ਦਿੱਤਾ ਹੈ। ਇਹ ਕਿਰਾਇਆ ਹੈ ਕਾਰ ਦਾ।" ਮੈਂ ਕਿਹਾ' ਓ ਭਲੇ ਲੋਕ, ਕੀ ਤੂੰ ਫਿਰੋਜ਼ਪੁਰ ਤੋਂ ਲੁਧਿਆਣੇ ਨੂੰ ਛੇ ਸੌ 'ਚ ਕਾਰ ਕਰਵਾ ਕੇ ਜਾ ਵੜੇਂਗਾ।' ਫਿਰ ਤਿੰਨ ਸੌ ਰੁਪੈ ਹੋਰ ਬੰਸੀ ਨੂੰ ਦਿੱਤੇ। ਮੇਰੇ ਰੌਲਾ ਪਾਉਣ, ਵਿਰੋਧ ਕਰਨ 'ਤੇ ਸਟੇਜ ਉੱਪਰ ਹਾਜ਼ਰ ਵਿਦਵਾਨ ਲੇਖਕ ਤੇ ਫਿਰੋਜ਼ਪੁਰ ਦੇ ਜ਼ਿਲ੍ਹਾ ਮਾਲ ਅਫਸਰ ਸ੍ਰੀ ਨਿਰੰਜਣ ਸਿੰਘ ਆਰਫੀ ਸਾਹਿਬ ਨੇ ਆਪਣੇ ਕੋਲ ਬੈਠੇ ਤਹਿਸੀਲਦਾਰ ਫਿਰੋਜ਼ਪੁਰ ਸ੍ਰੀ ਨਰਿੰਦਰ ਕੁਮਾਰ ਤੇ ਇਕ ਹੋਰ ਅਫਸਰ ਮੇਰੇ ਨਾਲ ਹਸਪਤਾਲ ਵਲੋਂ ਮਦਦ ਕਰਨ ਲਈ ਭੇਜ ਦਿੱਤਾ। ਸ੍ਰੀ ਨਰਿੰਦਰ ਕੁਮਾਰ ਤਹਿਸੀਲਦਾਰ ਨੇ ਦਵਾਈਆਂ ਆਦਿ ਲੈਣ ਵਾਸਤੇ ਦੋ ਹਜ਼ਾਰ ਰੁਪਏ ਬੰਸੀ ਨੂੰ ਦੇ ਦਿੱਤੇ। ਲੁਧਿਆਣੇ ਫੋਨ ਕਰਕੇ ਜਸਵਿੰਦਰ ਦਾ ਪਰਿਵਾਰ ਬੁਲਾਇਆ ਗਿਆ। ਡਾ. ਜਸਬੀਰ ਧਨੋਆ, ਡਾ ਸਤੀਸ਼ ਸੋਨੀ, ਹਰਮੀਤ ਵਿਦਿਆਰਥੀ, ਭਰਮਲ ਢਿੱਲੋਂ ਆਦਿ ਨੇ ਆਣ ਕੇ ਜਸਵਿੰਦਰ ਯਮਲੇ ਨੂੰ ਦੇਖਿਆ। ਹਾਲਤ ਵੇਖਣ ਵਾਲੀ ਹੈ ਹੀ ਨਹੀਂ ਸੀ। ਜਸਵਿੰਦਰ ਹੀ ਪਤਨੀ ਦੇ ਕੀਰਨੇ ਕਲੇਜਾ ਚੀਰਦੇ ਸਨ। ਹਸਤਾਲ 'ਚ ਹੋਰ ਲੋਕ ਵੀ ਉਸ ਦੀ ਸਲਾਮਤੀ ਲਈ ਦੁਆਵਾਂ ਕਰ ਰਹੇ ਸਨ।

ਰਾਤ ਦੇ ਲਗਭਗ ਸਾਢੇ ਦੱਸ ਵਜੇ ਜਸਵਿੰਦਰ ਨੂੰ ਲੁਧਿਆਣੇ ਲੈ ਜਾਣ ਦੀ ਸਲਾਹ ਬਣਾਈ ਗਈ। ਉਦੋਂ ਤੀਕ ਵੀ ਮੇਲੇ ਦਾ ਕੋਈ ਪ੍ਰਬੰਧਕ ਜਾਂ ਕਲਾਕਾਰ ਹਸਪਤਾਲ ਪੁੱਜਿਆ ਨਹੀਂ ਸੀ। ਜਸਵਵਿੰਰ ਨੂੰ ਲੁਧਿਆਣੇ ਲੈ ਗਏ, ਡੀ. ਐਮ ਸੀ ਵਿਚ। ਤਿੰਨ ਦਿਨ ਪਿਆ ਤੜਪਦਾ ਰਿਹਾ। ਇਕ ਜੂਨ ਉਸਦੀ ਦੇਹ ਡੇਰੇ ਵਿਖੇ ਲਿਆਂਦੀ ਗਈ ਤਾਂ ਜਾਪਿਆ ਜਿਵੇਂ ਕੰਧਾਂ ਵੀ ਰੋ ਰਹੀਆਂ ਹਨ ਤੇ ਸਾਹਮਣੇ ਪਿਆ ਉਸਤਾਦ ਯਮਲਾ ਜੀ ਦਾ ਬੁੱਤ ਵੀ ਹੁੰਭੂ ਵਹਾ ਰਿਹਾ ਹੈ

ਕੋਈ ਸਰਕਾਰੀ ਪ੍ਰਤੀਨਿਧ ਵੀ ਨਹੀਂ ਸੀ ਢੁੱਕਾ। ਏਡਾ ਰੌਣਕੀ ਬੰਦਾ ਆਪਣੇ ਸਭ ਚਾਅ ਅਧੂਰੇ ਛੱਡ ਕੇ ਟੁਰਿਆ ਜਾ ਰਿਹਾ ਸੀ, ਸੱਚ-ਮੁੱਚ ਹੀ ਉਸ ਹਾਲੇ ਚਾਓ ਪੂਰਨੇ ਸਨ, ਪੈਸੇ ਕਮਾਉਣੇ ਸਨ, ਬੱਚੇ ਵਿਆਹੁਣੇ ਸਨ, ਬੜਾ ਕੁਝ ਕਰਨ ਵਾਲਾ ਛੱਡ ਕੇ ਅੱਧ-ਵਿਚਾਲੇ, ਉਹ ਉਥੇ ਨੂੰ ਜਾ ਰਿਹਾ ਸੀ, ਜਿਥੋਂ ਕੋਈ ਮੁੜਕੇ ਪਰਤਦਾ ਨਹੀਂ ਹੈ।

ਉਹ ਲੰਮੀਆਂ ਤਾਣ ਕੇ ਪਿਆ ਹੋਇਆ ਸੀ, ਮੈਂ ਗਹੁ ਨਾਲ ਦੇਖਣ ਲੱਗਿਆ, ਮੈਨੂੰ ਜਾਪਿਆ ਕਿ ਉਹ ਜਿਵੇਂ ਹੁਣੇ ਹੀ ਉੱਠ ਖਲੋਵੇਗਾ ਤੇ ਤੂੰਬੀ ਫੜਕੇ ਗਾਉਣ ਲੱਗ ਜਾਏਗਾ, "ਨਾਨਕ ਤੇਰੀ ਨਗਰੀ ਅੰਦਰ...। ਪਰ ਨਹੀਂ, ਉਹਨੇ ਹੁਣ ਉਠਣਾ ਨਹੀਂ ਸੀ... ਕਦੀ ਵੀ ਨਹੀਂ ਸੀ ਉੱਠਣਾ।

ਉਹਦੀ ਅਰਥੀ ਚੁੱਕਣ ਲੱਗੇ, ਔਰਤਾਂ ਉਸਦੀ ਇਕੋ-ਇੱਕ ਲੜਕੀ ਸੋਮਾਂ ਨੂੰ ਫੜ੍ਹ ਕੇ ਕੋਲ ਲੈ ਆਈਆਂ, "ਲੈਨੀ ਪੁੱਤ, ਦੇਖ ਲੈ ਮੂੰਹ ਆਪਣੇ ਪਿਓ ਦਾ...ਜਾਂਦੀ ਵਾਰੀ।

ਹਾਲੋਂ ਬੇਹਾਲ ਹੋਈ ਧੀ ਨੇ ਦਿਲ-ਚੀਰਵੀਂ ਉੱਚੀ ਲੇਰ ਮਾਰੀ, "ਹਾਏ ਵੇ ਭਾਪਾ, ਕਿੱਥੇ ਚੱਲਾ ਏਂ ? ਨਾ ਜਾਈ ਵੇ ਭਾਪਾ..!

ਧੀ ਨੂੰ ਔਰਤਾਂ ਘਸੀਟਦੀਆਂ ਹੋਈਆਂ ਪਿਛਾਂਹ ਲੈ ਗਈਆਂ, ਉਸ ਵਿਚਾਰੀ ਦਾ ਸੰਸਾਰ ਦਾ ਲੁੱਟਿਆ ਗਿਆ ਸੀ, ਕੁਆਰੀ ਨੂੰ ਛੱਡ ਕੇ ਪਿਉ ਅਣਮੁੱਕ ਸਫ਼ਰ ਦਾ ਪਾਂਧੀ ਹੋ ਗਿਆ ਸੀ।

*ਪਿੰਡ ਘੁਰਿਆਣਾ, ਜ਼ਿਲ੍ਹਾ ਫਰੀਦਕੋਟ*
*ਫੋਨ 01639-28077*



Namdhari Elibrary NamdhariElibrary@gmail.com

# ਪ੍ਰੀਤੀ

—ਦਲਬੀਰ ਸਿੰਘ 'ਤਰਸ'

ਪ੍ਰੀਤੀ ਨੇ ਕੰਧ ਤੇ ਸਜੀ, ਵੱਡੇ ਆਕਾਰ ਵਾਲੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਨੂੰ ਨਮਸਕਾਰਿਆ, ਫਿਰ ਆਪਣੇ ਆਪ ਨੂੰ ਵੱਡੇ ਸ਼ੀਸ਼ੇ ਵਿਚੋਂ ਤੱਕਿਆ ਤੇ ਸਵੇਰ ਦੀ ਅਰਦਾਸ ਵਿਚ ਲੀਨ ਹੋ ਗਈ।

ਪ੍ਰੀਤੀ ਦਾ ਪੂਰਾ ਨਾ ਪ੍ਰੀਤਮ ਕੌਰ ਹੈ। ਬਚਪਨ ਤੋਂ ਹੀ ਉਹ ਪ੍ਰੀਤੀ ਬਣ ਗਈ ਸੀ। ਮਾਪਿਆਂ ਦੀ ਇਕੋ ਇਕ ਧੀ ਸੀ ਤੇ ਇਕ ਨਿੱਕਾ ਵੀਰ ਉਸ ਤੋਂ ਸੱਤ ਅੱਠ ਵਰ੍ਹੇ ਛੋਟਾ। ਜਿਉਂ ਜਿਉਂ ਪ੍ਰੀਤੀ ਵੱਡੀ ਹੁੰਦੀ ਗਈ ਉਸ ਦੇ ਚਿਹਰੇ ਦੀ ਚਮਕ ਤੇ ਵੀ ਨਾਲ ਨਾਲ ਨਿਖਾਰ ਆਉਂਦਾ ਗਿਆ। ਉਸ ਨੇ ਵੀਹ ਸਾਲ ਦੀ ਉਮਰ ਤੱਕ ਬੀ.ਏ. ਫਸਟ ਕਲਾਸ ਕਰ ਲਈ ਤੇ ਫੇਰ ਐਮ.ਏ. ਵੀ। ਗੋਰਾ ਰੰਗ, ਸੁਸ਼ੀਲ ਸੁਭਾਅ, ਪਤਲਾ ੫ ਫੁੱਟ ੪ ਇੰਚ ਸਰੀਰ, ਸਵੇਰੇ ਜਦੋਂ ਉਹ ਆਪਣੀ ਸਾਦਾ ਪੁਸ਼ਾਕ ਵਿਚ ਕਾਲਜ ਲਈ ਘਰੋਂ ਨਿਕਲਦੀ, ਸੂਰਜ ਦਾ ਜੀਅ ਜਿਵੇਂ ਉਸ ਨਾਲ ਗੱਲਾਂ ਕਰਨ ਨੂੰ ਕਰਦਾ।

ਪ੍ਰੀਤੀ ਦੇ ਪਿਤਾ ਪੂਰਨ ਗੁਰਸਿੱਖ ਬੜੇ ਹੀ ਸਾਦਾ, ਪੋਸਟ ਗਰੈਜੂਏਟ ਜਲੰਧਰ ਸ਼ਹਿਰ ਵਿਚ ਬੜੀ ਚੰਗੀ ਸਰਕਾਰੀ ਨੌਕਰੀ ਤੇ ਹਨ ਤੇ ਮਾਤਾ ਜੀ ਪਹਿਲੋਂ ਇਕ ਦੋ ਸਾਲ ਸਕੂਲ ਟੀਚਰ ਰਹੇ ਤੇ ਫਿਰ ਉਨ੍ਹਾਂ ਨੌਕਰੀ ਤਿਆਗ ਦਿੱਤੀ। ਬੱਚਿਆਂ ਦੀ ਦੇਖ-ਭਾਲ ਲਈ ਤੇ ਫਿਰ ਲੋੜ ਵੀ ਕੀ ਪਈ ਸੀ। ਛੋਟਾ ਜਿਹਾ ਪਰਿਵਾਰ ਸੀ। ਉੜਨ ਅੜਾਉਣ ਦੀ ਸਵਰਨ ਕੌਰ ਨੂੰ ਕੋਈ ਚਾਹ ਨਹੀਂ ਸੀ। ਘਰ ਦੀ ਦੇਖ ਭਾਲ ਬੱਚਿਆਂ ਦੀ ਵਿਦਿਆ, ਖਾਸ ਤੌਰ ਤੇ ਧਾਰਮਿਕ ਜਿਸਨੂੰ ਉਹ ਜੀਵਨ ਦਾ ਅੰਗ ਸਮਝਦੀ ਤੇ ਜਾਂ ਸਰਦਾਰ ਹੋਰਾਂ ਦੇ ਸੁਖ ਦਾ ਖਿਆਲ।

ਸਵਰਨ ਕੌਰ ਸਵੇਰੇ ਸਰਦਾਰ ਜੀ ਤੋਂ ਭੀ ਪਹਿਲੋਂ ਚਾਰ ਵਜੇ ਉੱਠਦੀ, ਇਸ਼ਨਾਨ ਕਰਦੀ, ਇਕ ਘੰਟਾ ਜਾਪ ਕਰਦੀ। ਪ੍ਰੀਤੀ ਨੂੰ ਸਦਾ ਸਾਥ ਬਿਠਾਉਂਦੀ ਤੇ ਫਿਰ ਬੱਚਿਆਂ ਨੂੰ ਸਕੂਲ ਕਾਲਜ ਤੇ ਸਰਦਾਰ ਹੋਰਾਂ ਨੂੰ ਦਫਤਰ ਲਈ ਵਿਦਾ ਕਰਦੀ।

ਪ੍ਰੀਤੀ ਨੂੰ ਸਿਡਨੀ ਵਿਚ ਆਇਆਂ ਤਕਰੀਬਨ ਤਿੰਨ ਸਾਲ ਹੋ ਚੁੱਕੇ ਹਨ। ਸਿਡਨੀ ਦੇ ਵਧੀਆ ਇਲਾਕੇ ਵਿਚ ਉਨ੍ਹਾਂ ਦਾ ਘਰ ਹੈ। ਘਰ ਕਾਫੀ ਵੱਡਾ ਹੈ। ਉਸ ਦੇ ਪੇਕੇ ਘਰ ਤੋਂ ਵੱਡਾ ਤੇ ਸਾਫ ਸੁੰਦਰ ਵੀ। ਪ੍ਰੀਤੀ ਬੜੀ ਹੀ ਆਸਾਨੀ ਨਾਲ ਆਪਣੇ ਸਹੁਰੇ ਪਰਿਵਾਰ ਵਿਚ ਰਚ ਮਿਚ ਗਈ।

ਪ੍ਰੀਤੀ ਦਾ ਵਿਆਹ ਜਲੰਧਰ ਵਿਚ ਹੀ ਸ. ਕੇਹਰ ਸਿੰਘ ਦੇ ਇਕਲੌਤੇ ਪੁੱਤਰ ਗੁਰਨਾਮ ਸਿੰਘ ਨਾਲ ਹੋਇਆ ਸੀ।

ਸ. ਕੇਹਰ ਸਿੰਘ ਦਾ ਪਿਛੋਕੜ-ਜ਼ਿਲ੍ਹਾ ਜਲੰਧਰ ਵਿਚ ਇਕ ਛੋਟਾ ਜਿਹਾ ਪਿੰਡ ਸੀ। ਇਸ ਦੀ ਪਤਨੀ ਧਰਮ ਕੌਰ ਜਲੰਧਰ ਦੇ ਹੀ ਇਕ ਵੱਡੇ ਕਸਬੇ ਦੇ ਬਹੁਤ ਵੱਡੇ ਜ਼ਿਮੀਂਦਾਰ ਦੀ ਧੀ ਸੀ। ਕੇਹਰ ਸਿੰਘ ਜਲੰਧਰ ਤੋਂ ਬੀ.ਏ. ਕੀਤੀ ਤੇ ਉਸ ਤੋਂ ਜਲਦੀ ਬਾਦ, ਆਪਣੇ ਇਕ ਰਿਸ਼ਤੇਦਾਰ ਰਾਹੀਂ, ਜੋ ਸਿਡਨੀ ਵਿਚ ਚੰਗਾ ਲੈਂਡਲਾਰਡ ਵੀ ਸੀ, ਅਸਟ੍ਰੇਲੀਆ ਵਿਚ ਸਦਾ ਲਈ ਸਥਿਰ ਹੋ ਗਿਆ ਸੀ। ਇਸ ਨੇ ਆਪਣਾ ਵਿਆਹ ਸਿਡਨੀ ਵਿਚ ਪੱਕਾ ਹੋਣ ਤੋਂ ਦੂਸਰੇ ਸਾਲ ਕਰਵਾਇਆ ਸੀ।

ਧਰਮ ਕੌਰ (ਪਤਨੀ) ਜਿਸ ਨੂੰ ਕਾਲਜ ਵਿਚ ਧੰਮੀ ਕਹਿੰਦੇ ਸਨ, ਆਪ ਐਮ.ਏ. ਸੀ ਤੇ ਬਹੁਤਾ ਸ਼ਹਿਰ ਵਿਚ ਰਹਿਣ ਕਾਰਨ ਕੁਝ ਫੈਸ਼ਨਾਂ ਨੂੰ ਭੀ ਇਸਤਰੀ ਦਾ ਜਨਮ ਅਧਿਕਾਰ ਸਮਝਦੀ ਸੀ।

ਪੂਰਨ ਗੁਰਸਿੱਖ, ਗੁਰਦੁਆਰਿਆਂ ਦੀ ਗਾਹੇ-ਬਗਾਹੇ, ਸੇਵਾ ਵਿਚ ਹਿੱਸਾ ਲੈਣ ਕਾਰਨ ਕੇਹਰ ਸਿੰਘ ਦੀ ਸਿਡਨੀ ਦੀ ਸਿੱਖ ਜਨਤਾ ਵਿਚ ਬੜੀ ਸ਼ਾਨਦਾਰ ਥਾਂ ਸੀ। ਹਰ ਐਤਵਾਰ ਗੁਰਦੁਆਰੀਂ ਤੇ ਹਰ ਘਰਾਂ ਵਿਚ ਹੋ ਰਹੇ ਸ੍ਰੀ ਅਖੰਡ ਪਾਠਾਂ ਵਿਚ ਕੇਹਰ ਸਿੰਘ ਦੀ ਹਾਜ਼ਰੀ ਨੂੰ ਮਾਨਤਾ ਮਿਲਦੀ।

ਗੁਰਨਾਮ ਸਿੰਘ ਜਿਸ ਨੂੰ ਮਾਤ ਪਿਤਾ ਲਾਡ ਨਾਲ 'ਗਾਮੀ' ਆਖਦੇ, ਦਾ ਜਨਮ ਸਿਡਨੀ ਵਿਚ ਹੋਇਆ ਸੀ। ਇਸ ਨੇ ਵਿਦਿਆ ਭੀ ਸਿਡਨੀ ਵਿਚ ਹੀ ਪ੍ਰਾਪਤ ਕੀਤੀ। ਗ੍ਰੈਜੂਏਟ ਤੋਂ ਬਾਦ ਉਹ ਸਿਡਨੀ ਵਿਖੇ ਇਕ ਬੈਂਕ ਵਿਚ, ਬੈਂਕ ਅਫਸਰ ਨਿਯੁਕਤ ਕੀਤਾ ਜਾ ਚੁੱਕਾ ਸੀ। ਪਿਤਾ ਨਾਲੋਂ ਮਾਂ ਦਾ ਪ੍ਰਭਾਵ ਉਸ ਤੇ ਵਧੇਰੀ ਸੀ। ਇਕ ਤੇ ਉਸ ਦੇ ਨਾਨਕੇ ਪੁੱਜੇ ਰਈਸ ਹੋਣ ਕਾਰਨ ਦੂਸਰੇ ਮਾਂ ਦੇ ਸੁਭਾਅ ਕਾਰਨ ਜੋ ਉਸਨੂੰ ਰੋਕਣ ਦੀ ਬਜਾਏ ਕਲੱਬਾਂ ਪੱਬਾਂ ਵਿਚ ਜਾਣ ਦੀ ਖੁਲ੍ਹੀ ਛੁੱਟੀ ਦਈ ਰਖਦੀ। ਸਿੱਖੀ ਵਿਚ ਉਸ ਦਾ ਪਿਉ ਵਾਲਾ ਪ੍ਰੇਮ ਤੇ ਹੈ ਨਹੀਂ ਸੀ ਫਿਰ ਭੀ ਉਹ ਦਸਤਾਰ ਨਹੀਂ ਸੀ ਉਤਾਰਦਾ। ਬੀਅਰ ਆਦ ਵਰਤਣ ਤੇ ਪਾਰਟੀਆਂ ਵਿਚ ਜਾਣ



Namdhari Elibrary NamdhariElibrary@gmail.com

ਦਾ ਉਸ ਨੂੰ ਕੋਈ ਸੰਕੋਚ ਨਹੀਂ ਸੀ।

ਗਾਮੀ ਕੇਹਰ ਸਿੰਘ ਦਾ ਇਕੋ ਇਕ ਪੁੱਤਰ ਸੀ। ਧਰਮ ਕੌਰ 'ਗਾਮੀ' ਦੇ ਜਨਮ ਤੋਂ ਬਾਦ ਹੋਰ ਬੱਚਾ ਧਾਰਣ ਦੀ ਯੋਗਤਾ ਖੋਹ ਬੈਠੀ ਸੀ। ਕੇਹਰ ਸਿੰਘ ਬੜਾ ਧੀਰਜਵਾਨ ਸੀ। ਉਸ ਨੇ ਭਾਣੇ ਵਿਚ ਚੱਲਣ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ, ਪ੍ਰੰਤੂ ਮਾਂ ਮਾਯੂਸੀ ਤੋਂ ਬਾਅਦ ਵੀ ਅੱਜ ਦੀ ਨਵੀ ਤਕਨੀਕ ਨੂੰ ਮੁਖ ਰੱਖ ਡਾਕਟਰਾਂ ਦੀ ਸਲਾਹ ਲੈਣੋਂ ਦਰੇਗ ਨਾ ਕਰਦੀ।

'ਗਾਮੀ' ਦੇ ਵਿਆਹ ਵਿਚ ਦੋਵਾਂ ਪਰਿਵਾਰਾਂ ਦੇ ਮੇਲ ਦਾ ਕਾਰਨ ਇਕ ਵਿਚਕਾਰਲੇ ਮਿੱਤਰ ਦਾ ਪ੍ਰੇਮ ਸੀ, ਜੋ ਕੇਹਰ ਸਿੰਘ ਤੇ 'ਪ੍ਰੀਤੀ' ਦੇ ਪਿਤਾ ਦਾ ਪਿਆਰਾ ਮਿੱਤਰ ਸੀ। ਗਾਮੀ ਅੱਜੇ ਪੜ੍ਹ ਕੇ ਨੌਕਰੀ ਤੇ ਲਗਿਆ ਹੀ ਸੀ ਕਿ ਕੇਹਰ ਸਿੰਘ ਨੇ ਆਪਣੇ ਇਸ ਮਿੱਤਰ ਨੂੰ ਗਾਮੀ ਦੇ ਰਿਸ਼ਤੇ ਵਾਸਤੇ ਯੋਗ ਘਰਾਣਾ ਲੱਭਣ ਲਈ ਖਤ ਲਿਖ ਦਿੱਤਾ।

ਗਾਮੀ ਵਿਚ ਭਾਵੇਂ ਕਿੰਨੇ ਹੀ ਨੁਕਸ ਹੋਣ ਪਰ ਉਹ ਪਿਉ ਦੇ ਮੂੰਹ ਅੱਗੇ ਝੁਕ ਜਾਂਦਾ ਸੀ। 'ਗਾਮੀ' ਨੂੰ ਉਸ ਦਿਨ ਤੋਂ ਪੂਰਾ ਪਤਾ ਲੱਗ ਗਿਆ ਜਦੋਂ ਕੇਹਰ ਸਿੰਘ ਨੇ ਉਸਨੂੰ ਹੰਝੂ ਕੇਰਦਿਆਂ ਆਖਿਆ ਸੀ, "ਪੁੱਤਰ ਤੂੰ ਹੀ ਸਾਡਾ ਇਕਲੌਤਾ ਚਾਨਣ ਹੈਂ।" ਚਲਦੀਆਂ ਗੱਲਾ ਦੇ ਸਭ ਸ਼ੰਕੇ ਦੂਰ ਹੋ ਗਏ ਸਨ। ਇਹ ਵੱਡਾ ਕਾਰਨ ਸੀ ਕਿ 'ਗਾਮੀ' ਪਿਉ ਦੀ ਰਿਸ਼ਤੇ ਬਾਬਤ ਕੀਤੀ ਗੱਲ ਵਿਚ ਨਹੀਂ ਸੀ ਆਉਂਦਾ। ਪਿਉ-ਪੁੱਤਰ ਦੇ ਇਕ ਹੋਇਆਂ ਧਰਮ ਕੌਰ ਕੁਝ ਨਾ ਆਖ ਸਕਦੀ।

ਸੋ ਕੇਹਰ ਸਿੰਘ ਦੇ ਇਸ ਮਿੱਤਰ ਦੇ ਯਤਨ ਨਾਲ ਪ੍ਰੀਤੀ-ਗਾਮੀ ਦਾ ਵਿਆਹ ਨਿਯੁਕਤ ਹੋ ਗਿਆ। ਮੁੰਡੇ ਕੁੜੀਆਂ ਦੀਆਂ ਤਸਵੀਰਾਂ ਜ਼ਰੂਰ ਵਟਾਈਆਂ ਗਈਆਂ। ਫੋਟੋ ਵਿੱਚ ਤੇ ਗਾਮੀ ਪੂਰਾ ਗੁਰਨਾਮ ਸਿੰਘ ਲਗਦਾ ਸੀ।

ਗਾਮੀ ਦਾ ਵਿਆਹ ਜਲੰਧਰ ਸ਼ਹਿਰ ਵਿੱਚ ਹੋਇਆ। ਛੁੱਟੀਆਂ ਵਿੱਚ ਇਹ ਤਿੰਨੋ ਵਤਨ ਚਲੇ ਗਏ ਸਨ। ਵਿਆਹ ਦਾ ਕਾਰਜ ਤੇ ਇਸ ਦਾ ਪਿਆਰਾ ਮਿੱਤਰ ਹੀ ਕਰੀ ਜੌ ਰਿਹਾ ਸੀ ਜਿਸ ਨੂੰ ਕਿਹਰ ਸਿੰਘ ਨੇ ਆਖ ਦਿੱਤਾ ਸੀ "ਵੀਰ! ਜੇਬ ਮੇਰੀ ਤੇ ਕਾਰਜ ਤੇਰਾ।"

ਪ੍ਰੀਤੀ ਦੇ ਪਿਤਾ ਮਨ ਗਾਮੀ ਦੀ ਕਤਰੀ ਦਾਹੜੀ ਰੜਕੀ ਤਾਂ ਸੀ ਪਰ... ਸਿਡਨੀ, ਇਸ ਦੇ ਬੰਗਲੇ ਮੋਟਰਾਂ ਕਾਰਾਂ ਮੁੰਡੇ ਦੇ ਨਾਨਕੇ ਕਿਹਰ ਸਿੰਘ ਦੀ ਸਿਡਨੀ ਵਿੱਚ ਸ਼ਖਸੀਅਤ ਗਰੇਜੂਏਟ ਮੁੰਡਾ ਸਰਵਿਸ ਤੇ ਇਹ ਸਭ ਕੁਝ ਨੌਜਵਾਨ ਦੀ ਇਸ ਭੂਲ ਨੂੰ ਦਬਾਈ ਜਾ ਰਿਹਾ ਸੀ।

ਵਿਆਹ ਤੋਂ ਵੀਕ ਬਾਅਦ ਕਿਹਰ ਸਿੰਘ ਹੋਰੀਂ ਤਿੰਨੋ ਵਾਪਸ ਆ ਗਏ ਤੇ ਪ੍ਰੀਤੀ ਅਗਲੇ ਸਾਲ ਸਿਡਨੀ ਪੁੱਜ ਗਈ।

ਪ੍ਰੀਤੀ ਆਪਣੇ ਘਰ ਆ ਗਈ ਸੀ। ਘਰ ਕਿੱਡਾ ਵਿਸ਼ਾਲ ਸੀ। ਕਿਉਂ ਨਾ ਹੋਵੇ। ਪਿਤਾ ਜੀ (ਕਿਹਰ ਸਿੰਘ) ਤੇ ਬੀਜੀ ਦੋਵੇਂ ਪੈਨਸ਼ਨਰ ਸਨ। ਜਿਸ ਨਾਲ ਗਾਮੀ ਦੀ ਕਮਾਈ ਦੇ ਢੇਰ ਦਾ ਆਕਾਰ ਹੋਰ ਵੱਡਾ ਹੋ ਗਿਆ ਸੀ। ਨਾ ਇਕਲੌਤਾ ਪੁੱਤਰ ਇਨ੍ਹਾਂ ਨੂੰ ਛੱਡਣ ਤੇ ਨਾ ਮਾਪੇ ਆਪਣੇ ਚਾਨਣ ਦੇ ਨਿਖੜਨ ਦੇ ਹੱਕ ਵਿੱਚ।

ਗਾਮੀ ਹਰ ਸਾਲ ਕਾਰ ਦਾ ਨਵੀਂ ਮਾਡਲ ਲੈ ਆਉਂਦਾ ਤੇ ਕਿਹਰ ਸਿੰਘ ਦੀ ਭੀ ਇਹੁ ਇਛਾ ਹੁੰਦੀ।

ਪ੍ਰੀਤੀ ਹਰ ਰੋਜ਼ ਸਵੇਰੇ ਉਠਦੀ, ਇਸ਼ਨਾਨ ਕਰਦੀ ਤੇ ਵਿਸ਼ਾਲ ਡਰਾਇੰਗ ਰੂਮ ਵਿੱਚ ਪੰਜ ਗ੍ਰੰਥੀ ਲੈ ਬੈਠ ਜਾਂਦੀ, ਅਰਦਾਸ ਕਰਦੀ ਤੇ ਪਿਤਾ ਜੀ ਦੇ ਰੂਮ ਵਿੱਚ ਉਨ੍ਹਾਂ ਦੀ ਅਸ਼ੀਰਵਾਦ ਲੈਣ ਚਲੀ ਜਾਂਦੀ। "ਸੁਭਾਗਵਤੀ ਹੋਵੇਂ, ਸਦਾ ਸੁਖੀ ਰਹੁ, ਗੁਰੂਮਹਾਰਾਜ ਤੁਹਾਡੇ ਅੰਗ ਸੰਗ ਰਹਿਣ।" ਕਿਹਰ ਸਿੰਘ ਜੋ ਆਪਣੇ ਨਿਤਕ੍ਰਮ ਤੋਂ ਵਿਹਲਾ ਹੋ ਚੁੱਕਾ ਹੁੰਦਾ, ਪ੍ਰੀਤੀ ਦੇ ਚਰਨ ਸਪਰਸ਼ ਤੇ ਉਹ ਪੁੱਤਰੀ ਦਾ ਸੀਸ ਪਲੋਸਦਾ ਤੇ ਗਦ ਗਦ ਹੋ ਉਸ ਤੋਂ ਅਸ਼ੀਰਵਾਦ ਦੇ ਵਾਰਨੇ ਕਰਦਾ ਨਾ ਥਕਦਾ।

ਉਸੇ ਵੇਲੇ ਉਹ ਬੀਜੀ ਦੇ ਕਮਰੇ ਚਲ ਜਾਂਦੀ। ਚਰਨ ਬੰਦਨਾ ਕਰਦੀ, ਬਸਤਰ ਸੰਵਾਰਦੀ, ਸਫ਼ਾਈ ਕਰਦੀ, ਉੜੀ ਫਿਰਦੀ। ਰਸੋਈ ਵਿੱਚ ਆਉਂਦੀ ਗਾਮੀ ਲਈ ਨਾਸ਼ਤਾ ਤਿਆਰ ਕਰਦੀ, ਉਸ ਦੇ ਬਸਤਰ ਪ੍ਰੈਸ ਕਰਦੀ, ਬੂਟ ਸਾਫ਼ ਕਰਦੀ, ਦਫ਼ਤਰ ਜਾਂਦਿਆਂ ਕਾਰ ਤੱਕ ਆਪ ਛਡਣ ਜਾਂਦੀ।

"ਪ੍ਰੀਤੀ ਇਕ ਦੇਵੀ ਹੈ ਜੋ ਸਾਡੇ ਘਰ ਨੂੰ ਸਵਰਗ ਬਣਾਉਣ ਆਈ ਹੈ" ਕਿਹਰ ਸਿੰਘ ਸਦਾ ਹੀ ਧਰਮ ਕੌਰ ਨੂੰ ਕਹਿੰਦਾ ਰਹਿੰਦਾ, ਪਰ ਧਰਮ ਕੌਰ ਸੀ ਜਿਸ ਨੂੰ ਕਾਲਜ ਦੇ ਫ਼ੈਸ਼ਨ ਅੱਜੇ ਤੱਕ ਭੀ ਨਹੀਂ ਸਨ ਭੁੱਲੇ ਤੇ ਜਿਸ ਨੂੰ ਪਤਾ ਸੀ ਐਮ.ਏ. ਪਾਸ ਕੁੜੀਆਂ ਕਿਵੇਂ ਕਲਬਾਂ ਵਿੱਚ ਜਾ ਆਪਣੇ ਪਤੀ-ਮਿੱਤਰਾਂ ਨਾਲ ਡਾਨਸ ਕਰਦੀਆਂ ਹਨ। ਇਕ ਦਿਨ ਉਹ ਬੋਲ ਹੀ ਪਈ "ਪ੍ਰੀਤੀ ਜ਼ਰਾ ਆਪਣੇ ਆਪ ਨੂੰ ਸੰਵਾਰ ਕੇ ਰੱਖਿਆ ਕਰ, ਮੁੰਡੇ ਨਾਲ ਕਲਬ ਜਾਇਆ ਕਰ ਪੋਜ਼ੀਸ਼ਨ ਬਣਦੀ ਹੈ।"

ਵੈਸੇ ਤੇ ਪ੍ਰੀਤੀ ਜਹੀ ਕੁੜੀ ਨੂੰ ਕਿਸੇ ਸ਼ਿੰਗਾਰ ਨਖਾਰ ਦੀ ਲੋੜ ਨਹੀਂ ਸੀ। ਸੁੰਦਰਤਾ ਜਵਾਨੀ ਦੀ ਉਹ ਜਾਗਦੀ ਤਸਵੀਰ



Namdhari Elibrary NamdhariElibrary@gmail.com

ਸੀ, ਪਰ ਗਾਮੀ ਆਖਦਾ "ਜੈਸਾ ਦੇਸ ਵੈਸਾ ਭੇਸ" ਉਸ ਨੂੰ ਹੁਕਮ ਦੀ ਪਾਲਣਾ ਕਰਨੀ ਪੈਂਦੀ। ਗਾਮੀ ਨਾਲ ਕਿਸੇ ਦਫਤਰੀ ਮੀਟਿੰਗ ਤੇ ਜਾਣਾ ਹੁੰਦਾ ਜਾਂ ਉਸ ਦੇ ਜ਼ੋਰ ਪਾਉਣ ਤੇ ਕਲਬ ਪਾਰਟੀ ਤੇ ਤਾਂ ਉਹ ਅੰਗਰੇਜ਼ੀ ਪਾਰਟ ਅਦਾ ਕਰਦੀ। ਸਕਰਟਾਂ, ਫ਼ਰਾਕਾਂ, ਕਰੀਮਾਂ, ਪੌਡਰ, ਲਿਪਸਟਿਕਾਂ, ਨੇਲ ਪਾਲਿਸ਼ ਇਹ ਸਾਰੇ ਝੰਜਟ ਸਹੇੜਦੀ ਤੇ ਘਰ ਪੁਜਦਿਆਂ ਹੀ ਇਨ੍ਹਾਂ ਜ਼ੰਜੀਰਾਂ ਤੋਂ ਬਾਹਰ ਹੋ ਜਾਂਦੀ ਤੇ ਆਪਣੇ ਘਰੇਗੀ ਕੰਮਾਂ ਵਿੱਚ ਰੁਝ ਜਾਂਦੀ ਤੇ ਗੁਣਗੁਣਾਉਂਦੀ ਸੁਣਾਈ ਦਿੰਦੀ "ਸਾਚੀ ਪ੍ਰੀਤ ਵਸਹੁ............ਪ੍ਰੀਤ ਵਸਹੁ ਘਰ ਮੇਰੇ।"

ਦੋ ਸਾਲ ਲੰਘ ਗਏ ਪ੍ਰੀਤੀ ਨੇ ਘਰ ਨੂੰ ਸਵਰਗ ਬਣਾ ਦਿਤਾ। ਉਸ ਇਕ ਨਿਕਾ ਜਿਹਾ ਕੰਪਿਊਟਰ ਕੋਰਸ ਵੀ ਕਰ ਲਿਆ। ਪਿਤਾ ਜੀ ਦੀ ਪੁਤਰੀ ਤੇ ਉਹ ਪਹਿਲੇ ਦਿਨ ਤੋਂ ਹੀ ਸੀ, ਉਸ ਗਾਮੀ ਦਾ ਹੁਕਮ ਭੀ ਸਿਰ ਮੱਥੇ ਮੰਨਿਆ, ਬੇ ਜੀਆਂ ਦੇ ਆਦੇਸ਼ ਦੀ ਪਾਲਣਾ ਕੀਤੀ। 'ਗਾਮੀ ' ਅੱਜ ਭੀ ਗੁੰਮ ਸੁੰਮ ਜਿਹਾ ਵਿਚਰਦਾ ਜਿਵੇਂ ਉਸਦੀਆਂ ਸਾਰੀਆਂ ਅਭਿਲਾਸ਼ਾ ਪੂਰੀਆਂ ਨਾ ਹੋ ਰਹੀਆਂ ਹੋਣ, ਪਰ ਉਹ ਕੁਝ ਨਾ ਆਖ ਸਕਦਾ।

ਅੱਜ ਐਤਵਾਰ ਸੀ। ਰਾਤੀਂ ਇਹ ਦੋਵੇਂ ਕਲਬ ਤੋਂ ਲੇਟ ਆਏ ਸਨ। ਪ੍ਰੀਤੀ ਨੇ ਰਾਤੀ ਗਾਮੀ ਨੂੰ ਇਕ ਖੁਸ਼ਖਬਰੀ ਸੁਣਾਈ "ਤੁਸੀਂ ਭੀ ਪਿਤਾ ਬਣਨੇ ਵਾਲੇ ਹੋ।"

ਹਰ ਐਤਵਾਰ ਵਾਗੂੰ ਪ੍ਰੀਤੀ ਸਵੇਰੇ ਸਵਖਤੇ ਜਾਗੀ, ਇਸ਼ਨਾਨ ਕੀਤਾ, ਖੁਲੇ ਡਰਾਇੰਗ ਰੂਮ ਵਿੱਚ ਸਫੇਦ ਚਾਦਰ ਵਿਛਾਈ, ਆਪਣਾ ਨਿਤਨੇਮ ਪਾਠ ਸੰਪੂਰਨ ਕੀਤਾ, ਗੁਰੂ ਨਾਨਕ ਦੇਵ ਜੀਆਂ ਦੇ ਤਸਵੀਰ 'ਚੋਂ ਦਰਸ਼ਨ ਕੀਤੇ, ਫਿਰ ਸ਼ੀਸ਼ੇ ਵਿੱਚ ਆਪਾ ਵੇਖ ਅਰਦਾਸ ਵਿੱਚ ਲੀਨ ਹੋ ਗਈ।

ਤੇ ਜਦੋਂ ਉਹ ਅਰਦਾਸੋਂ ਉਪਰਾਂਤ ਵਾਪਸ ਪਰਤੀ, ਸਾਹਮਣੇ ਸ਼ੀਸ਼ੇ ਵਿੱਚ 'ਗਾਮੀ' ਅਰਦਾਸ ਮਗਨ ਖੜ੍ਹਾ ਸੀ।

ਪਹਿਲੀ ਵੇਰ ਉਸ ਨੂੰ ਅਰਦਾਸ ਵਿੱਚ ਵੇਖ ਪ੍ਰੀਤੀ ਆਤਮਿਕ ਰਸ ਵਿੱਚ ਭਿੱਜ ਗਈ ਤੇ ਗਾਮੀ ਨੂੰ ਮਿਸਰੀ ਪ੍ਰਸਾਦ ਵਰਤਦਿਆਂ ਬੋਲੀ "ਬਾਬਾ ਜੀਆਂ ਦੀ ਕਿਰਪਾ ਹੋਈ..... ਪ੍ਰਸਾਦ ਲਓ।"

'ਗਾਮੀ ਨੇ ਪ੍ਰਸਾਦ ਲਿਆ, ਨਿਮਸਕਾਰ ਕੀਤੀ ਤੇ ਨੀਂਵੀਆਂ ਨਜ਼ਰਾਂ ਨਾਲ ਪ੍ਰੀਤੀ ਨੂੰ ਸਫੇਦ ਮੁਖ ਤੋਂ ਲੈ ਸਫੇਦ ਬਸਤਰਾਂ ਵਿੱਚ ਪੈਰਾਂ ਦੇ ਸਾਫ ਨਵਾਂ ਤੱਕ ਤੱਕਿਆ ਤੇ ਮਨ ਦੇ ਆਥਾਹ ਸਾਗਰ ਵਿੱਚ ਡੁੱਬ ਗਿਆ—"ਮੈਂ ਵੀ ਕਿੰਨਾ ਅਭਾਗਾ ਮੂਰਖ ਹਾਂ।"

# ਵਰਿਆਮ ਦੇ ਯੂ.ਕੇ. ਦੇ ਮੈਂਬਰਾਂ ਦੇ ਧਿਆਨ ਯੋਗ

ਵਰਿਆਮ ਦੇ ਯੂ.ਕੇ. ਵਿਚ ਸਥਾਪਤ ਇਕੱਲੇ ਇਕੱਲੇ ਮੈਂਬਰਾਂ ਨੂੰ ਡਾਕ ਰਾਹੀਂ ਬੇਨਤੀ ਪੱਤਰ ਭੇਜੇ ਹਨ। ਇਸ ਵਿਚ ਉਹਨਾਂ ਵਲੋਂ ਆਉਣ ਵਾਲੇ ਚੰਦਿਆਂ ਦਾ ਵੇਰਵਾ ਹੈ।

ਬਾਰ-ਬਾਰ ਬੇਨਤੀ ਲਿਖਣੀ ਸਾਡੀ ਮਜਬੂਰੀ ਹੈ। ਘੌਲ ਘੌਲ ਕਰਦਿਆਂ ਹੀ ਅਕਸਰ ਰਕਮ ਵੱਧ ਜਾਂਦੀ ਹੈ ਅਤੇ ਅੰਤ ਤੇ ਇਹ ਆਉਂਦੀ ਹੀ ਨਹੀਂ। ਇਸ ਨਾਲ ਵਰਿਆਮ ਨੂੰ ਭਾਰੀ ਨੁਕਸਾਨ ਹੁੰਦਾ ਆਇਆ ਹੈ। ਇਸ ਵਾਸਤੇ ਅਸੀਂ ਜ਼ੋਰ ਦੇ ਕੇ ਦੁਬਾਰਾ ਅਪੀਲ ਕਰਦੇ ਹਾਂ ਕਿ ਆਪਣੇ ਆਪਣੇ ਪਿਛਲੇ ਬਕਾਏ ਅਤੇ ਅਗੋਂ ਦੇ ਚੰਦੇ ਜਲਦੀ ਭੇਜੋ। ਸਾਨੂੰ ਚਿੱਠੀ ਲਿਖ ਕੇ ਸੂਚਿਤ ਕਰੋ ਕਿ ਚੰਦਾ ਭੇਜ ਦਿੱਤਾ ਹੈ ਜਾਂ ਭੇਜ ਰਹੇ ਹੋ।

ਕਈ ਸੱਜਨਾਂ ਵਲੋਂ ਹੁੰਗਾਰਾ ਆਇਆ ਹੈ ਪਰ ਜਿਨ੍ਹਾਂ ਸੱਜਨਾ ਦਾ ਕੋਈ ਸੰਕੇਤ ਨਾ ਆਇਆ ਨਾ ਚੰਦੇ ਦੀ ਰਕਮ ਨਾ ਕੋਈ ਜੁਆਬ ਤਾਂ ਅਸੀਂ ਸਮਝਾਂਗੇ ਕਿ ਉਹਨਾਂ ਨੂੰ ਵਰਿਆਮ ਆਉਣ ਜਾਂ ਨਾ ਆਉਣ ਵਿਚ ਕੋਈ ਦਿਲਚਸਪੀ ਨਹੀਂ। ਉਹਨਾਂ ਦੇ ਪਰਚੇ ਤਾਂ ਰੋਕਣੇ ਹੀ ਪੈਣਗੇ ਤਾਂ ਕਿ ਅਸੀਂ ਭਾਰੀ ਨੁਕਸਾਨ ਤੋਂ ਬਚ ਸਕੀਏ। ਸ਼ਹਿਰ ਸ਼ਹਿਰ ਵਿਚ ਮੁਖੀ ਸੱਜਨ ਇਹ ਚੰਦੇ ਇਕੱਠੇ ਕਰਕੇ ਵੀ ਭੇਜ ਸਕਦੇ ਹਨ। ਸ. ਹਰਚਰਨ ਸਿੰਘ ਰੰਧਾਵਾ ਅਗੇ ਵੀ ਸਰਗਰਮੀ ਨਾਲ ਵਰਿਆਮ ਦੀ ਸਹਾਇਤਾ ਕਰਦੇ ਰਹੇ ਹਾਂ ਅਤੇ ਹੁਣ ਵੀ ਕੀਤੀ ਹੈ। ਉਹਨਾਂ ਨਾਲ ਵੀ ਸਹਿਯੋਗ ਕਰਕੇ ਸੇਵਾ ਪ੍ਰਾਪਤ ਕਰ ਸਕਦੇ ਹੋ। ਜੋ ਰਕਮ ਬੈਂਕ ਡਰਾਫਟ, ਇੰਟਰਨੈਸ਼ਨਲ ਮਨੀ ਆਰਡਰ ਜਾਂ ਬ੍ਰਿਟਿਸ਼ ਪੋਸਟਲ ਆਰਡਰ ਰਾਹੀਂ ਭੇਜੀ ਜਾਵੇ ਉਸ ਤੇ ਕੇਵਲ Wariam ਹੀ ਲਿਖਿਆ ਜਾਵੇ। ਬਾਕੀ ਸੱਜਨ ਵੀ ਧਿਆਨ ਦੇਣ ਇਹ ਬਹੁਤ ਜ਼ਰੂਰੀ ਬੇਨਤੀ ਹੈ।

*—ਜਗਦੀਸ਼ ਸਿੰਘ*
*ਸੰਪਾਦਕ*

**ਬਲਦੇਵ ਮਾਧੋਪੁਰੀ ਨੂੰ ਸਦਮਾ**

ਵਰਿਆਮ ਦੇ ਇਸ ਅੰਕ ਦੀ ਤਿਆਰੀ ਦੇ ਐਨ ਸਿਖਰ ਤੇ ਸਾਡੇ ਸਹਿਯੋਗੀ ਬਲਦੇਵ ਮਾਧੋਪੁਰੀ ਦੀ ਜੀਵਨ ਸਾਥਣ ਬੀਬੀ ਬਲਬੀਰ ਕੌਰ ਦਾ ਜਲੰਧਰ ਦੇ ਇਕ ਹਸਪਤਾਲ ਵਿਚ ਮਿਤੀ ੭ ਨਵੰਬਰ ੨੦੦੨ ਨੂੰ ਦੇਹਾਂਤ ਹੋ ਗਿਆ ਹੈ। ਇਸ ਬੇਬਸੀ ਦੀ ਹਾਲਤ ਵਿਚ ਅਸੀਂ ਅਫਸੋਸ ਹੀ ਪ੍ਰਗਟ ਕਰਦੇ ਹੋਏ ਵਿਛੜੀ ਜੀਵ ਆਤਮਾ ਦੀ ਸਦਗਤੀ ਦੀ ਅਰਦਾਸ ਕਰਦੇ ਹਾਂ।

*—ਜਗਦੀਸ਼ ਸਿੰਘ*



Namdhari Elibrary NamdhariElibrary@gmail.com

# ਲੋਕ-ਕਵੀ ਪ੍ਰੀਤਮ ਦਾਸ ਠਾਕੁਰ ਦੀ ਲੋਕ ਪੀੜਾਂ ਦੀ ਜਾਣਕਾਰ ਕਵਿਤਾ

—*ਗੁਰਭਜਨ ਗਿੱਲ*

ਕੱਚੇ ਵਿਹੜਿਆਂ ਵਿੱਚ ਜਨਮੀ ਅਤੇ ਪਗਡੰਡੀਆਂ ਰਾਹੀਂ ਪੈਦਲ ਸਵਾਰ ਕਵਿਤਾ ਜੋ ਅੱਜ ਸ਼ਹਿਰਾਂ ਵਿੱਚ ਆਣ ਵੜੀ ਹੈ ਤਾਂ ਇਸ ਦਾ ਅਰਥ ਇਹ ਨਹੀਂ ਕਿ ਸਾਡੇ ਸਰੋਕਾਰ ਬਦਲ ਗਏ ਹਨ। ਅੱਜ ਵੀ ਲਹੂ ਲੁਹਾਣ ਪਿੰਡ ਆਪਣੇ ਪੁੱਤਰਾਂ ਨੂੰ ਉਡੀਕਦੇ ਹਨ ਕਿ ਉਹ ਸ਼ਹਿਰੋਂ ਆਉਣ ਅਤੇ ਸਾਡੀ ਸਾਰ ਲੈ ਕੇ ਆਪਣੀ ਕਵਿਤਾ ਵਿੱਚ ਸਾਡੇ ਹਉਕੇ, ਹਾਵੇ, ਝੋਰੇ, ਨਿਹੋਰੇ, ਰੋਸਾ, ਪੀੜਾਂ ਲੋੜਾਂ ਅਤੇ ਥੋੜਾਂ ਦੀ ਨਿਸ਼ਾਨਦੇਹੀ ਕਰਨ। ਪਰ ਤੇਜ਼ ਰਫ਼ਤਾਰ ਜ਼ਿੰਦਗੀ ਜਿਉਂਦੇ ਕਵੀਆਂ ਕੋਲ ਵਕਤ ਹੀ ਕਿਥੇ ਬਚਿਆ ਹੈ। ਆਪਣੇ ਸਵੈ ਦੇ ਪ੍ਰਗਟਾਵੇ ਦੇ ਬਹਾਨੇ ਵਿਸ਼ਵੀਕਰਨ ਦੀਆਂ ਪੀਂਘਾਂ ਤੋਂ ਸਮਾਂ ਹੀ ਕਿੱਥੇ ਬਚਦਾ ਹੈ।

ਸਾਡੀ ਜ਼ੁਬਾਨ ਕੋਲ ਲੋਕ ਕਵਿਤਾ ਦੀ ਬੜੀ ਪੁਰਾਣੀ ਪਰੰਪਰਾ ਹੈ ਇਸ ਲੋਕ ਪਰੰਪਰਾ ਦੀ ਸਿਖਰ ਸਾਡੇ ਕੋਲ ਕਿੱਸਾ ਕਵਿਤਾ, ਜੰਗਨਾਮਾ ਸਿੰਘਾਂ ਤੇ ਫਰੰਗੀਆਂ, ਗ਼ਦਰ ਗੂੰਜਾਂ ਅਤੇ ਕਮਿਊਨਿਸਟ ਲਹਿਰ ਨਾਲ ਸਬੰਧਤ ਲਿਖਾਰੀਆਂ ਲੱਖਾ ਸਿੰਘ ਜੌਹਰ , ਰੂੜ ਸਿੰਘ ਇਨਕਲਾਬ, ਮਹਿਣ ਸਿੰਘ ਅਨਪੜ੍ਹ, ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਦਰਸ਼ਨ ਸਿੰਘ ਸ਼ੌਕੀ ਅਤੇ ਦਰਸ਼ਨ ਸਿੰਘ ਮਾਸਟਰ ਦਾ ਕਲਾਮ ਅੱਜ ਵੀ ਸਾਡੇ ਲਈ ਲੋਕ ਧੜਕਣ ਨੂੰ ਜਾਨਣ ਲਈ ਵਧੀਆ ਸਰੋਤ ਹੈ। ਵੱਖ-ਵੱਖ ਸਮਿਆਂ ਵਿੱਚ ਸਾਡੀ ਲੋਕ ਕਵਿਤਾ ਨੇ ਅਨੇਕਾਂ ਤੇਵਰ ਬਦਲੇ ਅਤੇ ਇਸ ਦਾ ਮੁਹਾਂਦਰਾ ਨਾ ਪਛਾਨਣਾ ਸਾਡੀ ਸੀਮਾ ਤਾਂ ਹੋ ਸਕਦੀ ਹੈ। ਲੋਕ ਕਵਿਤਾ ਦੀ ਨਹੀਂ।

ਤੁਸੀਂ ਭਾਰਤ ਸਰਕਾਰ ਜਾਂ ਕਿਸੇ ਵੀ ਹੋਰ ਸਰਕਾਰ ਵਲੋਂ ਐਲਾਨ ਕੀਤੀਆਂ ਜਾਂਦੀਆ ਫੋਕੀਆਂ ਸਕੀਮਾਂ ਨੂੰ ਬੇਪਰਦ ਕਰਨ ਲਈ ਹਜ਼ਾਰਾਂ ਸਫ਼ੇ ਕਾਲੇ ਕਰ ਸਕਦੇ ਹੋ ਪਰ ਲੋਕ ਕਵਿਤਾ ਦੋ ਸਤਰਾਂ ਵਿੱਚ ਹੀ ਗੱਲ ਮੁਕਾ ਦਿੰਦੀ ਹੈ। ਇਨ੍ਹਾਂ ਸਤਰਾਂ ਦੇ ਸ਼ਾਇਰ ਨੂੰ ਮੈਂ ਨਹੀਂ ਜਾਣਦਾ ਪਰ ਇਹ ਦੋ ਸਤਰਾਂ ਬਚਪਨ ਵਿੱਚ ਅਮਰਜੀਤ ਗੁਰਦਾਸਪੁਰੀ ਦੇ ਮੂੰਹੋਂ ਗਾਈਆਂ ਸੁਣ ਕੇ ਅੱਜ ਤੀਕ ਨਹੀਂ ਵਿਸਾਰ ਸਕਿਆ :

– ਗੌਰਮਿੰਟ ਨੇ ਝੱਗਾ ਦਿੱਤਾ,
ਪਾ ਲਓ ਲੋਕੋ ਪਾ ਲਓ।
ਅੱਗਾ ਪਿੱਛਾ ਹੈ ਨਹੀਂ ਜੇ,
ਤੇ ਬਾਹਵਾਂ ਆਪ ਲਵਾ ਲਓ।

– ਚਾਚਾ ਚੋਰ ਭਤੀਜਾ ਡਾਕੂ,
ਬਈ ਸੋਹਣਾ ਤੇਰਾ ਰਾਜ ਵੇਖਿਆ।

ਮੈਂ ਜਦੋਂ ਕਦੇ ਵੀ ਲੋਕ ਕਵੀ ਪ੍ਰੀਤਮ ਦਾਸ ਠਾਕੁਰ ਦੀਆਂ ਕਵਿਤਾਵਾਂ ਸੁਣਦਾ ਹਾਂ ਜਾਂ ਪੜ੍ਹਦਾ ਹਾਂ ਤਾਂ ਮੈਨੂੰ ਹਮੇਸ਼ਾਂ ਆਪਣੇ ਸਿਰਜਕ ਹੋਣ ਦਾ ਭਰਮ ਟੁੱਟਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਮੈਂ ਜੋ ਕੁਝ ਲਿਖਦਾ ਹਾਂ ਉਸਦੀ ਕੋਈ ਸਾਰਥਿਕਤਾ ਨਹੀਂ ਅਤੇ ਨਾ ਹੀ ਇਹ ਮਹਿਸੂਸ ਕਰਦਾ ਹਾਂ ਕਿ ਮੇਰੇ ਸਮਕਾਲੀ ਵੀ ਇਹੋ ਜਿਹਾ ਕਿਉਂ ਨਹੀਂ ਲਿਖਦੇ। ਹਰ ਸ਼ਾਇਰ ਦਾ ਆਪਣਾ-ਆਪਣਾ ਅੰਦਾਜ਼ ਅਤੇ ਕਹਿਣ ਢੰਗ ਹੁੰਦਾ ਹੈ। ਠਾਕੁਰ ਦਾ ਆਪਣਾ ਵਿਲੱਖਣ ਅੰਦਾਜ਼ ਹੈ। ਸ਼ਾਇਦ ਇਸੇ ਕਰਕੇ ਉਹ ਮੈਨੂੰ ਬਹੁਤ ਪਿਆਰਾ ਲੱਗਦਾ ਹੈ।

੧੯੭੧ ਵਿੱਚ ਮੈਂ ਪ੍ਰੀਤਮ ਦਾਸ ਠਾਕੁਰ ਨੂੰ ਪਹਿਲੀ ਵਾਰ ਮਿਲਿਆ। ਉਸਦਾ ਚੀਚਕ-ਚੀਚਕ ਚੱਲਦਾ ਸਾਈਕਲ ਉਸ ਨਾਲੋਂ ਕਿਤੇ ਵੱਡੀ ਉਮਰ ਦਾ ਜਾਪ ਰਿਹਾ ਸੀ। ਮੇਰੇ ਸਤਿਕਾਰ ਯੋਗ ਸ਼ਾਇਰ ਮਿੱਤਰ ਕੁਲਵੰਤ ਜਗਰਾਓਂ ਨੇ ਦੱਸਿਆ ਕਿ ਇਹ ਵਿਅਕਤੀ ਪ੍ਰੀਤਮ ਦਾਸ ਠਾਕੁਰ ਹੈ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਉਹ ਆਪਣੇ ਸਾਈਕਲ ਤੇ ਸਵਾਰ ਹੋ ਕੇ ਸਕੂਲਾਂ ਦੇ ਬੱਚਿਆਂ ਨੂੰ ਆਪਣੀਆਂ ਬਾਲ-ਕਵਿਤਾਵਾਂ ਅਤੇ ਹਾਸ ਵਿਅੰਗ ਝਲਕੀਆਂ ਸੁਣਾਉਂਦਾ ਹੈ। ਨਿੱਕੇ ਨਿੱਕੇ ਕਿਤਾਬਚੇ ਛਾਪ ਕੇ ਵੇਚਦਾ ਹੈ। ਮੈਨੂੰ ਲੱਗਿਆ, ਚੀਨ ਦੇ ਨੰਗੇ ਪੈਰਾਂ ਵਾਲੇ ਡਾਕਟਰਾਂ ਦੇ ਸੰਕਲਪ ਨੂੰ ਉਹ ਪੰਜਾਬੀ ਕਵਿਤਾ ਦੇ ਪਸਾਰ ਲਈ ਬਾਖ਼ੂਬੀ ਵਰਤ ਰਿਹਾ ਹੈ। ਆਪਣੇ ਵਿਦਿਆਰਥੀ ਕਾਲ ਵਿੱਚ ਮੈਂ ਉਸਨੂੰ ਅਨੇਕਾਂ ਵਾਰ ਸੁਣਿਆ। ਇੱਕ ਵਾਰ ਉਸਨੇ ਇਹ ਵੀ ਦੱਸਿਆ ਕੀ ਮੈਂ ਸੁਰਿੰਦਰ ਗਿੱਲ ਦੇ ਪਿੰਡ ਭੂਮੀ ਵਿੱਚ ਉਦੋਂ ਕਵਿਤਾ ਸੁਣਾਉਣ ਗਿਆ ਸਾਂ ਜਦ ਉਹ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਾ ਸੀ। ਇਹੋ ਜਿਹੀ ਗੱਲ ਮੈਨੂੰ ਡਾ. ਸੁਰਜੀਤ ਪਾਤਰ ਅਤੇ ਡਾ. ਜੁਗਿੰਦਰ ਸਿੰਘ ਨਿਰਾਲਾ ਵਰਗੇ ਲੇਖਕਾਂ ਨੇ ਵੀ ਆਪਣੇ ਬਾਰੇ ਦੱਸੀ। ਮੈਨੂੰ ਲੱਗਿਆ ਕਿ ਠਾਕੁਰ ਸਿਰਫ਼ ਕਵਿਤਾਵਾਂ ਹੀ ਨਹੀਂ ਸੁਣਾਉਂਦਾ ਫਿਰਦਾ, ਸਗੋਂ ਚਾਨਣ ਦੇ ਬੀਜ ਵੰਡਦਾ ਫਿਰਦਾ ਸੀ। ਉਹਦੇ ਆਪਣੇ ਦੱਸਣ ਮੁਤਾਬਕ ਉਹ ਹੁਣ ਤੀਕ ਪੰਜਾਬ ਦੇ ਦਸ ਹਜ਼ਾਰ ਤੋਂ ਵੱਧ ਪਿੰਡਾਂ ਵਿੱਚ ਆਪਣੀ ਕਵਿਤਾ ਦਾ ਲਿਸ਼ਕਾਰਾ ਪੇਸ਼ ਕਰ ਚੁਕਾ ਹੈ। ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੇ ਬਣਨ ਤੋਂ ਪਹਿਲਾਂ ਦੇ ਪੰਜਾਬ ਦੇ ਪਿੰਡਾਂ ਨੂੰ ਵੀ ਉਹ ਇਨ੍ਹਾਂ ਵਿੱਚ ਹੀ ਗਿਣਦਾ ਹੈ।

੨੦ ਜੂਨ ੧੯੩੦ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਫੰਬੀਆਂ ਵਿੱਚ ਇਕ ਦਰਵੇਸ਼ ਫਕੀਰ ਜਵੰਦਾ ਰਾਮ ਦੀ ਪਤਨੀ ਫੂਲ ਭਾਰਤੀ ਦੀ ਕੁੱਖੋਂ ਜਨਮ ਲੈ ਕੇ ੧੩ ਸਾਲ ਦੀ ਉਮਰ ਤੀਕ ਪਿੰਡ-ਪਿੰਡ ਆਪਣੇ ਬਾਪ ਨਾਲ ਆਟਾ ਮੰਗਦਾ ਰਿਹਾ। ਆਟਾ ਮੰਗਣੇ ਵਾਲੇ ਫ਼ਕੀਰਾਂ ਵਾਲੀ ਜੂਨ ਉਸਨੂੰ ਜੀਵਨ ਦਾ ਸੱਚ ਨਾ ਜਾਪੀ ਅਤੇ ੧੯੪੯ ਵਿੱਚ ਉਹ ਸੁਲਤਾਨਪੁਰ ਲੋਧੀ (ਕਪੂਰਥਲਾ) ਵਿਖੇ ਰਹਿਣ ਲੱਗ ਪਿਆ। ਇਸ ਤੋਂ ਪਹਿਲਾਂ ਉਸਨੇ ਆਪਣੇ ਜੀਵਨ ਨਿਰਬਾਹ ਲਈ ਹਲਵਾਈਆਂ ਦੀਆਂ



Namdhari Elibrary NamdhariElibrary@gmail.com

ਹੱਟੀਆਂ ਤੇ ਭਾਂਡੇ ਵੀ ਮਾਂਜੇ, ਘਾਹ ਖੇਤਰ-ਖੇਤਰ ਕੇ ਟਾਂਗੇ ਵਾਲਿਆਂ ਨੂੰ ਵੇਚਿਆ, ਦਾਤਣਾਂ ਕੱਟ ਕੇ ਵੇਚਣ ਤੋਂ ਬਾਅਦ ਸਬਜ਼ੀ ਵਾਲਾ ਬਣਕੇ ਪਿੰਡ-ਪਿੰਡ ਫੇਰੀ ਲਾਈ। ਨਹਿਰਾਂ ਦੇ ਕੰਢਿਆਂ ਤੇ ਪਕੌੜੇ ਕੱਢ ਕੇ ਵੇਚਦਾ ਰਿਹਾ। ੧੯੪੩ ਵਿੱਚ ਉਹ ਕੁਝ ਸਮੇਂ ਲਈ ਇਕ ਸਕੂਲ ਵਿੱਚ ਚਪੜਾਸੀ ਜਾ ਲੱਗਾ। ਅੱਖਰ ਗਿਆਨ ਤੋਂ ਕੋਰਾ ਹੋਣ ਕਾਰਨ ਉਸਨੂੰ ਇਹ ਝੋਰਾ ਵੱਢ-ਵੱਢ ਕੇ ਖਾਂਦਾ ਰਿਹਾ ਕਿ ਮੈਂ ਕਿਸੇ ਕੰਮ ਜੋਗਾ ਨਹੀ ਹਾਂ। ਪ੍ਰਾਇਮਰੀ ਸਕੂਲ ਦੇ ਬੱਚਿਆਂ ਕੋਲੋਂ ਕਾਇਦਾ ਲੈ ਕੇ ਉਸਨੇ ਊੜਾ ਐੜਾ ਸਿੱਖਣਾ ਸ਼ੁਰੂ ਕਰ ਲਿਆ। ਧਰਤੀ ਮਾਤਾ ਤੋਂ ਕਾਗਜ਼ ਦਾ ਕੰਮ ਲਿਆ ਅਤੇ ਉਂਗਲਾਂ ਨੂੰ ਕਲਮ ਬਣਾ ਕੇ ਉਸ ਨੇ ਜਿਹੜੀ ਪਹਿਲੀ ਕਵਿਤਾ ਲਿਖੀ ਉਸਦੇ ਬੋਲ ਤੁਹਾਡੇ ਲਈ ਦਿਲਚਸਪੀ ਅਤੇ ਵਿਸ਼ਲੇਸ਼ਣ ਅਧਾਰ ਬਣ ਸਕਦੇ ਹਨ :

ਗਰੀਬੀ ਗਰੀਬਾਂ ਦੇ ਘਰ ਦੀ ਹੈ ਨਾਰੀ।
ਹੈ ਇਹ ਗਰੀਬਾਂ ਦੀ ਡਾਢੀ ਪਿਆਰੀ।

੧੯੫੨ ਵਿੱਚ ਉਹ ਲੁਧਿਆਣੇ ਆ ਗਿਆ ਅਤੇ ਇਥੇ ਕਦੇ ਉਹ ਘੁੱਡ ਮੁਹੱਲਾ ਵਿੱਚ ਰਿਹਾ, ਕਦੇ ਧੂਰੀ ਲਾਈਨ ਨੇੜੇ, ਕਦੇ ਛਾਵਣੀ ਮੁਹੱਲਾ ਇਸਲਾਮਗੰਜ ਵਿੱਚ। ੧੯੬੨ ਵਿੱਚ ਉਸਨੇ ਲੁਧਿਆਣਾ ਸ਼ਹਿਰ ਤੋਂ ਬਾਹਰ ਪਿੰਡ ਕਾਸਾਬਾਦ ਵਿੱਚ ਆਪਣਾ ਨਿੱਕਾ ਜਿਹਾ ਘਰ ਉਸਾਰਨ ਲਈ ੧੦੦ ਗਜ਼ ਦਾ ਪਲਾਟ ਲੈ ਲਿਆ ਜਿਸ ਵਿੱਚ ਇੱਕ ਕਮਰਾ ਬਣਾ ਕੇ ਦੇਣ ਲਈ ਪੰਜਾਬੀ ਕਵਿਤਰੀ ਸੁਰਜੀਤ ਕੌਰ ਨੂਰ (ਉਸਤਾਦ ਸੰਗੀਤਕਾਰ ਜਸਵੰਤ ਭੰਵਰਾ ਦੀ ਧਰਮ-ਪਤਨੀ), ਹਰਦਿਆਲ ਸਿੰਘ ਸਿੱਧੂ (ਪੀ.ਸੀ.ਐਸ.) ਅਤੇ ਕੁਝ ਹੋਰ ਸ਼ੁਭ-ਚਿੰਤਕਾਂ ਨੇ ਮਦਦ ਕੀਤੀ। ਉਸ ਦੀ ਜੀਵਨ ਸਾਥਣ ਵੀਰਾਂ ਦੇਵੀ ਉਸਦੇ ਮੋਢੇ ਨਾਲ ਮੋਢਾ ਮਿਲਾ ਕੇ ੧੫ ਜਨਵਰੀ ੧੯੯੩ ਤੀਕ ਤੁਰਦੀ ਰਹੀ, ਪਰ ਗਰੀਬੀ ਦੇ ਪੁੜਾਂ ਵਿੱਚ ਬਚਪਨ ਤੋਂ ਹੀ ਨਪੀੜੇ ਗਏ ਠਾਕੁਰ ਨੂੰ ਅਲਵਿਦਾ ਕਹਿ ਗਈ। ਆਪਣੀਆ ਛੇ ਬੇਟੀਆਂ ਨੂੰ ਪਾਲਦਾ-ਪਾਲਦਾ ਠਾਕੁਰ ਕਦੇ ਵੀ ਮੁਸੀਬਤਾਂ ਅੱਗੇ ਰੋਇਆ ਨਹੀਂ ਸਗੋਂ ਹਰ ਪਲ ਹੱਸਦਾ ਖੇਡਦਾ ਅਤੇ ਜੀਵਨ ਖੁਸ਼ੀਆਂ ਵੰਡਦਾ ਫਿਰਦਾ ਇਹੀ ਆਖਦਾ ਰਿਹਾ-

ਜੋ ਨਾਰੀ ਨੂੰ ਜੁੱਤੀ ਆਖਣ,
ਫਿਟੇ ਮੂੰਹ ਬਈਮਾਨਾਂ ਦੇ।
ਇਸ ਨਾਰੀ ਨੇ ਨੱਕ ਮੂੰਹ ਪੂੰਝੇ,
ਰਿਸ਼ੀਆਂ ਤੇ ਭਗਵਾਨਾਂ ਦੇ।

ਪ੍ਰੀਤਮ ਦਾਸ ਠਾਕੁਰ ਦੀ ਕਵਿਤਾ ਨੂੰ ਪੜ੍ਹਦਿਆਂ ਹਮੇਸ਼ਾਂ ਇਹੀ ਖਿਆਲ ਆਉਂਦਾ ਹੈ ਕਿ ਜਿਹੜੇ ਵਿਸ਼ਿਆਂ ਨੂੰ ਅਸੀਂ ਨਿਗੂਣੇ ਸਮਝ ਕੇ ਅੱਖੋਂ ਪਰੋਖੇ ਕਰ ਦਿੰਦੇ ਹਾਂ, ਉਹਨਾਂ ਵਿਸ਼ਿਆਂ ਨੂੰ ਉਹ ਬਾਖੂਬੀ ਨਿਭਾਉਂਦਾ ਹੈ। ਉਸ ਨੂੰ ਵਿਸ਼ਵ ਅਮਨ ਭਰਾਤਰੀ ਭਾਵ, ਦੇਸ਼ ਭਗਤੀ, ਪੰਜਾਬੀ ਭਾਸ਼ਾ, ਵਿਕਾਸ ਦੇ ਥੰਮ੍ਹ ਉਸਰਨ ਦੀ ਖੁਸ਼ੀ ਤੋਂ ਇਲਾਵਾ ਫ਼ਿਰਕਾਪ੍ਰਸਤੀ ਬੇਚੈਨ ਕਰਦੀਆਂ ਹਨ। ਉਹ ਕਵਿਤਾ ਨੂੰ ਸਿਰਫ ਸਵੈ ਪ੍ਰਗਟਾਵਾ ਨਹੀਂ ਸਮਝਦਾ ਸਗੋਂ ਇਸਨੂੰ ਹਥਿਆਰ ਸਮਝ ਕੇ ਤੁਰਦਾ ਹੈ। ਇਸੇ ਕਰਕੇ ਉਹ ਉਸ ਗੱਲ ਬਾਰੇ ਸਪਸ਼ਟ ਹੈ-

ਇਸ ਦੇਸ਼ ਦੀ ਵਿਗੜੀ ਕਿਸਮਤ ਨੂੰ,
ਹੁਨਰਾਂ ਦੇ ਨਾਲ ਸੰਵਾਰਾਂਗਾ।
ਅਰਸ਼ਾਂ ਦੇ ਭੇਦ ਨੂੰ ਖੋਲ੍ਹਣ ਲਈ,
ਮੈਂ ਆਖਾਂਗਾ ਵਿਗਿਆਨੀ ਨੂੰ।

ਦੇਸ਼ ਦੇ ਵਿਕਾਸ ਲਈ ਉਸ ਕੋਲ ਅਨੇਕਾਂ ਮਾਡਲ ਹਨ ਜੋ ਸਾਡੇ ਅਰਥ ਸ਼ਾਸਤਰੀਆਂ ਲਈ ਐਵੇਂ ਮਜ਼ਾਕ ਦਾ ਸਬੱਬ ਬਣ ਸਕਦੇ ਹਨ, ਪਰ ਇਹ ਗੱਲ ਵੀ ਸੁੱਟਣਯੋਗ ਨਹੀਂ ਕਿ ਉਸਦੇ ਸੁਪਨੇ ਅਧੂਰੇ ਹਨ। ਜਦੋਂ ਉਹ ਵਿਸ਼ਵ ਪਾਰਲੀਮੈਂਟ ਉਸਾਰਨ ਦੀ ਗੱਲ ਕਰਦਾ ਹੈ ਤਾਂ ਮੈਨੂੰ ਚੰਗਾ ਲੱਗਦਾ ਹੈ, ਕਿਉਂਕਿ ਇਸ ਨਾਲ ਹਥਿਆਰਾਂ ਅਤੇ ਬਾਰੂਦ ਉਪਰ ਲੱਗਣ ਵਾਲਾ ਸਰਮਾਇਆ ਵਿਕਾਸ ਦੇ ਰਾਹ ਤੇ ਤੋਰਨ ਲਈ ਸਹਾਈ ਹੋ ਸਕਦਾ ਹੈ। ਉਸਨੂੰ ਐਵੇਂ ਨਾ ਸਮਝੋ, ਉਸਦੀ ਰਮਜ਼ ਨੂੰ ਜਾਣੋ।

ਪ੍ਰੀਤਮ ਦਾਸ ਠਾਕੁਰ ਵਿਸ਼ਵ ਧਰਮ ਦਾ ਅਨੁਯਾਈ ਹੈ। ਉਹ ਗੁਰੂ ਨਾਨਕ ਦੇ ਸਿਧਾਂਤ ਨੂੰ ਵੀ ਓਨਾ ਹੀ ਸਤਿਕਾਰਦਾ ਹੈ ਜਿੰਨਾ ਕਿਸੇ ਹੋਰ ਧਰਮ ਦੇ ਬਾਨੀ ਨੂੰ। ਸ਼ਾਇਦ ਇਸੇ ਕਰਕੇ ਉਸਦਾ ਵਰਗ ਵਿਸ਼ਾਲ ਹੈ। ਉਸਦੀਆਂ ਰਚਨਾਵਾਂ ਵਿੱਚ ਔਰਤਾਂ ਸਾਧਾਰਨ ਨਹੀਂ ਹਨ ਸਗੋਂ ਉਹ ਵਿਦਿਆ, ਕਲਾ, ਵਿਕਾਸ ਅਤੇ ਰਣਭੂਮੀ ਦੇ ਖੇਤਰ ਵਿੱਚ ਵਿਚਰਨ ਵਾਲੀਆਂ ਸ਼ੇਰਨੀਆਂ ਹਨ। ਉਹ ਔਰਤਾਂ ਦੇ ਵਿਕਾਸ ਲਈ ਅਨੇਕਾਂ ਸੁਪਨੇ ਸਿਰਜਦਾ ਹੈ। ਸ਼ਾਇਦ ਇਸੇ ਕਰਕੇ ਉਹ ਆਖਦਾ ਹੈ :

ਕੀ ਇਹਦੇ ਦੋ ਹੱਥ ਨਹੀਂ ਹਨ ?
ਕੀ ਇਹਦੇ ਦੋ ਪੈਰ ਨਹੀਂ ਹਨ ?
ਮਰਦਾਂ ਵਾਂਗੂ ਇਹਦੇ ਦਿਲ ਵਿੱਚ,
ਸਾਗਰ ਵਾਲੀ ਲਹਿਰ ਨਹੀਂ ਹੈ।
ਕੌਣ ਨਦੀ ਹੈ ਦੁਨੀਆਂ ਅੰਦਰ,
ਜੀਹਨੂੰ ਔਰਤ ਤਰ ਨਹੀਂ ਸਕਦੀ।
ਆਪਣੇ ਦੇਸ਼ ਅਤੇ ਕੌਮ ਦੀ ਖਾਤਰ
ਨਾਰੀ ਕੀ ਕੁਝ ਕਰ ਨਹੀਂ ਸਕਦੀ।

ਪ੍ਰੀਤਮ ਦਾਸ ਠਾਕੁਰ ਦੀਆਂ ਰਚਨਾਵਾਂ ਵਿੱਚ ਵਿਅੰਗ ਵੀ ਹੈ ਅਤੇ ਹਾਸਰਸ ਵੀ। ਸਰੋਤਿਆਂ ਲਈ ਉਹ ਕੇਵਲ ਹਾਸਰਸ ਕਵੀ ਹੈ। ਉਸਦੀ ਹਾਸ ਵਿਅੰਗ ਪੁਸਤਕ 'ਹਾਸੇ ਦਾ ਘੋਟਣਾ' ਉਸਦੀ ਪਛਾਣ ਦਾ ਚਿੰਨ੍ਹ ਬਣ ਗਿਆ ਹੈ। ਪਰ ਏਨੇ ਕੁ ਹਿੱਸੇ ਨੂੰ ਪ੍ਰੀਤਮ ਦਾਸ ਠਾਕੁਰ ਨਹੀਂ ਆਖਦੇ। ਉਸ ਦੀਆਂ ਰਚਨਾਵਾਂ 'ਸੰਕਟ ਕਾਲ 'ਚ ਕਵੀ ਪੁਕਾਰੇ' ਅਤੇ 'ਨੌ ਖੰਡ' ਵਿੱਚ ਸ਼ਾਮਲ ਰਚਨਾਵਾਂ ਪੜ੍ਹ ਕੇ ਅੱਖਾਂ ਖੁੱਲ੍ਹਦੀਆਂ ਹਨ ਕਿ ਉਹ ਇਸ ਤੋਂ ਵੱਖਰਾ ਵੀ ਸਿਰਜਦਾ ਹੈ।

*ਸੀਨੀਅਰ ਮੀਤ ਪ੍ਰਧਾਨ*
*ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ*



Namdhari Elibrary NamdhariElibrary@gmail.com

# ਨਾਮਧਾਰੀ ਦਰਬਾਰ ਦੇ ਜਨਰਲ ਹਾਊਸ ਦੇ ਸ੍ਰੀ ਭੈਣੀ ਸਾਹਿਬ ਵਿੱਚ ਭਰਵੇਂ ਸਮਾਗਮ ਸਮੇਂ ਮਿਤੀ ੧੭ ਅਕਤੂਬਰ ੨੦੦੨ ਨੂੰ ਸਰਬ ਸੰਮਤੀ ਨਾਲ ਪਰਵਾਨ ਹੋਏ ਮਤੇ

੧. ਨਾਮਧਾਰੀ ਦਰਬਾਰ ਇਸ ਗੱਲ ਤੇ ਭਰਪੂਰ ਖੁਸ਼ੀ ਅਤੇ ਤਸੱਲੀ ਅਨੁਭਵ ਕਰਦਾ ਹੈ ਕਿ ਦੇਸ਼ ਦੇ ਆਜ਼ਾਦੀ ਸੰਗ੍ਰਾਮ ਦੀ ਮੋਢੀ ਪਾਰਟੀ ਅਤੇ ਸਮੁੱਚੇ ਭਾਰਤ ਵਿੱਚ ਵਿਆਪਕ ਤੌਰ ਤੇ ਸਥਾਪਤ ਪ੍ਰਮੁੱਖ ਰਾਜਸੀ ਸੰਗਠਨ ਇੰਡੀਅਨ ਨੈਸ਼ਨਲ ਕਾਂਗਰਸ ਦੀ ਪ੍ਰਧਾਨ ਸਤਿਕਾਰਯੋਗ ਸ੍ਰੀਮਤੀ ਸੋਨੀਆ ਗਾਂਧੀ ਜੀ ਨੇ ਪੰਜਾਬ ਕਾਂਗਰਸ ਦੇ ਵਕਾਰੀ ਅਹੁਦੇ ਉੱਤੇ ਸਰਬ ਪਰਵਾਨਿਤ ਸ਼ਖਸੀਅਤ ਨਾਮਧਾਰੀ ਦਰਬਾਰ ਦੇ ਸਤਿਕਾਰਤ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਸਾਬਕਾ ਮੈਂਬਰ ਪਾਰਲੀਮੈਂਟ ਨੂੰ ਸੁਸ਼ੋਭਿਤ ਕੀਤਾ ਹੈ।

ਨਾਮਧਾਰੀ ਦਰਬਾਰ ਇਹ ਸਮਝਦਾ ਹੈ ਕਿ ਇਹ ਸ਼ੁਭ ਕਾਰਜ ਪਰਮਪੂਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਆਸ਼ੀਰਵਾਦ ਨਾਲ ਹੀ ਹੋਇਆ ਹੈ।

ਨਾਮਧਾਰੀ ਜਗਤ ਦਾ ਕਾਂਗਰਸ ਲਹਿਰ ਅਤੇ ਪਾਰਟੀ ਨਾਲ ਪੁਰਾਣਾ ਇਤਿਹਾਸਕ ਰਿਸ਼ਤਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੇਸ਼ ਦੀ ਆਜ਼ਾਦੀ ਵਾਸਤੇ ਸੰਘਰਸ਼ ਦੀਆਂ ਜੋ ਲੀਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਾਈਆਂ ਉਹਨਾਂ ਤੇ ਚਲ ਕੇ ਹੀ ਕਾਂਗਰਸ ਨੇ ਆਜ਼ਾਦੀ ਦਾ ਸੁਪਨਾ ਸਾਕਾਰ ਕੀਤਾ।

ਇਸ ਮੌਕੇ ਤੇ ਨਾਮਧਾਰੀ ਦਰਬਾਰ ਆਪਣੇ ਪੁਰਖਿਆਂ ਦੀਆਂ ਉਹਨਾਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਦਾ ਹੈ ਜਿਨ੍ਹਾਂ ਤੋਪਾਂ ਦੇ ਗੋਲੇ ਆਪਣੀਆਂ ਛਾਤੀਆਂ ਤੇ ਝੱਲੇ, ਜਿਨ੍ਹਾਂ ਫਾਂਸੀਆਂ ਦੇ ਰੱਸੇ ਚੁੰਮ ਕੇ ਆਪ ਗਲਾਂ ਵਿੱਚ ਪਵਾਏ, ਦੇਸ਼ ਵਿਦੇਸ਼ ਦੀਆਂ ਜਿਹਲਾਂ ਦੇ ਤਸੀਹੇ ਝੱਲੇ ਅਤੇ ਸ਼ਹੀਦੀਆਂ ਪਾਈਆਂ, ਜਿਨ੍ਹਾਂ ਕੁਰਕੀਆਂ ਨਜ਼ਰਬੰਦੀਆਂ ਜਿਹੇ ਜਬਰ ਖਿੜੇ ਮੱਥੇ ਝੱਲੇ, ਪਰ ਆਪਣੇ ਮਾਰਗ ਤੋਂ ਥਿੜਕੇ ਨਹੀਂ।

ਅੱਜ ਸਮੁੱਚੇ ਨਾਮਧਾਰੀ ਸਮਾਜ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਮੁੜ ਮੁੜ ਯਾਦ ਆਉਂਦੀ ਹੈ ਜੋ ਆਪ ਪਰਮੁਖ ਸੇਵਕਾਂ ਨਾਲ ਦੇਸ਼ ਨਿਰਵਾਸਤ ਹੋਏ ਪਰ ਆਜ਼ਾਦੀ ਦੀ ਐਸੀ ਚਿਣਗ ਲਾ ਗਏ ਜੋ ਭਾਂਬੜ ਬਣ ਕੇ ਮੱਚੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਹਰੇਕ ਨਾਮਧਾਰੀ ਦੇ ਦਿਲ ਵਿੱਚ ਅਜੇ ਵੀ ਸੱਜਰੀ ਹੈ ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਯਾਚਨਾ ਵਾਸਤੇ ਲੱਖਾਂ ਪਾਠ ਵਰਨੀਆਂ ਅਤੇ ਅਰਦਾਸਾਂ ਹੁੰਦੀਆਂ ਹਨ। ਨਾਮਧਾਰੀ ਸਮਾਜ, ਧੀਰ ਵੀਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਘਾਲਣਾ ਅੱਗੇ ਵੀ ਨਤਮਸਤਕ ਹੈ ਜਿਨ੍ਹਾਂ ਦੀ ਅਗਵਾਈ ਵਿੱਚ ਨਾਮਧਾਰੀ ਸੂਰਮੇ ਮੱਧ ਏਸ਼ੀਆ ਰੂਸ ਅਤੇ ਇੰਗਲਸਤਾਨ ਤਕ ਵੀ ਪੁੱਜੇ।

ਜਦੋਂ ਕਾਂਗਰਸ ਪਾਰਟੀ ਨੇ ਆਜ਼ਾਦੀ ਨੂੰ ਆਪਣਾ ਲਕਸ਼ ਮਿੱਥ ਲਿਆ ਅਤੇ ਇਸ ਵਾਸਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਉਲੀਕੇ ਨਾ-ਮਿਲਵਰਤਣ ਅਤੇ ਅਹਿੰਸਾ ਦੇ ਮਾਰਗ ਨੂੰ ਅਪਣਾ ਲਿਆ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਰਗ ਦਰਸ਼ਨ ਵਿੱਚ ਨਾਮਧਾਰੀ ਸੰਗਤਾਂ ਨੇ ਕਾਂਗਰਸ ਨੂੰ ਭਰਪੂਰ ਸਮਰਥਨ ਅਤੇ ਅਗਵਾਈ ਬਖਸ਼ੀ।

ਭਾਰਤ ਦੀ ਸੰਪੂਰਨ ਆਜ਼ਾਦੀ ਨੂੰ ਆਪਣਾ ਅੰਤਮ ਟੀਚਾ ਮਿਥਣ ਦਾ ਮਤਾ ਪਾਸ ਕਰਨ ਵਾਲਾ ਸੰਨ ੧੯੨੯ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਵਿੱਚ ਹੋਇਆ ਲਾਹੌਰ ਦਾ ਇਤਿਹਾਸਕ ਸਮਾਗਮ ਨਾਮਧਾਰੀ ਸਿਖਾਂ ਦੀ ਮੇਜ਼ਬਾਨੀ ਵਿੱਚ ਹੋਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਪੂਜਯ ਮਾਤਾ ਜੀਵਨ ਕੌਰ ਦੀ ਦੇਖ-ਰੇਖ ਵਿੱਚ ਸਮਾਗਮ ਵਾਸਤੇ ਲੰਗਰ ਦਾ ਪਰਬੰਧ ਅਤੇ ਪ੍ਰਧਾਨ ਕਾਂਗਰਸ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਵਾਸਤੇ ਘੋੜ ਸਵਾਰ ਨਾਮਧਾਰੀ ਸਿੰਘਾਂ ਦੀ ਸ਼ਮੂਲੀਅਤ ਨੇ ਇਸ ਸਮਾਗਮ ਦੀ ਸ਼ਾਨ ਨੂੰ ਦੂਬਾਲਾ ਕੀਤਾ। ਲੁਧਿਆਣਾ ਵਿੱਚ ਸਟੇਟ ਪੀਪਲਜ਼ ਕਾਨਫਰੰਸ ਦੇ ਜਲੂਸ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਘੋੜ ਸਵਾਰ ਸਿੰਘਾਂ ਨਾਲ ਸ਼ਾਮਲ ਹੋਏ ਅਤੇ ਪੰਡਿਤ ਨਹਿਰੂ ਜੀ ਨੂੰ ਵੀ ਆਪਣੇ ਭੈਣੀ ਸਾਹਿਬ ਦੇ ਘੋੜੇ ਤੇ ਸਵਾਰ ਕਰਵਾਇਆ।

ਨਾਮਧਾਰੀ-ਕਾਂਗਰਸ ਸਹਿਯੋਗ ਦੀਆਂ ਅਨੇਕ ਮਿਸਾਲਾਂ ਹਨ। ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਮ ਅਤੇ ਹੋਰ ਪ੍ਰਮੁਖ ਨਾਮਧਾਰੀ ਆਗੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਅਨੁਸਾਰ ਆਲ ਇੰਡੀਆ ਕਾਂਗਰਸ ਦੇ ਮੈਂਬਰ ਰਹੇ ਅਤੇ ਇਸ ਦੇ ਸੈਸ਼ਨਾਂ ਵਿੱਚ ਸ਼ਾਮਲ ਹੁੰਦੇ ਰਹੇ।

ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਦੇ ਸੰਘਰਸ਼ ਵਿੱਚ ਅਤੇ ਬਾਦ ਵਿੱਚ ਦੇਸ਼ ਦੀ ਪੁਨਰ-ਉਸਾਰੀ ਅਤੇ ਵਿਕਾਸ ਦੇ ਦੌਰ



Namdhari Elibrary NamdhariElibrary@gmail.com

ਵਿੱਚ ਨਾਮਧਾਰੀ ਸਦਾ ਕਾਂਗਰਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਬੇਗਰਜ਼ ਸਹਿਯੋਗ ਦਿੰਦੇ ਰਹੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਖੁਦ ਆਪ ਕਾਂਗਰਸ ਦੇ ਮਟੌਰ ਸੈਸ਼ਨ ਵਿੱਚ ਸ਼ਾਮਲ ਹੋਏ। ਸ੍ਰੀਮਤੀ ਇੰਦਰਾ ਗਾਂਧੀ ਵਲੋਂ ਲੜੀ ਗਈ ਚਿਕਮੰਗਲੂਰ ਦੀ ਇਤਿਹਾਸਕ ਚੋਣ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਵਿਸ਼ੇਸ਼ ਦੂਤ ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੂੰ ਹੋਰ ਸਾਥੀਆਂ ਨਾਲ ਭੇਜਿਆ।

ਕਾਂਗਰਸ ਦੇ ਵੱਡੇ ਵੱਡੇ ਨੇਤਾ, ਪੰਡਿਤ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਨੇਤਾ ਜੀ ਸੁਭਾਸ਼ ਚੰਦਰ ਬੋਸ, ਸ੍ਰੀ ਪਟਾਭੀ ਸੀਤਾ ਰਮਈਆ, ਸ੍ਰੀਮਤੀ ਇੰਦਰਾ ਗਾਂਧੀ, ਸ੍ਰੀ ਰਾਜੀਵ ਗਾਂਧੀ ਸਦਾ ਹੀ ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਨਾਮਧਾਰੀ ਸਮਾਜ ਦੇ ਸ਼ੁਕਰਗੁਜ਼ਾਰ ਰਹੇ। ਕਾਂਗਰਸ ਦੀ ਵਰਤਮਾਨ ਕੌਮੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਜਿਨ੍ਹਾਂ ਨੇ ਅਣਥੱਕ ਮਿਹਨਤ ਅਤੇ ਦੂਰਦਰਸ਼ਤਾ ਨਾਲ ਕਾਂਗਰਸ ਵਿੱਚ ਨਵੀਂ ਜਾਨ ਪਾ ਕੇ ਇਸ ਨੂੰ ਸਾਰੇ ਭਾਰਤ ਵਿੱਚ ਪ੍ਰਮੁੱਖ ਸ਼ਕਤੀ ਬਣਾ ਦਿਤਾ ਹੈ ਨੇ ਨਾਮਧਾਰੀ-ਕਾਂਗਰਸ ਮਿਤਰਤਾ ਅਤੇ ਸਹਿਯੋਗ ਦੀ ਪੁਰਾਣੀ ਰਵਾਇਤ ਨੂੰ ਪਛਾਣਦੇ ਹੋਏ ਭਾਰੀ ਸੂਝ ਬੂਝ ਦਾ ਪ੍ਰਦਰਸ਼ਨ ਕਰਦੇ ਹੋਏ ਇਸ ਅਹਿਮ ਸਮੇਂ ਵਿੱਚ ਪੰਜਾਬ ਕਾਂਗਰਸ ਦਾ ਤਾਜ ਸ. ਹਰਵਿੰਦਰ ਸਿੰਘ ਹੰਸਪਾਲ ਦੇ ਸਿਰ ਤੇ ਰੱਖ ਕੇ ਨਾਮਧਾਰੀਆਂ ਦੇ ਸੰਘਰਸ਼ ਅਤੇ ਕਾਂਗਰਸ ਨੂੰ ਦਿਤੇ ਸਮਰਥਨ ਦੀ ਸਵੀਕ੍ਰਿਤੀ ਅਤੇ ਪਛਾਣ ਉਤੇ ਮੋਹਰ ਲਾਈ ਹੈ। ਇਸ ਸਾਰੇ ਕਾਰਜ ਵਿਚ ਪੰਜਾਬ ਦੇ ਵਰਤਮਾਨ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਹੋਰਾਂ ਦਾ ਜ਼ੋਰਦਾਰ ਸ਼ਬਦਾਂ ਵਿੱਚ ਧੰਨਵਾਦ ਹੈ ਜਿਨ੍ਹਾਂ ਅਪਾਰ ਸੂਝ ਬੂਝ ਅਤੇ ਦੂਰ ਅੰਦੇਸ਼ੀ ਨਾਲ ਸ. ਹੰਸਪਾਲ ਜੀ ਨੂੰ ਇਸ ਅਹੁਦੇ ਵਾਸਤੇ ਭਰਪੂਰ ਸਹਿਯੋਗ ਦੇ ਕੇ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਵਾਇਆ ਹੈ।

ਕੈਪਟਨ ਅਮਰਿੰਦਰ ਸਿੰਘ ਹੋਰਾਂ ਇਤਿਹਾਸ ਦੇ ਅਹਿਮ ਮੋੜ ਉਤੇ ਪੰਜਾਬ ਕਾਂਗਰਸ ਦੀ ਵਾਗਡੋਰ ਸੰਭਾਲ ਕੇ ਇਸ ਨੂੰ ਰਾਜ ਸੱਤਾ ਦੇ ਸਿੰਘਾਸਨ ਤੇ ਬਿਠਾਇਆ। ਆਪ ਪੰਜਾਬ ਦੇ ਮੁਖ ਮੰਤਰੀ ਬਨਣ ਉਤੇ ਪੰਜਾਬ ਕਾਂਗਰਸ ਦੇ ਅਹੁਦੇ ਦਾ ਤਿਆਗ ਕਰਕੇ ਪੰਜਾਬ ਕਾਂਗਰਸ ਅਤੇ ਸਰਕਾਰ ਦੇ ਕੰਮਾਂ ਨੂੰ ਨਾਲੋਂ ਨਾਲ ਸੁਚਾਰੂ ਰੂਪ ਵਿੱਚ ਸਫਲ ਕਰਨ ਵਾਸਤੇ ਸਰਦਾਰ ਹੰਸਪਾਲ ਜੀ ਨੂੰ ਕਾਂਗਰਸ ਪ੍ਰਧਾਨ ਦੀ ਵਾਗਡੋਰ ਸੰਭਾਲਣ ਵਾਸਤੇ ਸਿਫਾਰਸ਼ ਕੀਤੀ।

ਪੰਜਾਬ ਨੂੰ ਭ੍ਰਿਸ਼ਟਾਚਾਰ ਰਹਿਤ ਸੂਬਾ ਬਣਾਉਣ ਵਾਸਤੇ ਸਫਲ ਮੁਹਿਮ ਵਿੱਢ ਕੇ ਅਤੇ ਪੰਜਾਬ ਕਿਸਾਨਾਂ ਦੇ ਹਿਤਾਂ ਦੇ ਮਾਮਲਿਆਂ ਨੂੰ ਕੇਂਦਰੀ ਸਰਕਾਰ ਅਤੇ ਦੇਸ਼ ਦੇ ਲੋਕਾਂ ਸਾਹਮਣੇ ਰੱਖ ਕੇ ਸ਼ਲਾਘਾ ਯੋਗ ਕੰਮ ਕੀਤਾ ਹੈ। ਸ. ਅਮਰਿੰਦਰ ਸਿੰਘ—ਸ. ਹਰਵਿੰਦਰ ਸਿੰਘ ਜੋੜੀ ਤੋਂ ਪੰਜਾਬ ਦੇ ਲੋਕਾਂ ਨੂੰ ਬਹੁਤ ਆਸਾਂ ਹਨ। ਇਹਨਾਂ ਦੀ ਸਮਝਦਾਰੀ ਅਤੇ ਮਿਲਵਰਤਣ ਪੰਜਾਬ ਦੇ ਭਵਿਖ ਵਾਸਤੇ ਬਹੁਤ ਲਾਭਦਾਇਕ ਹੋਵੇਗੀ।

ਨਾਮਧਾਰੀ ਦਰਬਾਰ ਸ. ਅਮਰਿੰਦਰ ਸਿੰਘ—ਹਰਵਿੰਦਰ ਸਿੰਘ ਹੋਰਾਂ ਨੂੰ ਵਧਾਈ ਵੀ ਦਿੰਦਾ ਹੈ ਅਤੇ ਇਹਨਾਂ ਵਲੋਂ ਵਿਢੇ ਕਾਰਜਾਂ ਦੀ ਸਫਲਤਾ ਲਈ ਅਰਦਾਸ ਵੀ ਕਰਦਾ ਹੈ।

੨. ਨਾਮਧਾਰੀ ਦਰਬਾਰ ਕੇਂਦਰੀ ਸਰਕਾਰ ਅਤੇ ਪੰਜਾਬ ਸਰਕਾਰ ਦਾ ਇਸ ਗੱਲੋਂ ਤਾਂ ਧੰਨਵਾਦ ਕਰਦਾ ਹੈ ਕਿ ਇਸਨੇ ਪਬਲਿਕ ਥਾਵਾਂ ਤੇ ਸਿਗਰਟ ਤੰਬਾਕੂ ਸੇਵਨ ਤੇ ਪਾਬੰਦੀ ਲਾਈ ਹੈ, ਪਰ ਨਾਲ ਹੀ ਧਿਆਨ ਦਿਵਾਉਂਦਾ ਹੈ ਕਿ ਇਸ ਨੂੰ ਸਫਲਤਾ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਇਸ ਨਸ਼ੇ ਦੇ ਸੇਵਨ ਨਾਲ ਪਬਲਿਕ ਦੀ ਸਿਹਤ ਤੇ ਪੈਂਦੇ ਮਾੜੇ ਅਸਰ ਨੂੰ ਸਫਲਤਾ ਨਾਲ ਰੋਕਿਆ ਜਾ ਸਕੇ।

*—ਜਾਰੀ ਕਰਤਾ*
*ਜਗਦੀਸ਼ ਸਿੰਘ*
*ਜਨਰਲ ਸਕੱਤਰ ਨਾਮਧਾਰੀ ਦਰਬਾਰ*

## ਸ੍ਰੀ ਭੈਣੀ ਸਾਹਿਬ ਵਿਚ ਅੱਖਾਂ ਦਾ ਫ੍ਰੀ ਕੈਂਪ

ਸੁਆਮੀ ਸਤਿਆਨੰਦ ਹਸਪਤਾਲ ਜਲੰਧਰ ਦੇ ਮੁੱਖ ਆਈ ਸਰਜਨ ਡਾਕਟਰ ਜਗਦੀਪ ਸਿੰਘ ਐਮ.ਐਸ. ਦੀ ਨਿਗਰਾਨੀ ਅਧੀਨ ਅੱਖਾਂ ਦੇ ਮੁਆਇਨੇ ਅਤੇ ਆਪ੍ਰੇਸ਼ਨ ਵਾਸਤੇ ਦੋ ਦਿਨਾਂ ਕੈਂਪ ਮਿਤੀ ੧੨-੧੩ ਅਕਤੂਬਰ ਸਨਿਚਰ-ਐਤਵਾਰ ਨੂੰ ਸ੍ਰੀ ਭੈਣੀ ਸਾਹਿਬ (ਲੁਧਿਆਣਾ ਸਮਰਾਲਾ ਰੋਡ) ਦੇ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਦੇ ਵਿਸ਼ਾਲ ਹਾਲ ਵਿਚ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਲਾਇਆ ਗਿਆ। ਇਸ ਕੈਂਪ ਵਿਚ ਅੱਖਾਂ ਦਾ ਮੁਆਇਨਾ, ਆਪ੍ਰੇਸ਼ਨ, ਦਵਾਈਆਂ ਐਨਕਾਂ ਲੈਨਜ਼, ਰਹਾਇਸ਼ ਅਤੇ ਲੰਗਰ ਦਾ ਮੁਫ਼ਤ ਪ੍ਰਬੰਧ ਸੀ। ਭਾਰੀ ਗਿਣਤੀ ਵਿਚ ਲੋਕਾਂ ਨੇ ਇਸ ਕੈਂਪ ਵਿਚ ਹਿੱਸਾ ਲਿਆ। ਡਾਕਟਰ ਜਗਦੀਪ ਸਿੰਘ ਹੋਰਾਂ ਕੁਝ ਆਪ੍ਰੇਸ਼ਨ ਜਲੰਧਰ ਹਸਪਤਾਲ ਵਿਚ ਵੀ ਕੀਤੇ।



Namdhari Elibrary NamdhariElibrary@gmail.com

## ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦਾ ਜ਼ੋਨਲ ਸੰਮੇਲਨ

ਲੁਧਿਆਣਾ—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਪਿਛਲੇ ਦਿਨੀਂ ਨਾਮਧਾਰੀ ਵਿਦਿਅਕ ਜਥਾ ਅਤੇ ਨਾਮਧਾਰੀ ਇਸਤਰੀ ਵਿਦਿਅਕ ਜਥਾ ਲੁਧਿਆਣਾ ਵਲੋਂ ਜ਼ੋਨ ਸ੍ਰੀ ਭੈਣੀ ਸਾਹਿਬ ਦਾ "ਜ਼ੋਨਲ ਵਿਦਿਅਕ ਸੰਮੇਲਨ" ਨਾਮਧਾਰੀ ਸ਼ਹੀਦੀ ਸਮਾਰਕ ਜੇਲ੍ਹ ਰੋਡ ਲੁਧਿਆਣਾ ਵਿਖੇ ਕੀਤਾ ਗਿਆ ਜਿਸ ਵਿੱਚ ਲੁਧਿਆਣਾ, ਸਿਆੜ, ਪੁਰਬਾ ਅਤੇ ਸ੍ਰੀ ਭੈਣੀ ਸਾਹਿਬ ਦੇ ਜਥਿਆਂ ਤੋਂ ਇਲਾਵਾ ਸਸਰਾਲੀ, ਬੁਥਗੜ੍ਹ, ਪਾਇਲ ਆਦਿ ਲਾਗਲੇ ਪਿੰਡਾਂ ਦੇ ਬੱਚਿਆਂ ਨੇ ਭਾਰੀ ਗਿਣਤੀ ਵਿੱਚ ਹਿੱਸਾ ਲਿਆ।

ਸੰਮੇਲਨ ਦੀ ਸ਼ੁਰੂਆਤ ਬੀਬੀ ਕਵਲਜੀਤ ਕੌਰ ਨੇ ਰਾਗ ਟੋਡੀ ਵਿੱਚ ਸ਼ਬਦ ਪੜ੍ਹਕੇ ਕੀਤੀ। ਤਬਲੇ ਤੇ ਸਾਥ ਕਾਕਾ ਸ਼ਾਮ ਸਿੰਘ ਸ੍ਰੀ ਭੈਣੀ ਸਾਹਿਬ ਨੇ ਦਿੱਤਾ। ਪ੍ਰਧਾਨ ਅਵਤਾਰ ਸਿੰਘ ਅਤੇ ਜ. ਸਕੱਤਰ ਬਲਵੀਰ ਸਿੰਘ ਨੇ ਆਏ ਪਤਵੰਤੇ ਸੱਜਣਾ ਨੂੰ ਜੀ ਆਇਆਂ ਆਖਿਆ।

ਸੂਬਾ ਬਲਵਿੰਦਰ ਸਿੰਘ ਹੁਰਾਂ ਅੱਜ ਦੇ ਇਸ ਯੁੱਗ ਵਿੱਚ ਸਾਰੇ ਬੱਚਿਆਂ ਨੂੰ ਨਾਮਧਾਰੀ ਮਰਿਯਾਦਾ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਨ ਲਈ ਪ੍ਰੇਰਿਆ। ਉਹਨਾਂ ਭਾਸ਼ਣ ਪ੍ਰਤੀਯੋਗਤਾ ਵਿੱਚ ਹਿੱਸਾ ਲੈ ਰਹੇ ਬੱਚਿਆਂ ਨੂੰ ਭਾਸ਼ਣ ਦੇਣ ਬਾਰੇ ਵਿਸਥਾਰ ਨਾਲ ਜਾਣਕਾਰੀ ਵੀ ਦਿੱਤੀ। ਬੀਬੀ ਸੁਖਜੀਤ ਕੌਰ ਨੇ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਸ ਤਰ੍ਹਾਂ ਨੌਜੁਆਨਾਂ ਤੇ ਕ੍ਰਿਪਾ ਕਰ ਸੰਮੇਲਨ ਸ਼ੁਰੂ ਕੀਤੇ ਹਨ ਉਸੇ ਤਰ੍ਹਾਂ ਬੀਬੀਆਂ ਉਤੇ ਵੀ ਬਹੁਤ ਕ੍ਰਿਪਾ ਕੀਤੀ ਹੈ, ਜਿਸ ਸਦਕਾ ਬੀਬੀਆਂ ਦਾ ੨੨ਵਾਂ ਸੰਮੇਲਨ ਸ੍ਰੀ ਭੈਣੀ ਸਾਹਿਬ ਵਿਖੇ ਹੋਣ ਜਾ ਰਿਹਾ ਹੈ।

ਸੰਤ ਨਵਤੇਜ ਸਿੰਘ ਨੇ ਵਾਰਸ਼ਿਕ ਸੰਮੇਲਨ ਬਾਰੇ ਬੋਲਦਿਆਂ ਕਿਹਾ ਕਿ ਇਸ ਵਾਰ ਦੇ ਵਾਰਸ਼ਿਕ ਸੰਮੇਲਨ ਵਿੱਚ ਬੱਚਿਆਂ ਨੂੰ ਪ੍ਰਤੀਯੋਗਤਾਵਾਂ ਘੱਟ ਅਤੇ ਸਿਖਲਾਈ ਜ਼ਿਆਦਾ ਦਿੱਤੀ ਜਾਵੇਗੀ।

ਸੰਤ ਦਲੀਪ ਸਿੰਘ ਅਤੇ ਸੰਤ ਅਜੀਤ ਸਿੰਘ ਨਾਮਧਾਰੀ ਨੇ ਕਿਹਾ ਕਿ ਸ੍ਰੀ ਸਤਿਗੁਰੂ ਜੀ ਨੇ ਵਿਦਿਅਕ ਜਥੇ ਦੇ ਬੱਚਿਆਂ ਨੂੰ ਹਮੇਸ਼ਾ ਹੀ ਬਹੁਤ ਪਿਆਰ ਦਿੱਤਾ ਹੈ। ਉਹਨਾਂ ਆਪਣੇ ਸਮੇਂ ਹੋਏ ਸੰਮੇਲਨਾਂ ਬਾਰੇ ਦਸਦਿਆਂ ਕਿਹਾ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਸੰਮੇਲਨ ਦਾ ਕਾਫੀ ਸਮਾਂ ਬੱਚਿਆਂ ਤੇ ਕ੍ਰਿਪਾ ਕਰਿਆ ਕਰਦੇ ਸਨ। ਸੂਬਾ ਹਰਭਜਨ ਸਿੰਘ ਜੀ ਨੇ ਅੱਜ ਦੇ ਜ਼ੋਨਲ ਵਿਦਿਅਕ ਸੰਮੇਲਨ ਦੀ ਕਾਮਯਾਬੀ ਲਈ






Namdhari Elibrary NamdhariElibrary@gmail.com

ਕੇਂਦਰੀ ਅਤੇ ਲੁਧਿਆਣੇ ਦੇ ਜਥਿਆਂ ਨੂੰ ਵਧਾਈ ਦਿੱਤੀ। ਇਹਨਾਂ ਤੋਂ ਇਲਾਵਾ ਅੱਜ ਦੇ ਸੰਮੇਲਨ ਵਿੱਚ ਸੰਤ ਅਜੀਤ ਸਿੰਘ ਲਾਇਲ (ਸਕੱਤਰ ਨਾਮਧਾਰੀ ਦਰਬਾਰ), ਗਿਆਨੀ ਜੋਗਿੰਦਰ ਸਿੰਘ (ਪ੍ਰਧਾਨ ਨਾਮਧਾਰੀ ਸੰਗਤ), ਜਥੇ: ਦਰਸ਼ਨ ਸਿੰਘ, ਸੰਤ ਸੋਹਣ ਸਿੰਘ, ਬੀਬੀ ਅਮਰਜੀਤ ਕੌਰ (ਖਜ਼ਾਨਚੀ ਵਿ: ਕਾ: ਵਿ: ਜਥਾ) ਡਾ: ਅਵਤਾਰ ਸਿੰਘ, ਜਗਮੋਹਣ ਸਿੰਘ (ਬੈਂਕ ਆਫ ਬੜੌਦਾ), ਸੰਤ ਸੁਖਵਿੰਦਰ ਉਪ ਕੈਸ਼ੀਅਰ, ਸੰਤ ਧਿਆਨ ਸਿੰਘ (ਬੈਂਕ ਆਫ ਬੜੌਦਾ), ਪ੍ਰੋ: ਪ੍ਰੀਤਮ ਸਿੰਘ ਪੰਧੇਰ, ਪ੍ਰੋ: ਬਲਵਿੰਦਰ ਸਿੰਘ ਸੋਚ, ਮਾਸਟਰ ਗੁਰਦੇਵ ਸਿੰਘ ਸਿਆੜ, ਸੰਤ ਹਰਜੀਤ ਸਿੰਘ ਮੁਠੱਡਾ (ਕਨਵੀਨਰ ਜਲੰਧਰ ਜ਼ੋਨ), ਸੰਤ ਗੁਰਦੇਵ ਸਿੰਘ (ਪ੍ਰਧਾਨ ਨਾ: ਵਿ: ਜਥਾ ਸ੍ਰੀ ਭੈਣੀ ਸਾਹਿਬ), ਸੰਤ ਸੁਰਿੰਦਰ ਸਿੰਘ ਭਾਈ ਜੀ, ਸੰਤ ਹਰਚੰਦ ਸਿੰਘ ਆਦਿ ਨੇ ਸੰਮੇਲਨ ਵਿੱਚ ਆ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ। ਪ੍ਰਤੀਯੋਗਤਾ ਵਿੱਚ ਜੇਤੂ ਬੱਚੇ ਇਸ ਪ੍ਰਕਾਰ ਰਹੇ :-

**ਭਾਸ਼ਣ ਪ੍ਰਤੀਯੋਗਤਾ (ਜੂਨੀਅਰ)**—ਪਹਿਲਾ ਸਥਾਨ ਰੁਪਿੰਦਰ ਕੌਰ ਸਪੁੱਤਰੀ ਸ਼ਿੰਗਾਰਾ ਸਿੰਘ, ਦੂਸਰਾ ਮਨਪ੍ਰੀਤ ਕੌਰ ਸਪੁੱਤਰੀ ਸੰਤ ਅਵਤਾਰ ਸਿੰਘ, ਤੀਸਰਾ ਹਰਪ੍ਰੀਤ ਕੌਰ ਸਪੁੱਤਰੀ ਸੰਤ ਹਰਚੰਦ ਸਿੰਘ ਨੇ ਪ੍ਰਾਪਤ ਕੀਤਾ।

**ਭਾਸ਼ਣ ਪ੍ਰਤੀਯੋਗਤਾ (ਸੀਨੀਅਰ)**—ਪਹਿਲਾ ਇਨਾਮ ਨਰਿੰਦਰ ਕੌਰ ਸਪੁੱਤਰੀ ਸੰਤ ਰੂਪ ਸਿੰਘ, ਦੂਸਰਾ ਇਨਾਮ ਹਰਪ੍ਰੀਤ ਕੌਰ ਸਪੁੱਤਰੀ ਸੰਤ ਸਰੂਪ ਸਿੰਘ ਅਤੇ ਤੀਸਰਾ ਇਨਾਮ ਗੁਰਟੇਕ ਸਿੰਘ ਸਪੁੱਤਰ ਸੰਤ ਸੰਪੂਰਨ ਸਿੰਘ ਨੇ ਪ੍ਰਾਪਤ ਕੀਤਾ। ਭਾਸ਼ਣ ਪ੍ਰਤੀਯੋਗਤਾ ਵਿਚ ਸਟੇਜ ਕਾਕਾ ਸੁਖਦੇਵ ਸਿੰਘ ਕਲਸੀ ਨੇ ਸੰਭਾਲੀ।

**ਨਾਮ ਸਿਮਰਨ ਪ੍ਰਤੀਯੋਗਤਾ**—ਪਹਿਲਾ ਇਨਾਮ ਹਰਪਾਲ ਸਿੰਘ ਸਪੁੱਤਰ ਸੰਤ ਬਲਵਿੰਦਰ ਸਿੰਘ, ਦੂਸਰਾ ਇਨਾਮ ਪਿਆਰਾ ਸਿੰਘ ਸਪੁੱਤਰ ਸੰਤ ਪ੍ਰਦੀਪ ਸਿੰਘ, ਤੀਸਰਾ ਇਨਾਮ ਸਿਮਰਨਜੀਤ ਸਿੰਘ ਸਪੁੱਤਰ ਬਲਬੀਰ ਸਿੰਘ ਅਤੇ ਹੌਸਲਾ ਵਧਾਊ ਇਨਾਮ ਕਾਕਾ ਹਰਨਾਮ ਸਿੰਘ ਸਪੁੱਤਰ ਸੰਤ ਹੀਰਾ ਸਿੰਘ ਅਤੇ ਆਸਾ ਸਿੰਘ ਸਪੁੱਤਰ ਸੰਤ ਅਵਤਾਰ ਸਿੰਘ ਨੇ ਪ੍ਰਾਪਤ ਕੀਤਾ।

**ਸਿਖਲਾਈ**—ਬੀਬੀ ਬਲਜੀਤ ਕੌਰ ਨੇ ਲੜਕੀਆਂ ਨੂੰ ਨਾਮਧਾਰੀ ਕਾਟ ਦੇ ਕੱਪੜਿਆਂ ਦੀ ਕਟਾਈ ਅਤੇ ਸਿਖਲਾਈ ਬਾਰੇ ਜਾਣਕਾਰੀ ਦਿੱਤੀ।

**ਅਰਦਾਸ/ਰਹਿਤਨਾਮਾ ਪ੍ਰਤੀਯੋਗਤਾ**—ਪਹਿਲਾ ਇਨਾਮ ਹਰਪਾਲ ਸਿੰਘ ਸਪੁੱਤਰ ਸੰਤ ਬਲਵਿੰਦਰ ਸਿੰਘ, ਦੂਸਰਾ ਇਨਾਮ ਸਤਵੰਤ ਸਿੰਘ ਸਪੁੱਤਰ ਸੰਤ ਸ਼ੇਰ ਸਿੰਘ, ਤੀਸਰਾ ਇਨਾਮ ਹਰਪ੍ਰੀਤ ਕੌਰ ਅਤੇ ਹੌਸਲਾ ਵਧਾਊ ਪੁਰਸਕਾਰ ਹਰਭਜਨ ਕੌਰ ਸਪੁੱਤਰੀ ਪ੍ਰਮਜੀਤ ਸਿੰਘ, ਜੈ ਸਿੰਘ ਸਪੁੱਤਰ ਸੰਤ ਜਸਬੀਰ ਸਿੰਘ, ਸੰਤ ਕੌਰ ਸਪੁੱਤਰੀ ਸੰਤ ਸੁਖਦੇਵ ਸਿੰਘ ਅਤੇ ਸਵਰਨ ਕੌਰ ਸਪੁੱਤਰੀ ਰੂਪ ਸਿੰਘ ਨੇ ਪ੍ਰਾਪਤ ਕੀਤਾ। ਇਸ ਪ੍ਰਤੀਯੋਗਤਾ ਵਿੱਚ ਸਟੇਜ ਨਵਨੀਤ ਕੌਰ ਸਪੁੱਤਰੀ ਸੰਤ ਬਖਸ਼ੀਸ਼ ਸਿੰਘ ਨੇ ਸੰਭਾਲੀ।

**ਪੇਂਟਿੰਗ ਪ੍ਰਤੀਯੋਗਤਾ (ਜੂਨੀਅਰ)**—ਪਹਿਲਾ ਇਨਾਮ ਦੀਪਇੰਦਰ ਸਿੰਘ ਸਪੁੱਤਰ ਸੰਤ ਨਿਰਮਲ ਸਿੰਘ, ਦੂਸਰਾ ਇਨਾਮ ਸਿਮਰਨਪ੍ਰੀਤ ਸਿੰਘ ਸਪੁੱਤਰ ਗੁਰਬਖਸ਼ ਸਿੰਘ, ਤੀਸਰਾ ਇਨਾਮ ਗੁਰਸੇਵਕ ਸਿੰਘ ਸਪੁੱਤਰ ਸੰਤ ਮੋਹਿੰਦਰ ਸਿੰਘ ਅਤੇ ਹੌਸਲਾ ਵਧਾਊ ਇਨਾਮ ਬਲਰਾਜ ਸਿੰਘ ਸਪੁੱਤਰ ਰੁਪਿੰਦਰ ਸਿੰਘ ਅਤੇ ਸਿਮਰਨਜੀਤ ਕੌਰ ਨੇ ਪ੍ਰਾਪਤ ਕੀਤਾ।

**ਪੇਂਟਿੰਗ ਪ੍ਰਤੀਯੋਗਤਾ (ਸਬ ਜੂਨੀਅਰ)**—ਪਹਿਲਾ ਇਨਾਮ ਸੰਤੋਖ ਸਿੰਘ ਸਪੁੱਤਰ ਸੰਤ ਸੁਖਦੇਵ ਸਿੰਘ, ਦੂਸਰਾ ਇਨਾਮ ਬਹਾਦਰ ਸਿੰਘ ਸਪੁੱਤਰ ਸੰਤ ਬਲਦੇਵ ਸਿੰਘ, ਤੀਸਰਾ ਇਨਾਮ ਬਹਿਲ ਸਿੰਘ ਸਪੁੱਤਰ ਸੰਤ ਬਲਜਿੰਦਰ ਸਿੰਘ ਅਤੇ ਹੌਸਲਾ ਵਧਾਊ ਇਨਾਮ ਕਰਮ ਕੌਰ ਸਪੁੱਤਰੀ ਸੰਤ ਕੋਮਲ ਸਿੰਘ, ਬਿਹਾਰਾ ਸਿੰਘ ਸਪੁੱਤਰ ਸੰਤ ਬਲਜਿੰਦਰ ਸਿੰਘ ਨੇ ਪ੍ਰਾਪਤ ਕੀਤਾ।

**ਦਸਤਾਰ ਪ੍ਰਤੀਯੋਗਤਾ**—ਪਹਿਲਾ ਇਨਾਮ ਕਾਕਾ ਸਤਵੰਤ ਸਿੰਘ ਸਪੁੱਤਰ ਸੰਤ ਸ਼ੇਰ ਸਿੰਘ, ਦੂਸਰਾ ਇਨਾਮ ਸਿਮਰਨਪ੍ਰੀਤ ਸਿੰਘ ਸਪੁੱਤਰ ਸੰਤ ਗੁਰਬਖਸ਼ ਸਿੰਘ, ਤੀਸਰਾ ਇਨਾਮ ਜਸਪਾਲ ਸਿੰਘ ਸਪੁੱਤਰ ਸੰਤ ਸਵਿੰਦਰ ਸਿੰਘ ਅਤੇ ਹੌਸਲਾ ਵਧਾਊ ਇਨਾਮ ਗੁਰਪ੍ਰੀਤ ਸਿੰਘ ਸਪੁੱਤਰ ਸੰਤ ਸੁਰਿੰਦਰ ਸਿੰਘ, ਚੰਦਰਮੋਹਣ ਸਿੰਘ ਸਪੁੱਤਰ ਸੰਤ ਜਸਵੰਤ ਸਿੰਘ ਨੇ ਪ੍ਰਾਪਤ ਕੀਤਾ।

**ਸਰਵੋਤਮ ਮੈਂਬਰ**—ਅੱਜ ਦੇ ਸੰਮੇਲਨ ਵਿੱਚ ਸਰਵੋਤਮ ਮੈਂਬਰ ਦਾ ਪੁਰਸਕਾਰ ਸੰਤ ਕੌਰ ਸਪੁਤਰੀ ਸੰਤ ਸੁਖਦੇਵ ਸਿੰਘ ਨੇ ਪ੍ਰਾਪਤ ਕੀਤਾ। ਇਸ ਨੇ ਸਾਰੇ ਸੰਮੇਲਨ ਦੌਰਾਨ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ।

**ਜੇਤੂ ਬੱਚਿਆਂ ਨੂੰ ਇਨਾਮ**—ਸੂਬਾ ਬਲਵਿੰਦਰ ਸਿੰਘ ਅਤੇ ਬੀਬੀ ਸੁਖਜੀਤ ਕੌਰ ਨੇ ਦਿੱਤੇ। ਇਸ ਤੋਂ ਇਲਾਵਾ ਓਪਨ ਕੁਵਿਜ਼ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਜੇਤੂ ਬੱਚਿਆਂ ਨੂੰ ਸੂਬਾ ਹਰਭਜਨ ਸਿੰਘ ਅਤੇ ਸੰਤ ਦਲੀਪ ਸਿੰਘ ਨੇ ਨਾਲ ਨਾਲ ਹੀ ਇਨਾਮਾਂ ਦੀ ਵੰਡ ਕੀਤੀ। ਸੂਬਾ ਹਰਭਜਨ ਸਿੰਘ ਜੀ ਨੇ ਵਿਸ਼ਵ ਨਾ: ਵਿ: ਜਥਾ ਅਤੇ ਵਿਸ਼ਵ ਨਾ: ਇ: ਵਿ:



Namdhari Elibrary NamdhariElibrary@gmail.com

ਜਥਾ ਦੇ ਮੈਂਬਰਾਂ ਦਾ ਸ਼ਾਲ ਅਤੇ ਮਾਲਾ ਪਾ ਸਨਮਾਨ ਕੀਤਾ।

—*ਬਲਵੀਰ ਸਿੰਘ ਨਾਮਧਾਰੀ*

*ਜ. ਸੈਕਟਰੀ ਨਾਮਧਾਰੀ ਵਿਦਿਅਕ ਜਥਾ, ਲੁਧਿਆਣਾ*

## ਸਾਹਿਤ ਸਭਾ ਫਰੀਦਕੋਟ ਵੱਲੋਂ ਦੋ ਪ੍ਰਸਿੱਧ ਲੇਖਕਾਂ ਨਾਲ ਸਾਹਿਤਕ ਮਿਲਣੀ

**ਫਰੀਦਕੋਟ**—ਪਿਛਲੇ ਦਿਨੀਂ ਸਾਹਿਤ ਸਭਾ ਫਰੀਦਕੋਟ ਵੱਲੋਂ ਡਾ. ਸਰਦੂਲ ਸਿੰਘ ਦਰਦ ਅਤੇ ਸ੍ਰ. ਗੁਰਚਰਨ ਸਿੰਘ ਗਿੱਲ ਨਾਲ ਸਾਹਿਤਕ ਮਿਲਣੀ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਬਜ਼ੁਰਗ ਲੇਖਕ ਡਾ. ਦਰਬਾਰਾ ਸਿੰਘ ਪੰਛੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸਨਮਾਨਿਤ ਸ਼ਖਸੀਅਤਾਂ ਤੋਂ ਇਲਾਵਾ ਸ੍ਰ. ਜੁਗਰਾਜ ਸਿੰਘ ਬਰਾੜ ਅਤੇ ਬੀਬੀ ਨਰਿੰਦਰ ਭੱਲਾ ਸ਼ਾਮਲ ਸਨ। ਸਟੇਜ ਸਕੱਤਰ ਦੇ ਫਰਜ਼ ਨਵਰਾਹੀ ਘੁਗਿਆਣਵੀ ਨੇ ਨਿਭਾਏ। ਨਵਰਾਹੀ ਨੇ ਸਭਾ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਡਾ. ਦਰਦ ਅਤੇ ਸ੍ਰ. ਗਿੱਲ ਨੇ ਆਪਣੀ ਕਲਮ ਦਾ ਸਫ਼ਰ ਸੁੰਦਰ ਢੰਗ ਨਾਲ ਬਿਆਨ ਕੀਤਾ ਅਤੇ ਪ੍ਰਤੀਨਿਧ ਰਚਨਾਵਾਂ ਪੇਸ਼ ਕੀਤੀਆਂ। ਡਾ. ਦਰਦ ਅਤੇ ਸ੍ਰ. ਗਿੱਲ ਨੂੰ ਸਾਹਿਤ ਸਭਾ ਵੱਲੋਂ ਖ਼ੂਬਸੂਰਤ ਤੋਹਫ਼ੇ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਤੇ ਭਰਪੂਰ ਸਿੰਘ ਬਰਾੜ ਅਤੇ ਸ੍ਰੀ ਸੱਤਪਾਲ ਗੋਇਲ ਤੇ ਰਣਬੀਰ ਸੋਹਲ ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਅਵਸਰ ਤੇ ਹੋਏ ਕਵੀ ਦਰਬਾਰ ਵਿਚ ਲਗਭਗ ੨੦ ਕਵੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਬਿਕੱਰ ਸਿੰਘ ਆਜ਼ਾਦ, ਬਨਾਰਸੀ ਦਾਸ ਸ਼ਾਸਤਰੀ, ਲਾਲ ਸਿੰਘ ਕਲਸੀ, ਪ੍ਰੋ. ਪਾਲ ਸਿੰਘ, ਨਿਰਮੋਹੀ ਫਰੀਦਕੋਟੀ, ਸੁਖਚੈਨ ਥਾਂਦੇਵਾਲਾ, ਕਵੀਸ਼ਰ ਸੁਖਦੇਵ ਸਿੰਘ ਮਹਿਰਮ, ਸਵਰਨ ਸਿੰਘ ਟਹਿਣਾ, ਦਰਸ਼ਨ ਦਰਵੇਸ਼, ਸੁਨੀਲ ਚੰਦਿਆਣਵੀ ਅਦਿ ਸ਼ਾਮਲ ਸਨ।

## ਫੂਲ ਚੰਦ ਮਾਨਵ ਦੀਆਂ ਤ੍ਰੈ-ਭਾਸ਼ੀ ਕਹਾਣੀਆਂ ਉਤੇ ਗੋਸ਼ਟੀ

**ਚੰਡੀਗੜ੍ਹ**—ਪਿਛਲੇ ਦਿਨੀਂ ਸਥਾਨਕ ਸਾਹਿਤ ਸੰਗਮ ਵੱਲੋਂ ਸੈਕਟਰ ੪੦ ਵਿੱਚ ਫੂਲਚੰਦ ਮਾਨਵ ਦੀ ਕਥਾ ਯਾਤਰਾ ਤੇ ਇਕ ਗੋਸ਼ਟੀ ਡਾ. ਇੰਦੂਬਾਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪ੍ਰੋਫੈਸਰ ਯਸ਼ ਗੁਲਾਟੀ ਮੁੱਖ ਮਹਿਮਾਨ ਸਨ। ਹਿੰਦੀ, ਪੰਜਾਬੀ ਤੇ ਫੇਰ ਗੁਜਰਾਤੀ ਵਿੱਚ ਪ੍ਰੋ. ਮਾਨਵ ਦੇ ਕਥਾ ਸੰਗ੍ਰਹਿ ਅੰਜੀਰ (੧੯੮੦), ਕਥਾਨਗਰ ਤੇ ਹੋਰ ਕਹਾਣੀਆਂ (੧੯੮੭), ਅਤੇ ਕਥਾਨਗਰੀ (੨੦੦੧) ਛਪੇ, ਜਿਨ੍ਹਾਂ ਦੇ ਆਧਾਰ ਤੇ ਮਨੀਸ਼ ਦਵੇ, ਡਾ. ਸ਼ਸ਼ੀਪ੍ਰਭਾ, ਡਾ. ਗਾਰਗੀ ਅਤੇ ਵਿਸ਼ਨੂ ਸਕਸੈਨਾ ਨੇ ਆਪਣੇ ਆਪਣੇ ਪੇਪਰਾਂ ਵਿੱਚ ਇਨ੍ਹਾਂ ਕਹਾਣੀਆਂ ਦੀ ਚਰਚਾ ਕਰਦਿਆਂ ਸਮਾਜ, ਸਮੇਂ ਅਤੇ ਅੱਜ ਦੇ ਮਨੁੱਖ ਦੀ ਟੁੱਟ ਭੱਜ ਦੀਆਂ ਰਚਨਾਵਾਂ ਦੱਸਿਆ।

ਸਾਲ ੧੯੬੫ ਤੋਂ ੮੦ ਦੌਰਾਨ ਲਿਖੀਆਂ ਅਤੇ ਵੰਨ ਸੁਵੰਨੇ ਵੱਡੇ-ਛੋਟੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਫੂਲਚੰਦ ਮਾਨਵ ਦੀਆਂ ਇਨ੍ਹਾਂ ਕਹਾਣੀਆਂ ਨੂੰ ਹਿੰਦੀ ਅੰਦੋਲਨਾਂ ਤੋਂ ਬਾਹਰ ਦੀਆਂ ਕਹਾਣੀਆਂ ਦੱਸ ਕੇ ਸਪਸ਼ਟ ਕੀਤਾ ਗਿਆ ਕਿ ਨਵੀਂ ਕਹਾਣੀ ਅਕਹਾਣੀ ਦੇ ਬਾਅਦ ਇਹ ਕਥਾ ਰਚਨਾਵਾਂ ਕਹਾਣੀ ਦੇ ਚੌਖਟੇ ਤੋਂ ਪਾਰ ਵੀ ਬਹੁਤ ਕੁਝ ਬਿਆਨ ਕਰਦੀਆਂ ਹਨ। ਅੰਜੀਰ, ਪਦਯਾਤਰੀ, ਜਗਦੀ ਬੁਝਦੀ ਰੌਸ਼ਨੀ, ਅੱਜ ਦਾ ਆਦਮੀ ਤੋਂ ਇਲਾਵਾ ਆਪਣੇ ਆਪਣੇ ਪੋਸਟਰ, ਕਾਲੇ ਖੰਭਾਂ ਵਾਲੇ ਹੰਸ, ਸੈਕਟਰਾਂ ਫੈਕਟਰਾਂ ਵਿਚ, ਹਾਸ਼ੀਏ ਫੈਲਦੇ ਹਨ, ਡਾਇਰੀ ਦੇ ਪੰਨੇ ਆਦਿ ਕਹਾਣੀਆਂ ਦਾ ਟਰੀਟਮੈਂਟ ਇਨ੍ਹਾਂ ਨੂੰ ਵਖਰਿਆਉਂਦਾ ਤੇ ਸ਼ੈਲੀ-ਸੰਰਚਨਾਂ, ਸ਼ਿਲਪਭਾਸ਼ਾ ਦੇ ਆਧਾਰ ਤੇ ਵੱਖਰਾ ਕਥਾਕਾਰ ਮਾਨਵ ਨੂੰ ਐਲਾਨਦਾ ਹੈ।

ਡਾ. ਸੁਭਾਸ਼ ਰਸਤੋਗੀ, ਭਗਵੰਤ ਸਿੰਘ, ਸ਼ਿਵਨਾਥ ਅਰੁਣ ਆਦਿਤਯ, ਜਗਮੋਹਨ ਚੋਪੜਾ, ਮਾਧਵ ਕੌਸ਼ਿਕ ਯੋਗੇਸ਼ਵਰ ਕੌਰ, ਰਤਨ ਚੰਦ ਰਤਨੇਸ਼ ਤੇ ਹੋਰ ਹਾਜ਼ਰ ਸਾਹਿਤਕਾਰਾਂ ਨੇ ਖੁਲ੍ਹ ਕੇ ਚਰਚਾ ਵਿੱਚ ਹਿੱਸਾ ਲਿਆ। ਪ੍ਰਧਾਨਗੀ ਭਾਸ਼ਣ ਵਿਚ ਡਾ. ਇੰਦੂਬਾਲੀ ਨੇ ਮਾਨਵ : ਸ਼ਖਸ ਤੇ ਸ਼ਖਸੀਅਤ ਨੂੰ ਉਭਾਰਦਿਆਂ ਚਾਰ ਦਹਾਕੇ ਪਹਿਲਾਂ ਤੋਂ ਸ਼ੁਰੂ ਹੋਈ ਮਾਨਵ ਦੀ ਕਥਾ ਯਾਤਰਾ ਦੀ ਸ਼ਲਾਘਾ ਕਰਦੇ ਉਸਦੇ ਨਵੇਂ ਸੰਗ੍ਰਹਿ ਦੀ ਆਸ ਕੀਤੀ। ਹਾਜ਼ਰ ਸ਼ਾਇਰਾਂ ਨੇ ਕਵਿਤਾ ਪਾਠ ਵੀ ਕੀਤਾ।

—*ਯੋਗੇਸ਼ਵਰ*

## 'ਰੁੱਤ ਆਵੇ ਰੁੱਤ ਜਾਵੇ' ਬਾਰੇ ਗੋਸ਼ਟੀ

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਕਰਵਾਈ ਅਮਰੀਕ ਸਿੰਘ ਪੂਨੀ ਦੀ ਕਾਵਿ-ਪੁਸਤਕ "ਰੁੱਤ ਆਵੇ ਰੁੱਤ ਜਾਵੇ" ਬਾਰੇ ਗੋਸ਼ਟੀ ਦੀ ਪ੍ਰਧਾਨਗੀ ਕਰਦਿਆਂ ਪ੍ਰਮੁੱਖ ਪੰਜਾਬੀ ਕਵੀ ਅਤੇ ਸ਼੍ਰੋਮਣੀ ਸਾਹਿਤਕਾਰ ਸ੍ਰੀ ਅਜਾਇਬ ਚਿਤਰਕਾਰ ਨੇ ਕਿਹਾ ਹੈ ਕਿ ਪੰਜਾਬੀ ਕਵਿਤਾ ਨੇ ਗੁਰੂ



Namdhari Elibrary NamdhariElibrary@gmail.com

ਨਾਨਕ ਕਾਲ ਤੋਂ ਲੈ ਕੇ ਅੱਜ ਤੀਕ ਹਮੇਸ਼ਾ ਹੀ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੂੰ ਜ਼ਬਾਨ ਦਿੱਤੀ ਹੈ ਅਤੇ ਇਸੇ ਸ਼ਕਤੀ ਸਦਕਾ ਲੋਕਾਂ ਵਿੱਚ ਕਵਿਤਾ ਦੀ ਪ੍ਰਵਾਨਗੀ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਕਿਤੇ ਵਧੇਰੇ ਹੈ। ਉਨ੍ਹਾਂ ਆਖਿਆ ਕਿ ੧੯੬੫ ਤੋਂ ਲੈ ਕੇ ਅੱਜ ਤੀਕ ਅਮਰੀਕ ਸਿੰਘ ਪੂਨੀ ਦੀ ਸਾਹਿਤ ਸਿਰਜਣਾ ਦੇ ਅੰਗ-ਸੰਗ ਤੁਰਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਇਨ੍ਹਾਂ ਨੇ ਆਪਣੀ ਕਵਿਤਾ ਵਿਚੋਂ ਲੋਕ-ਪੱਖੀ ਤੱਤ ਕਦੇ ਮਨਫ਼ੀ ਨਹੀ ਹੋਣ ਦਿੱਤਾ ਅਤੇ ਇਸ ਤਰ੍ਹਾਂ ਉਹ ਸਮਾਜ ਲਈ ਹਮੇਸ਼ਾ ਹੀ ਸਾਰਥਿਕ ਸਿਰਜਕ ਵਜੋਂ ਕਾਰਜਸ਼ੀਲ ਰਹੇ ਹਨ।

ਗੋਸ਼ਟੀ ਤੋਂ ਪਹਿਲਾਂ ਸ. ਅਮਰੀਕ ਸਿੰਘ ਪੂਨੀ ਨੇ ਆਪਣੀਆਂ ਚੋਣਵੀਆਂ ੭ ਗ਼ਜ਼ਲਾਂ ਸੁਣਾ ਕੇ ਆਪਣੇ ਕਾਵਿ-ਮੁਹਾਂਦਰੇ ਨਾਲ ਜਾਣ-ਪਛਾਣ ਕਰਵਾਈ। ਪੰਜਾਬੀ ਸਾਹਿਤ ਅਕਾਡਮੀ ਦੇ ੬ ਸਾਲ ਲਗਾਤਾਰ ਪ੍ਰਧਾਨ ਅਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਰਹੇ ਸ. ਅਮਰੀਕ ਸਿੰਘ ਪੂਨੀ ਵਿਚਲੇ ਸ਼ਾਇਰ ਨਾਲ ਲੁਧਿਆਣੇ ਦੇ ਪਾਠਕਾਂ ਦਾ ਇਹ ਪਹਿਲਾਂ ਸੰਵਾਦ ਸੀ। ਅਕਾਡਮੀ ਦੇ ਕਾਰਜਕਾਰੀ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਮਾਸਿਕ ਪੁਸਤਕ ਵਿਚਾਰ ਲੜੀ ਵਿੱਚ ਸ਼ਾਮਿਲ ਲੇਖਕਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਸ. ਅਮਰੀਕ ਸਿੰਘ ਪੂਨੀ ਦਾ ਸਾਹਿਤਕ ਸਫ਼ਰ ਬਾਰੇ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ੧੯੭੪ ਵਿੱਚ ਛਪੇ ਪਹਿਲੇ ਕਾਵਿ-ਸੰਗ੍ਰਹਿ "ਕੰਡਿਆਲੇ ਰਾਹ" ਤੋਂ ਲੈ ਕੇ ਨੰਗੇ ਪੈਰ, ਪਾਣੀ ਵਿੱਚ ਲਕੀਰਾਂ, ਮੋਏ ਮੌਸਮ ਦਾ ਮਰਸੀਆ ਅਤੇ ਹੁਣ ਰੁੱਤ ਆਵੇ ਰੁੱਤ ਜਾਵੇ ਦਾ ਪ੍ਰਕਾਸ਼ਨ ਕਾਵਿ-ਨਿਰੰਤਰਤਾ ਦੀ ਗਵਾਹੀ ਹਨ।

ਇਸ ਪੁਸਤਕ ਬਾਰੇ ਆਪਣਾ ਪਰਚਾ ਪੜ੍ਹਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਏ ਪ੍ਰਸਿੱਧ ਨੌਜਵਾਨ ਆਲੋਚਕ ਡਾ. ਰਜਿੰਦਰਪਾਲ ਸਿੰਘ ਬਰਾੜ ਨੇ ਆਖਿਆ ਕਿ ਸ. ਅਮਰੀਕ ਸਿੰਘ ਪੂਨੀ ਦੀ ਇਸ ਰਚਨਾ ਵਿੱਚ ਸੱਤਾ ਦੀ ਸ਼ਕਤੀ ਦੇ ਧਾਰਮਿਕ ਅਤੇ ਨਿਆਂ ਪ੍ਰਬੰਧ ਬਾਰੇ ਬੜੀਆਂ ਸੂਖ਼ਮ, ਸੰਵੇਦਨਸ਼ੀਲ ਅਤੇ ਸੁਹਿਰਦ ਮਨ ਦੀਆਂ ਵਿਵੇਕੀ ਟਿਪਣੀਆਂ ਹਨ।ਉਨ੍ਹਾਂ ਆਖਿਆ ਕਿ ਸ. ਪੂਨੀ ਦੇ ਕਾਵਿ ਵਿੱਚ ਪ੍ਰਚਲਿਤ ਮੁਹਾਵਰੇ ਦੇ ਮਿੱਥ ਭੰਜਨ, ਨਵੇਂ ਰੂਪਕ, ਵਿਅੰਗਆਤਮਕ ਟੋਂਚ, ਰਵਾਇਤੀ ਬਿੰਬਾਂ ਦੀ ਥਾਂ ਨਵੇਂ ਬਿੰਬ ਸਿਰਜੇ ਹਨ। ਉਨ੍ਹਾਂ ਆਖਿਆ ਕਿ ਸ. ਪੂਨੀ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਸਹੀ ਪ੍ਰਸੰਗ ਵਿੱਚ ਪਛਾਨਣ ਦੀ ਜ਼ਰੂਰਤ ਹੈ।

ਭਾਰਤੀ ਸਾਹਿਤ ਅਕਾਡਮੀ ਪੁਰਸਕਾਰ ਵਿਜੇਤਾ ਨਾਵਲਕਾਰ ਅਤੇ ਗੋਸ਼ਟੀ ਦੇ ਵਿਸ਼ੇਸ਼ ਮਹਿਮਾਨ ਪ੍ਰੋ. ਨਰਿੰਜਨ ਤਸਨੀਮ ਨੇ ਆਪਣੇ ਨਿੱਜੀ ਸੰਬੰਧਾਂ ਦੇ ਵੇਰਵਿਆਂ ਤੋਂ ਬਾਅਦ ਅਮਰੀਕ ਸਿੰਘ ਪੂਨੀ ਦੀ ਕਾਵਿ ਰਚਨਾ ਨੂੰ ਸਹਿਜ ਸੁਭਾਅ ਸਿਰਜਣਾ ਆਖ ਕੇ ਵਡਿਆਇਆ। ਡਾ. ਸੁਰਜੀਤ ਸਿੰਘ ਮੁਕਤਸਰ ਨੇ ਆਖਿਆ ਕਿ ਵੱਡੇ ਅਧਿਕਾਰੀ ਰਹੇ ਸ. ਅਮਰੀਕ ਸਿੰਘ ਪੂਨੀ ਦੀ ਰਚਨਾ ਪੜ੍ਹਦਿਆਂ ਅਕਸਰ ਸਾਡੇ ਮਨਾਂ ਉੱਪਰ ਇਹ ਪ੍ਰਭਾਵ ਭਾਰੂ ਰਹਿੰਦਾ ਹੈ ਕਿ ਕਿਸੇ ਅਧਿਕਾਰੀ ਦੀ ਲਿਖਤ ਪੜ੍ਹ ਰਹੇ ਹਾਂ। ਸਾਨੂੰ ਸਾਰਿਆਂ ਨੂੰ ਇਸ ਤੋਂ ਮੁਕਤੀ ਦੀ ਲੋੜ ਹੈ। ਪੰਜਾਬੀ ਸਾਹਿਤ ਅਕਾਡਮੀ ਦੇ ਮੀਤ ਪ੍ਰਧਾਨ ਅਤੇ ਗੋਸ਼ਟੀ ਸੰਚਾਲਕ ਡਾ. ਗੁਰਇਕਬਾਲ ਸਿੰਘ ਨੇ ਆਪਣੀ ਭਾਵ-ਪੂਰਤ ਟਿਪਣੀ ਵਿੱਚ ਕਿਹਾ ਕਿ ਸ. ਅਮਰੀਕ ਸਿੰਘ ਪੂਨੀ ਨੇ ਅੱਜ ਦੇ ਮਨੁੱਖ ਦੀ ਖੰਡਿਤ ਮਾਨਸਿਕਤਾ ਅਤੇ ਦੋ-ਚਿੱਤੇ ਵਿਹਾਰ ਨੂੰ ਚਿਤਰਨ ਦੀ ਥਾਂ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਆਵਾਜ਼ ਦਿੱਤੀ ਹੈ। ਨੌਜਵਾਨ ਕਵੀ ਜਸਵੰਤ ਜ਼ਫ਼ਰ ਨੇ ਆਖਿਆ ਕਿ ਸ਼ਾਇਰੀ ਕਾਰਨ ਹੀ ਸ. ਅਮਰੀਕ ਸਿੰਘ ਪੂਨੀ ਜਾਣਨਯੋਗ ਬਣੇ ਹਨ ਨਹੀਂ ਤਾਂ ਕਿੰਨੇ ਅਧਿਕਾਰੀ ਲੋਕ ਚੰਡੀਗੜ੍ਹ ਦੀਆਂ ਸੜਕਾਂ ਉੱਪਰ ਫਿਰ ਰਹੇ ਹਨ ਜਿਨ੍ਹਾਂ ਦਾ ਸਿਰਨਾਵਾਂ ਸਾਡੇ ਚੇਤਿਆਂ ਵਿੱਚ ਨਹੀਂ ਹੈ। ਹੋਰਨਾ ਤੋਂ ਇਲਾਵਾ ਗੋਸ਼ਟੀ ਵਿੱਚ ਜਨਮੇਜਾ ਸਿੰਘ ਜੌਹਲ, ਪ੍ਰੋ. ਮਹਿੰਦਰ ਸਿੰਘ ਚੀਮਾ, ਕੁਲਵੰਤ ਜਗਰਾਉਂ ਨੇ ਵੀ ਗੰਭੀਰ ਨੁਕਤੇ ਉਠਾਏ ਜਦਕਿ ਤਰਲੋਚਨ ਲੋਚੀ ਨੇ ਸ. ਪੂਨੀ ਦੀ ਇਕ ਗ਼ਜ਼ਲ ਗਾ ਕੇ ਸੁਣਾਈ।

## ਰਾਜਬੀਰ ਗਿੱਲ ਗੁਰੂ ਨਾਨਕ ਯੂਨੀਵਰਸਿਟੀ ਵਲੋਂ ਕੁਸ਼ਤੀ ਲੜੇਗਾ

ਯੁਵਾ ਪਹਿਲਵਾਨ ਰਾਜਬੀਰ ਸਿੰਘ ਗਿੱਲ ਆਪਣੇ ਗਰੁੱਪ ੬੦ ਕਿਲੋਗ੍ਰਾਮ ਭਾਰ ਫਰੀ ਸਟਾਈਲ ਵਿਚ ਹੁਣ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਯੂਨੀਵਰਸਿਟੀ ਮੁਕਾਬਲਿਆਂ ਵਿਚ ਭਾਗ ਲੈਣ ਵਾਸਤੇ ਚੁਣਿਆ ਗਿਆ ਹੈ।

ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਫਗਵਾੜਾ ਦੇ ਵਿਦਿਆਰਥੀ ਇਸ ਯੁਵਾ ਪਹਿਲਵਾਨ ਦੀ ਗਾਥਾ ਤਾਂ ਲੰਮੀ ਹੈ। ਬਾਲ ਅਵਸਥਾ ਵਿਚ ਕੁਸ਼ਤੀ ਦੇ ਸ਼ੌਕ ਨੇ ਇਸ ਨੂੰ ਪਹਿਲਵਾਨੀ ਦੇ ਮਾਰਗ ਤੇ ਪਾਇਆ। ਇਸ ਦੇ ਪਿਤਾ ਸ. ਗੁਰਦੀਪ ਸਿੰਘ ਪਟਵਾਰੀ (ਹੁਣ ਕਾਨੂੰਗੋ ਅਤੇ ਕਾਨੂੰਗੋਆਂ ਦੇ ਨਵੇਂ ਸ਼ਹਿਰ ਜ਼ਿਲ੍ਹੇ ਦੇ ਪ੍ਰਧਾਨ) ਮਾਤਾ ਪਰਮਜੀਤ ਕੌਰ ਨੇ



Namdhari Elibrary NamdhariElibrary@gmail.com



ਬੱਚੇ ਦੀ ਲਗਨ ਵੇਖ ਕੇ ਇਸ ਰਾਹ ਤੇ ਇਸ ਨੂੰ ਉਤਸ਼ਾਹਿਤ ਕੀਤਾ। ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਜ਼ਰੇ ਚੜ੍ਹਿਆ ਤਾਂ ਉਹਨਾਂ ਦੀ ਆਸ਼ੀਰਵਾਦ ਨਾਲ ਫਿਰ ਰਾਜਬੀਰ ਅਗੇ ਹੀ ਅਗੇ ਗਿਆ। ਬਖਸ਼ਿਸ਼ਾਂ ਦੇ ਸਾਰੇ ਦਰ ਸਤਿਗੁਰੂ ਜੀ ਨੇ ਖੋਲ੍ਹ ਦਿੱਤੇ। ਰਾਜਬੀਰ ਸ. ਅਛਰ ਸਿੰਘ ਕੱਕੜਾਂ ਵਾਲਿਆਂ ਦਾ ਪੋਤਰਾ ਹੈ ਅਤੇ ਜਥੇਦਾਰ ਗੁਰਬਖਸ਼ ਸਿੰਘ (ਭੈਣੀ ਸਾਹਿਬ ਵਾਲੇ) ਸ੍ਰੀ ਜੀਵਨ ਨਗਰ ਜੋ ਦੀਵਾਨਾਂ ਵਿਚ ਆਪਣੇ ਹਾਰਮੋਨੀਅਮ ਵਾਦਨ ਨਾਲ ਰੰਗ ਬੰਨ ਦਿੰਦੇ ਹਨ, ਰਾਜਬੀਰ ਦੇ ਨਾਨਾ ਜੀ ਹਨ। ਸੋ ਇਸ ਤਰ੍ਹਾਂ ਨਾਨਕਿਓਂ ਦਾਦਕਿਓਂ ਰਾਜਬੀਰ ਸਿੰਘ ਪੂਰੀ ਤਰ੍ਹਾਂ ਨਾਮਧਾਰੀ ਪਰੰਪਰਾ ਨਾਲ ਜੁੜਿਆ ਹੈ। ਇਸ ਵੇਲੇ ਇਸ ਯੁਵਾ ਪਹਿਲਵਾਨ ਦੀ ਉਮਰ ੧੯ ਸਾਲ ਹੈ ਅਤੇ ਇਸ ਦਾ ਵੱਡਾ ਭਰਾ ਗੁਰਪ੍ਰੀਤ ਸਿੰਘ ਗਿੱਲ ਸੇਂਟ ਸੋਲਜਰ ਕਾਲਜ ਵਿਚ ਬੀ.ਸੀ.ਏ. ਫਾਈਨਲ ਦਾ ਵਿਦਿਆਰਥੀ ਹੈ। ਵੱਡਾ ਭਰਾ ਛੋਟੇ ਭਰਾ ਦੀ ਪਹਿਲਵਾਨੀ ਦੀ ਕਦਰ ਕਰਦਾ ਹੈ ਅਤੇ ਖਾਣ ਪੀਣ ਦੀ ਸਹਾਇਤਾ ਵਜੋਂ ਆਪ ਰੋਜ਼ਾਨਾ ਸ਼ਰਦਾਈ ਰਗੜ ਕੇ ਤਿਆਰ ਕਰ ਦੇ ਦਿੰਦਾ ਹੈ।

ਰਾਜਬੀਰ ਦੇ ਪਿਤਾ ਸ. ਗੁਰਦੀਪ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਸ਼ਖਸੀਅਤਾਂ ਨੇ ਇਸ ਯੁਵਾ ਪਹਿਲਵਾਨ ਨੂੰ ਸਹਿਯੋਗ ਅਤੇ ਰਹਿਨੁਮਾਈ ਬਖਸ਼ੀ ਉਹ ਹਨ ਸਹਾਇਕ ਕੋਚ ਰਵਿੰਦਰ ਜੀ, ਭਾਰਤ ਦੇ ਚੀਫ਼ ਕੋਚ ਸ੍ਰੀ ਪੀ.ਆਰ. ਸੋਂਧੀ ਸਾਹਿਬ, ਡੀ.ਪੀ.ਈ. ਸਰਦਾਰ ਸੀਤਲ ਸਿੰਘ ਅਤੇ ਸ. ਕਰਤਾਰ ਸਿੰਘ ਡਾਇਰੈਕਟਰ ਸਪੋਰਟਸ ਪੰਜਾਬ।

ਮੇਰਠ ਸ਼ਹਿਰ ਵਿਚ ਸਾਰੀਆਂ ਯੂਨੀਵਰਸਿਟੀਆਂ 'ਚੋਂ ਪਹਿਲਵਾਨ ੨੫ ਅਕਤੂਬਰ ਨੂੰ ਇਕੱਠੇ ਹੋਏ। ਸਾਰੀ ਗੁਰੂ ਨਾਨਕ ਯੂਨੀਵਰਸਿਟੀ ਵਲੋਂ ਪ੍ਰਤੀਨਿਧ ਪਹਿਲਵਾਨ ਵਜੋਂ ਚੁਣਿਆ ਜਾਣਾ ਰਾਜਬੀਰ ਸਿੰਘ ਦੀ ਵੱਡੀ ਪ੍ਰਾਪਤੀ ਹੈ। ਇਹ ਸੰਘਰਸ਼ ਅਤੇ ਸੰਗਰਾਮ ਹੀ ਜੀਵਨ ਹੈ। ਰਾਜਬੀਰ ਤੋਂ ਵੱਡੀਆਂ ਆਸਾਂ ਹਨ। ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ।

## ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਦੇ ਨਵੇਂ ਮੁਖੀ ਬਾਬਾ ਕਰਨੈਲ ਸਿੰਘ ਜੀ

ਸੰਤ ਬਾਬਾ ਸੁੱਚਾ ਸਿੰਘ ਜੀ ਦੇ ਪੰਜ ਭੂਤਕ ਸਰੀਰਕ ਚੋਲਾ ਤਿਆਗ ਜਾਣ ਤੋਂ ਬਾਅਦ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਦੀ ਸਾਧ ਸੰਗਤ ਅਤੇ ਪ੍ਰਬੰਧਕੀ ਜਥੇਬੰਦੀ ਨੇ ਬਾਬਾ ਜੀ ਦੇ ਛੋਟੇ ਭਰਾ ਬਾਬਾ ਕਰਨੈਲ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਥਾਪ ਦਿੱਤਾ ਹੈ।

੨੭ ਅਗਸਤ ਨੂੰ ਬਾਬਾ ਜੀ ਦੇ ਪੰਜ ਭੂਤਕ ਸਰੀਰਕ ਚੋਲਾ ਤਿਆਗਣ ਤੋਂ ਬਾਅਦ ਇਕ ਮਹੀਨੇ ਬਾਅਦ, ਉਹਨਾਂ ਦੀ ਯਾਦ ਵਿੱਚ ਰੱਖੇ ਸਮਾਗਮ ਵਿੱਚ ਪੰਜਾਬ ਦੇ ਸਮੂਹ ਸੰਤ, ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਇਹ ਸਮਾਗਮ ਕਰਵਾਇਆ ਗਿਆ ਸੀ।

ਇਸ ਸਮਾਗਮ ਵਿੱਚ ਰਾੜਾ ਸਾਹਿਬ ਸੰਪਰਦਾ ਵਲੋਂ ਬਾਬਾ ਤੇਜਾ ਸਿੰਘ ਜੀ ਵਲੋਂ ਬਾਬਾ ਜਰਨੈਲ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ, ਸੁਰ ਸਿੰਘ ਵਾਲੇ (ਬਿਧੀ ਚੰਦ ਸੰਪਰਦਾ) ਸੰਤ ਬਾਬਾ ਸੰਤੋਖ ਸਿੰਘ ਜੀ ਮ੍ਰਿਗਿੰਦ ਵਲਾਹੀ ਸਾਹਿਬ, ਸੰਤ ਬਾਬਾ ਸੁਲਖਣ ਸਿੰਘ ਜੀ ਪੰਜਵੜ, ਸੰਤ ਬਾਬਾ ਨਾਜ਼ਰ ਸਿੰਘ ਜੀ ਖੰਡੂਰ, ਬਾਬਾ ਪ੍ਰਤਾਪ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਅਤੇ ਆਲ ਇੰਡੀਆ ਸਿੱਖ ਯੂਥ ਫੈਡਰੇਸ਼ਨ (ਅੰਮ੍ਰਿਤਸਰ) ਬਲਵਿੰਦਰ ਸਿੰਘ ਜੀ ਬੈਂਸ, ਸ. ਪ੍ਰਿਤਪਾਲ ਸਿੰਘ ਜੀ ਪਾਲੀ ਪ੍ਰਧਾਨ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ, ਬਾਪੂ ਲਾਭ ਸਿੰਘ ਜੀ ਚੇਅਰਮੈਨ ਪੰਚਾਇਤ ਯੂਨੀਅਨ, ਜਥੇਦਾਰ ਮਨਜੀਤ ਸਿੰਘ ਜੀ ਬਾਜੜਾ ਪ੍ਰਧਾਨ ਪੰਚਾਇਤ ਯੂਨੀਅਨ, ਸ. ਮਨਜੀਤ ਸਿੰਘ ਜੀ ਜਵੱਦੀ, ਕੌਂਸਲਰ ਸਤਵਿੰਦਰ ਸਿੰਘ ਜੀ ਜਵੱਦੀ, ਸ੍ਰ. ਤ੍ਰਿਲੋਚਨ ਸਿੰਘ ਜੀ ਦੁਪਾਲਪੁਰੀ (ਸ਼੍ਰੋਮਣੀ ਕਮੇਟੀ ਮੈਂਬਰ) ਅਤੇ ੫੦ ਤੋਂ ਵੱਧ ਪੰਚ ਸਰਪੰਚਾਂ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਜਥੇਬੰਦੀ ਦੇ ਮੈਂਬਰ ਬਾਬਾ ਸੋਹਣ ਸਿੰਘ ਜੀ, ਗਿਆਨੀ ਅਮੀਰ ਸਿੰਘ ਜੀ, ਭਾਈ ਜਰਨੈਲ ਸਿੰਘ ਜੀ, ਭਾਈ ਸੁਖਵੰਤ ਸਿੰਘ ਜੀ, ਭਾਈ ਸਾਧੂ ਸਿੰਘ ਜੀ ਸ਼ਾਮਿਲ ਹੋਏ।

ਸਮਾਗਮ ਵਿੱਚ ਭਾਰੀ ਸੰਖਿਆ ਵਿੱਚ ਹਾਜ਼ਰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਬਾਬਾ ਕਰਨੈਲ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਪ੍ਰਵਾਨ ਕਰ ਲਿਆ ਹੈ।



Namdhari Elibrary NamdhariElibrary@gmail.com

## ਭੈਣੀ ਸਾਹਿਬ ਵਿੱਚ ਕਵੀ ਦਰਬਾਰ

੧੭.੧੦.੨੦੦੨ ਸ੍ਰੀ ਭੈਣੀ ਸਾਹਿਬ, ਅੱਸੂ ਦੇ ਮੇਲੇ ਵਿਚ ਬਹੁਤ ਰੌਣਕ ਵਿੱਚ ਰਾਤ ਅੱਠ ਵਜੇ ਕਵੀ ਦਰਬਾਰ ਨੇ ਏਸ ਰੌਣਕ ਨੂੰ ਹੋਰ ਦੋਬਾਲਾ ਕਰ ਦਿੱਤਾ। ਖਚਾਖਚ ਭਰੇ ਪੰਡਾਲ ਵਿੱਚ ਕਵੀ ਜਨਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸੰਗਤ ਨੂੰ ਨਿਹਾਲ ਤਾਂ ਕੀਤਾ ਹੀ, ਸਗੋਂ ਵੱਖ ਵੱਖ ਰਚਨਾਵਾਂ ਸੁਣਾ ਕੇ ਸੰਗਤ ਨੂੰ ਗੁਰ ਇਤਿਹਾਸ ਤੇ ਗੁਰ ਚਰਨਾਂ ਨਾਲ ਕਰੀਬ ਢਾਈ ਘੰਟੇ ਜੋੜੀ ਰਖਿਆ। ਇਸ ਕਵੀ ਦਰਬਾਰ ਵਿੱਚ ਨਾਮਧਾਰੀ ਪੰਜਾਬ ਸਾਹਿਤ ਸਭਾ ਇਲਾਕਾ ਸ੍ਰੀ ਜੀਵਨ ਨਗਰ ਤੇ ਹੋਰ ਕਵੀਆਂ ਤੇ ਕਵਿਤਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਸਟੇਜ ਦਾ ਕੰਟਰੋਲ ਸਭਾ ਦੇ ਪੁਰਾਣੇ ਅਤੇ ਸਰਗਰਮ ਮੈਂਬਰ ਸਾਧੂ ਸਿੰਘ ਕਿਸਾਨ ਪਾਸ ਸੀ। ਇਸ ਕਵੀ ਦਰਬਾਰ ਵਿੱਚ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਜਿਨ੍ਹਾਂ ਕਵੀਆਂ ਨੇ ਹਿੱਸਾ ਲਿਆ ਉਹਨਾਂ ਦੇ ਨਾਂਅ ਹਨ– ਗੁਰਦਿਆਲ ਸਿੰਘ ਪ੍ਰੀਤ, ਬਲਦੇਵ ਸਿੰਘ ਵੜੈਚ, ਕਰਨੈਲ ਸਿੰਘ ਅਸਪਾਲ, ਪੂਰਨ ਸਿੰਘ ਨਿਰਾਲਾ, ਹਰਭਜਨ ਸਿੰਘ ਰਾਜਾ, ਸਾਧੂ ਸਿੰਘ ਕਿਸਾਨ, ਗੁਰਮੇਲ ਸਿੰਘ ਹੰਸ, ਅਮਰੀਕ ਸਿੰਘ (ਮਾਸਟਰ), ਪ੍ਰਕਾਸ਼ ਸਿੰਘ ਰਾਇਸਰੀ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਕਵੀ ਤੇ ਕਵਿਤਰੀਆਂ ਨੇ ਏਸ ਰੌਣਕ ਨੂੰ ਚਾਰ ਚੰਨ ਲਾਏ ਤੇ ਪਰਧਾਨਗੀ ਸੂਬਾ ਬਲਵਿੰਦਰ ਸਿੰਘ ਪਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਨੇ ਕੀਤੀ।

## ਸੰਤ ਕਰਤਾਰ ਸਿੰਘ ਮਣਕੂ ਦੀ ਯਾਦ ਵਿੱਚ ਪਾਠ ਦਾ ਭੋਗ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਰਧਾਲੂ ਸਿੱਖ, ਅੱਨਿਨ ਸੇਵਕ ਸੰਤ ਕਰਤਾਰ ਸਿੰਘ ਮਣਕੂ ਪਿੰਡ ਦਦਿਆਲ, ਜ਼ਿਲ੍ਹਾ ਹੁਸ਼ਿਆਰਪੁਰ ਵਾਲੇ ਜੋ ਪਿਛਲੇ ਸਾਲ ਅੱਸੂ ਦੇ ਮੇਲੇ (ਜਪ ਪ੍ਰਯੋਗ) ਤੇ ਸ੍ਰੀ ਭੈਣੀ ਸਾਹਿਬ ਸਨ। ਤਾਂ ਇਕ ਦੋ ਦਿਨ ਵਾਸਤੇ ਆਪਣੀ ਲੜਕੀ ਬੀਬੀ ਸੁਰਜੀਤ ਕੌਰ ਕੋਲ ਲੁਧਿਆਣੇ ਮਿਲਣ ਵਾਸਤੇ ਗਏ ਤਾਂ ਉਥੇ ਹੀ ੧੦ ਅਕਤੂਬਰ ੨੦੦੧ ਨੂੰ ਗੁਰਪੁਰੀ ਸਿਧਾਰ ਗਏ। ਜਦੋਂ ਸ੍ਰੀ ਸਤਿਗੁਰੂ ਜੀ ਨੂੰ ਉਹਨਾਂ ਦੇ ਗੁਰਪੁਰੀ ਸਿਧਾਰਨ ਬਾਰੇ ਪਤਾ ਲੱਗਾ ਤਾਂ ਆਪ ਜੀ ਨੇ ਉਹਨਾਂ ਦੇ ਪਰਿਵਾਰ ਦੇ ਜੀਆਂ ਨੂੰ ਕਿਹਾ ਕਿ ਸੰਤਾਂ ਨੂੰ ਸ੍ਰੀ ਭੈਣੀ ਸਾਹਿਬ ਲੈ ਆਓ ਉਹਨਾਂ ਦਾ ਸਸਕਾਰ ਏਥੇ ਹੀ ਕਰਨਾ ਹੈ। ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਸੰਤ ਕਰਤਾਰ ਸਿੰਘ ਦੇ ਸਸਕਾਰ ਸਮੇਂ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ ਅਤੇ ਸ਼ਬਦ-ਕੀਰਤਨ ਕਰਦਿਆਂ ਸਸਕਾਰ ਹੋਇਆ। ਸੰਤ ਕਰਤਾਰ ਸਿੰਘ ਮਣਕੂ ਇਸ ਸਮੇਂ ੮੫ ਸਾਲ ਦੇ ਸਨ। ਸੱਚੇ ਪਾਤਸ਼ਾਹ ਜੀ ਨਾਲ ਇਹਨਾਂ ਦਾ ਪਿਆਰ ਏਨਾ ਸੀ ਕਿ ਜਦੋਂ ਸੱਚੇ ਪਾਤਸ਼ਾਹ ਜੀ ਹੁਸ਼ਿਆਰਪੁਰ ਵਾਲੇ ਪਾਸੇ ਕਿਤੇ ਦਰਸ਼ਨ ਦੇਣ ਜਾਂਦੇ ਤਾਂ ਸੰਤ ਕਰਤਾਰ ਸਿੰਘ ਮਣਕੂ ਦੇ ਗ੍ਰਹਿ ਪਿੰਡ ਦਦਿਆਲ ਜ਼ਰੂਰ ਦਰਸ਼ਨ ਦੇ ਕੇ ਨਿਵਾਜਿਆ ਕਰਦੇ ਸਨ। ਇਹ ਗੱਲ ਸੰਤ ਬਲਕਾਰ ਸਿੰਘ ਨੇ ਸੰਤਾਂ ਦੀ ਯਾਦ ਵਿੱਚ ਪਾਠ ਦੇ ਭੋਗ ਸਮੇਂ ਸਜਾਏ ਦੀਵਾਨ ਵਿੱਚ ਆਖੀ।

ਸੰਤ ਕਰਤਾਰ ਸਿੰਘ ਮਣਕੂ ਦੇ ਸਪੁੱਤਰ ਸਰਵ ਸ੍ਰੀ ਗੁਰਦੀਪ ਸਿੰਘ, ਭੁਪਿੰਦਰ ਸਿੰਘ, ਰਣਜੋਧ ਸਿੰਘ ਅਤੇ ਸੁਬੇਗ ਸਿੰਘ ਹਨ ਅਤੇ ਇਕ ਪੁੱਤਰੀ ਬੀਬੀ ਸੁਰਜੀਤ ਕੌਰ ਜੋ ਆਪਣੇ ਪਰਿਵਾਰ 'ਚ ਲੁਧਿਆਣੇ ਰਹਿੰਦੀ ਹੈ। ਸੰਤ ਭੁਪਿੰਦਰ ਸਿੰਘ ਅਤੇ ਰਣਜੋਧ ਸਿੰਘ ਮਣਕੂ ਪਰਿਵਾਰ ਸਹਿਤ ਕੈਨੇਡਾ ਰਹਿੰਦੇ ਹਨ।

ਸੰਤ ਕਰਤਾਰ ਸਿੰਘ ਦੀ ਯਾਦ ਵਿੱਚ ੧੪ ਸਤੰਬਰ ੨੦੦੨ ਨੂੰ ਨਾਮਧਾਰੀ ਗੁਰਦੁਆਰਾ ਟਰੰਟੋ ਵਿਖੇ ਮਣਕੂ ਪਰਿਵਾਰ ਵਲੋਂ ਕਥਾ ਕੀਰਤਨ ਤੇ ਨਾਮ ਸਿਮਰਨ ਕਰਵਾਕੇ ਇਕ ਸਾਧਾਰਨ ਪਾਠ ਦਾ ਭੋਗ ਪਵਾਇਆ ਗਿਆ। ਇਕ ਘੰਟਾ ਨਾਮ ਸਿਮਰਨ ਉਪਰੰਤ ਜਸਪਾਲ ਸਿੰਘ ਪੁੱਤਰ ਸੰਤ ਭੁਪਿੰਦਰ ਸਿੰਘ ਮਣਕੂ ਨੇ ਅੱਧੇ ਘੰਟੇ ਲਈ ਤਾਰ ਸ਼ਹਿਨਾਈ ਉਪਰ ਸ੍ਰੀ ਰਾਗ 'ਚ ਵਾਦਨ ਕੀਤਾ। ਆਪ ਜੀ ਨਾਲ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਭੌਲੀ ਨੇ ਕੀਤੀ।

ਸੰਤ ਬਲਕਾਰ ਸਿੰਘ ਨੇ ਸੰਤਾਂ ਦੀ ਯਾਦ ਵਿੱਚ ਦੀਵਾਨ ਸਜਾਂਦਿਆਂ ਸੰਤ ਕਰਤਾਰ ਸਿੰਘ ਮਣਕੂ ਦਾ ਸੱਚੇ ਪਾਤਸ਼ਾਹ ਨਾਲ ਸਨੇਹ-ਪਿਆਰ ਦੀਆਂ ਸਾਖੀਆਂ ਸੁਣਾ ਕੇ ਸੰਤਾਂ ਦੀ ਯਾਦ ਤਾਜ਼ਾ ਕੀਤੀ।

ਸੰਤ ਤਰਸੇਮ ਸਿੰਘ ਅਤੇ ਪ੍ਰਧਾਨ ਰਣਜੀਤ ਸਿੰਘ ਬਾਜਵਾ ਨੇ ਵੀ ਸੰਤ ਕਰਤਾਰ ਸਿੰਘ ਮਣਕੂ ਦੀ ਯਾਦ 'ਚ ਆਪਣੇ ਸ਼ਬਦਾਂ ਦੁਆਰਾ ਸ਼ਰਧਾਂ ਦੇ ਫੁੱਲ ਅਰਪਨ ਕੀਤੇ।

ਸੰਤ ਕਰਤਾਰ ਸਿੰਘ ਦੀ ਤਰ੍ਹਾਂ ਹੀ ਉਹਨਾਂ ਦੇ ਸਪੁੱਤਰ



Namdhari Elibrary NamdhariElibrary@gmail.com

ਵੀ ਸ੍ਰੀ ਸਤਿਗੁਰੂ ਦੇ ਪੂਰਨ ਸ਼ਰਧਾਲੂ ਸਿੱਖ ਹਨ। ਪਾਠ ਦੇ ਭੋਗ ਸਮੇਂ ਮਣਕੂ ਪਰਿਵਾਰ ਨੇ ਸਾਧ ਸੰਗਤ ਦੀ ਬੜੇ ਪ੍ਰੇਮ-ਭਾਵ ਨਾਲ ਸੇਵਾ ਕੀਤੀ।

*—ਗੁਰਦੀਪ ਸਿੰਘ ਨਾਮਧਾਰੀ*

## 'ਜੰਗਲੀ ਸਫ਼ਰ' ਕਾਵਿ ਪੁਸਤਕ ਉੱਪਰ ਗੋਸ਼ਟੀ

**ਨਵੀਂ ਦਿੱਲੀ**—ਕੁਝ ਦਿਨ ਪਹਿਲਾਂ ਪੰਜਾਬੀ ਸਾਹਿਤ ਦੇ ਸਿਰਮੌਰ ਸ਼ਾਇਰ ਡਾ. ਹਰਭਜਨ ਸਿੰਘ ਦੇ ਘਰ 'ਪੰਜਾਬੀ ਸਾਹਿਤ ਸੰਗਤ' ਵਲੋਂ ਜਗਤਾਰਜੀਤ ਦੀ ਛਪੀ ਪਹਿਲੀ ਕਾਵਿ ਪੁਸਤਕ 'ਜੰਗਲੀ ਸਫ਼ਰ' ਉੱਪਰ ਇਕ ਗੋਸ਼ਟੀ ਕੀਤੀ ਗਈ। ਜਿਸ ਵਿਚ ਪ੍ਰਸਿੱਧ ਸਾਹਿਤਕਾਰਾਂ ਅਤੇ ਸਮੀਖਿਆਕਾਰਾਂ ਨੇ ਹਿੱਸਾ ਲਿਆ। ਇਸ ਸਾਹਿਤ ਸੰਗਤ ਵਿਚ ਸਭ ਤੋਂ ਪਹਿਲਾਂ ਡਾ. ਨਰਿੰਦਰ ਸਿੰਘ ਨੇ ਪੇਪਰ ਪੜ੍ਹਿਆ। ਜਿਸ ਵਿਚ ਉਹਨਾਂ ਕਵਿਤਾ ਦੀ ਭਾਸ਼ਾ ਬਾਰੇ ਕੁਝ ਨੁਕਤੇ ਉਭਾਰੇ। ਉਹਨਾਂ ਦਾ ਮਤ ਸੀ ਕਿ ਇਹ ਰਚਨਾਵਾਂ ਛੋਟੀਆਂ, ਸਰਸ ਹੋਣ ਦੇ ਬਾਵਜੂਦ ਸੰਗਠਿਤ ਗੱਲ ਕਹਿੰਦੀਆਂ ਹਨ। ਦੂਸਰੇ ਪਰਚੇ ਵਿਚ ਪੀਟਰ ਆਰ.ਐਸ. ਗਿੱਲ ਨੇ ਵਿਚਾਰ ਪ੍ਰਗਟਾਏ ਕਿ ਜਗਤਾਰਜੀਤ ਦੀਆਂ ਕਵਿਤਾਵਾਂ ਵਿਚ ਉਦਾਸੀ ਅਤੇ ਇਕੱਲੇਪਣ ਦੀ ਝਲਕ ਮਿਲਦੀ ਹੈ ਅਤੇ ਜਿਥੇ ਨਿਜ ਮਨਫੀ ਹੁੰਦਾ ਜਾਂਦਾ ਹੈ। ਪੇਪਰਾਂ ਬਾਅਦ ਬਹਿਸ ਵਿਚ ਹਿੱਸਾ ਲੈਂਦਿਆਂ ਅਮਰ ਭਾਰਤੀ ਨੇ ਕਿਹਾ ਕਿ ਇਹਨਾਂ ਕਵਿਤਾਵਾਂ ਦਾ ਪਾਠ ਪਾਠਕ ਨੂੰ ਆਨੰਦ ਦਿੰਦਾ ਹੈ ਕਿਉਂਕਿ ਇਹਦੇ ਵਿਚ ਪੇਸ਼ ਵਿਚਾਰਾਂ ਨੂੰ ਨਵੇਂ ਅੰਦਾਜ਼ ਵਿਚ ਕਿਹਾ ਗਿਆ ਹੈ ਅਤੇ ਇਹ ਲੀਹ ਤੋਂ ਹੱਟਵੇਂ ਹਨ। ਕਹਾਣੀਕਾਰ ਜਗਦੀਸ਼ ਕੌਸ਼ਲ ਨੇ ਮਤ ਪ੍ਰਗਟਾਇਆ ਕਿ 'ਜੰਗਲੀ ਸਫ਼ਰ' ਦੀਆਂ ਕਵਿਤਾਵਾਂ ਪਾਠਕ ਨੂੰ ਉਲਝਣ ਵਿਚ ਨਹੀਂ ਪਾਉਂਦੀਆਂ। ਇਹਨਾਂ ਦਾ ਆਪਣਾ ਆਦਿ-ਅੰਤ ਹੈ ਜਿਸ ਕਾਰਣ ਸਮਝ ਆ ਜਾਂਦੀਆਂ ਹਨ। ਦੇਸ਼ ਬੰਧੂ ਕਾਲਜ ਦੇ ਡਾ. ਕੁਲਜੀਤ ਸਿੰਘ ਨੇ ਕਿਹਾ ਕਿ ਕਵੀ ਸ਼ਬਦਾਂ ਰਾਹੀਂ ਇਕ ਦ੍ਰਿਸ਼ ਉਭਾਰ ਦਿੰਦਾ ਹੈ ਜੋ ਆਪਣੇ ਆਪ ਵਿਚ ਅਦਭੁਤ ਹੁੰਦਾ ਹੈ। ਇਹ ਦ੍ਰਿਸ਼ ਹੀ ਪਾਠਕ ਨੂੰ ਕਵਿਤਾ ਵਿਚ ਪਏ ਬਹੁ ਅਰਥਾਂ ਤੱਕ ਲੈ ਜਾਂਦਾ ਹੈ। ਹੋਰ ਵਿਦਵਾਨ ਸਾਹਿਤਕਾਰਾਂ ਨੇ ਇਸ ਉੱਪਰ ਗੱਲਬਾਤ ਕੀਤੀ। ਸਭ ਵਿਚਾਰਾਂ ਨੂੰ ਧਿਆਨ ਵਿਚ ਰੱਖਦਿਆਂ, ਉਹਨਾਂ ਬਾਰੇ ਟਿੱਪਣੀ ਕਰਦਿਆਂ, ਅੰਤ ਉੱਪਰ ਡਾ. ਹਰਭਜਨ ਸਿੰਘ ਨੇ ਪਹਿਲਾਂ ਆਧੁਨਿਕ ਕਵਿਤਾ ਦੇ ਸੰਗਠਨ ਅਤੇ ਉਸ ਦੀ ਭਾਸ਼ਾ ਬਾਰੇ ਗੱਲ ਕੀਤੀ। ਅਜਿਹਾ ਕਰਦਿਆਂ ਉਹਨਾਂ ਕਈ ਉਦਾਹਰਣਾਂ ਨਾਲ ਕਥਨ ਨੂੰ ਸਰਸ ਬਣਾ ਦਿੱਤਾ। ਉਹਨਾਂ ਕਿਹਾ ਕਿ 'ਜੰਗਲੀ ਸਫ਼ਰ' ਦੀਆਂ ਕਵਿਤਾਵਾਂ ਅਜਿਹੇ ਸਫ਼ਰ ਵੱਲ ਇਸ਼ਾਰਾ ਕਰਦੀਆਂ ਹਨ ਜਿਹੜਾ ਨਿਰੰਤਰ ਜਾਰੀ ਹੈ। ਜੰਗਲ ਜਿਸਦਾ ਜ਼ਿਕਰ ਹੈ, ਦਾ ਆਪਣਾ ਇਕ ਕਿਰਦਾਰ ਹੈ। ਜਿਥੇ ਹਰ ਵਸਤ ਦੂਜੇ ਲਈ ਭੋਜਨ ਬਣੀ ਹੋਈ ਹੈ। ਇਹ ਗੱਲ ਘਾਹ ਤੋਂ ਲੈ ਕੇ ਵੱਡੇ ਜੀਵ ਤੱਕ ਲਾਗੂ ਹੁੰਦੀ ਹੈ। ਸਾਰੇ ਦੁਆਲੇ ਵਿਚ ਉਕੋ ਭੈਅ ਦਾ ਮਾਹੌਲ ਹੁੰਦਾ ਹੈ। ਪਰ ਇਸ ਡਰ ਦੇ ਬਾਵਜੂਦ ਕੋਈ ਕਿਸੇ ਤੋਂ ਕੁਝ ਲੁਕਾਂਦਾ ਨਹੀਂ। ਉਹਨਾਂ ਕਿਹਾ ਕਿ ਇਹਨਾਂ ਕਵਿਤਾਵਾਂ ਵਿਚ ਕਿਸੇ ਦਾ ਉਹਲਾ ਲੈ ਕੇ ਕੋਈ ਗੱਲ ਨਹੀਂ ਕੀਤੀ ਗਈ। ਗੱਲ ਸਿੱਧੀ-ਸਾਧਾਰਨ ਭਾਸ਼ਾ ਵਿਚ ਬਿਨਾ ਕਿਸੇ ਬਨਾਵਟ ਦੇ ਕਹੀ ਗਈ ਹੈ। ਇਸੇ ਕਾਰਣ ਉਹ ਪ੍ਰਭਾਵੀ ਹੋ ਨਿਬੜੀਆਂ ਹਨ ਅੰਤ ਉੱਪਰ ਉਹਨਾਂ ਖੁਦ ਹੀ ਇੱਕਤਰ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## ਸੰਤ ਕਰਤਾਰ ਸਿੰਘ ਰਾਗੀ

*—ਸਤਿਨਾਮ ਸਿੰਘ, ਦਿੱਲੀ*

ਸੰਤ ਕਰਤਾਰ ਸਿੰਘ ਰਾਗੀ 1.C/੧੩੮ ਰਮੇਸ਼ ਨਗਰ ਨਵੀਂ ਦਿੱਲੀ (ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੜੇ ਪਿਆਰ ਨਾਲ ਕਰਤਾਰ ਸਿੰਘ ਆਸਾ ਦੀ ਵਾਰ ਬੁਲਾਉਂਦੇ ਸਨ।) ਦੀ ਕੀਰਤਨ ਭਗਤੀ ਦੀ ਮਿਸਾਲ ਨਹੀਂ ਮਿਲਦੀ। ੪੮ ਸਾਲ ਕੀਰਤਨ ਦੀ ਸੇਵਾ, ਕਿਤੋਂ ਕੀਰਤਨ ਵਾਸਤੇ ਕੋਈ ਪੈਸਾ ਨਹੀਂ ਮੰਗਿਆ। ਕੋਈ ਸੁਣਨ ਵਾਲਾ ਹੋਵੇ ਜਾਂ ਨਾ, ਆਪਨੇ ਕੀਰਤਨ ਕਰਨਾ ਹੈ। ਸਗੋਂ ਕਹਿਣਾ ਕਿ ਸਤਿਗੁਰੂ ਜੀ ਤੇ ਸੁਣਦੇ ਹਨ। ਅੰਮ੍ਰਿਤ ਵੇਲੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਖੇ ਆਸਾ ਦੀ ਵਾਰ ਕਦੀ ਖੁੰਝਾਈ ਨਹੀਂ। ਹੋਰ ਖੁਸ਼ੀ ਗਮੀ ਤੇ ਕੀਰਤਨ ਕਰਨਾ ਖੁਸ਼ੀ ਅਨੁਭਵ ਕਰਦੇ। ਕੀਰਤਨ ਚਾਹੇ ਰਾਗੁ ਅਨੁਸਾਰ ਹੋਵੇ ਚਾਹੇ ਹੱਲੇ ਦਾ ਦੀਵਾਨ, ਸਭ ਨਿਭਾ ਲੈਂਦੇ। ਚਾਹੇ ਜਥੇਦਾਰਾਂ ਨਾਲ ਹਾਰਮੋਨੀਅਮ ਵਜਾਉਂਦੇ, ਚਾਹੇ ਢੋਲਕੀ ਜਾਂ ਛੈਣੇ ਕੋਈ ਉਜਰ ਨਹੀਂ। ਕਈ ਸਾਲ ਗਿਆਨੀ ਗੁਰਬਖਸ਼ ਸਿੰਘ ਨਾਲ ਸੇਵਾ ਕਰਦੇ ਰਹੇ। ਕਈਆਂ ਸਿੰਘਾਂ ਜਾਂ ਬੀਬੀਆਂ ਨੂੰ ਕੀਰਤਨ ਦੀ ਸਿਖਿਆ ਦਿੱਤੀ ਹੈ।



Namdhari Elibrary NamdhariElibrary@gmail.com

ਬਿਨਾਂ ਨੇਤਰਾਂ ਤੇ ਇਤਨੀ ਬਾਣੀ ਕੰਠ ਹੋਣੀ ਕੇਵਲ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸੀ। ਬਿਨਾਂ ਨੇਤਰਾਂ ਤੋਂ ਦਸਾਂ ਨਹੁੰਆਂ ਦੀ ਕਿਰਤ ਕਰਨੀ, ਅੱਖਾਂ ਵਾਲੇ ਹੈਰਾਨ ਹੁੰਦੇ ਸਨ। ਕੁਰਸੀਆਂ ਕਈ ਡਿਜ਼ਾਇਨਾਂ ਵਿੱਚ ਬੁਣ ਲੈਣੀਆਂ, ਚਾਰਪਾਈ ਸੁੰਦਰ ਡਿਜ਼ਾਇਨਾਂ ਵਿੱਚ ਸੰਘਣੀ ਕਰਕੇ ਬੁਨਣੀ। ਅਤੇ ਛੋਟੀ ਮੋਟੀ ਰੀਪੇਅਰ ਕਰ ਲੈਣੀ ਸੁਭਾਵਿਕ ਹੀ ਸੀ। ਦਰਅਸਲ ਸੰਤ ਜੀ ਬਚਪਨ ਤੋਂ ਹੀ ਬੜੇ ਹੋਣਹਾਰ ਸਨ। ੧੯ ਸਾਲ ਦੀ ਉਮਰ ਤਕ ਆਪ ਸੁਚੱਜੇ ਮਿਸਤ੍ਰੀ-ਰਾਜਗਿਰੀ ਦਾ ਕੰਮ ਕਰਦੇ। ਅੰਗਰੇਜ਼ ਅਫ਼ਸਰ ਸਿੱਧਾ ਪੱਧਰਾ ਤੇ ਤੇਜ਼ ਕੰਮ ਵੇਖ ਕੇ ਆਪ ਦੇ ਹੱਥ ਚੁੰਮਦੇ ਸਨ।

ਦੇਸ਼ ਬਟਵਾਰੇ ਤੋਂ ੧੨-੧੩ ਸਾਲ ਪਹਿਲਾਂ ਅਚਾਨਕ ਅੱਖਾਂ ਬੰਦ ਹੋਣ ਤੇ ਆਪ ਨੂੰ ਮਾਤਾ ਪਿਤਾ ਤੋਂ ਇਲਾਵਾ ਵੱਡੇ ਭਰਾ ਸੰਤ ਅਮਰ ਸਿੰਘ, ਸੰਤ ਕਰਮ ਸਿੰਘ ਅਤੇ ਛੋਟੇ ਸੰਤ ਨਰੈਣ ਸਿੰਘ ਢੋਡੇ ਵਾਲੇ ਦੇ ਸਹਿਯੋਗ ਨੇ ਕਮਜ਼ੋਰ ਨਹੀਂ ਹੋਣ ਦਿੱਤਾ। ਭਰਾਵਾਂ ਦੇ ਮੋਢੇ ਤੇ ਹੱਥ ਰਖਕੇ ਆਪ ਆਜ਼ਾਦ ਭਾਰਤ ਵਿੱਚ ਦਿੱਲੀ ਪਹੁੰਚੇ। ੧੯੫੨ ਵਿੱਚ ਝੁੱਗੀਆਂ ਵਿਚੋਂ ਆ ਕੇ ਨਾਮਧਾਰੀ ਕਲੋਨੀ ਰਮੇਸ਼ ਨਗਰ ਨਿਵਾਸ ਕਰਕੇ ਉਮਰ ਬਿਤਾਈ। ਜੀਜਾ, ਸੰਤ ਹਜ਼ੂਰ ਸਿੰਘ ਦੇ ਉਦਮ ਨਾਲ ਆਪ ਨੇ ਦੋ ਸਾਲ ਦੇਹਰਾਦੂਨ ਅੰਧ ਵਿਦਿਆਲੇ ਵਿੱਚ ਪੜ੍ਹਾਈ, ਦਸਤਕਾਰੀ ਸੰਗੀਤ ਦੀ ਵਿਦਿਆ ਪ੍ਰਾਪਤ ਕੀਤੀ। ਜਿਸ ਸਦਕਾ ਆਪ ਦਾ ਹੋਰ ਆਤਮਿਕ ਬਲ ਵਧੇਰਾ ਹੋਇਆ। ਆਪ ਨੂੰ ਕਿਸੇ ਤੋਂ ਸਾਰੀ ਉਮਰ ਮੰਗਣ ਦੀ ਲੋੜ ਨਹੀਂ ਪਈ। ਬੱਚਿਆਂ ਨੂੰ ਆਪ ਅਕਸਰ ਮਨ ਪਰਚਾਵੇ ਵਾਸਤੇ ਪੈਸੇ ਦਿੰਦੇ ਹੀ ਰਹਿੰਦੇ। ਚਾਹੇ ਮਹੱਲੇ ਦਾ ਕੋਈ ਬੱਚਾ ਹੋਵੇ। ਇਕ ਘੰਟਾ ਨਾਮ ਸਿਮਰਨ ਤੋਂ ਇਲਾਵਾ ਰਾਤ ਦਿਨ ਹੱਥ ਕਾਰ ਵੱਲ ਮਨ ਯਾਰ ਸਤਿਗੁਰੂ ਵਲ। ਰਾਤ ਦੋ ਵਜੇ ਵੇਖੋ ਤਾਂ ਭੀ ਕੰਮ ਕਰਦੇ ਵੇਖੇ ਗਏ। ਰਸਨਾ ਨਾਲ ਨਾਮ ਜਪਦੇ।

ਸੰਤ ਕਰਤਾਰ ਸਿੰਘ ਦਾ ਜਨਮ ਪਿੰਡ ਢੋਡਾ ਜ਼ਿਲ੍ਹਾ ਸਿਆਲਕੋਟ (ਹਾਲ ਪਾਕਿਸਤਾਨ) ਵਿੱਚ ਪਿਤਾ ਸੰਤ ਨੱਥਾ ਸਿੰਘ ਮਾਤਾ ਇੰਦਰ ਕੌਰ ਦੇ ਗ੍ਰਹਿ ਵਿਖੇ ਹੋਇਆ ਘਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨ ਪੈਂਦੇ ਹੀ ਰਹਿੰਦੇ ਸਨ। ਸੰਤ ਜਗਤ ਸਿੰਘ ਖੰਡੂਵਾਲੀ ਵਾਲੇ ਬ੍ਰਹਮਵੇਤਾ ਵਿਦਵਾਨ ਮਹਾਨ ਪੁਰਸ਼ ਅਕਸਰ ਪਾਠ, ਅਖੰਡ ਪਾਠ ਆਦਿ ਪਿੰਡ ਢੋਡੇ ਵੀ ਅਤੇ ਦਿਲੀ ਭੀ ਕ੍ਰਿਪਾ ਕਰਦੇ ਰਹਿੰਦੇ। ਇਹ ਢੋਡੇਵਾਲਾ ਪ੍ਰਵਾਰ ਦਾਨ ਪੁੰਨ, ਗੁਰੂ ਸੇਵਾ ਵਿੱਚ ਮੁਖੀ ਰਿਹਾ ਹੈ। ਸੰਤ ਦਰਸ਼ਨ ਸਿੰਘ ਧਜ਼ਾਨ ਸਿੰਘ ਹਜ਼ੂਰੀ ਰਾਗੀ, ਪੰਡਿਤ ਗੋਪਾਲ ਸਿੰਘ, ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲੇ ਆਮ ਕਰਕੇ ਇਸ ਘਰ ਵਿੱਚ ਹੀ ਡੇਰਾ ਰਖਦੇ ਆਏ ਹਨ। ਇਸੀ ਕਾਰਨ ਆਪ ਨੂੰ ਗੁਰਬਾਣੀ ਅਤੇ ਇਤਿਹਾਸ ਦੀ ਜਾਣਕਾਰੀ ਸੁਭਾਵਕ ਮਿਲਦੀ ਰਹਿਦੀ। ਸ਼ੁਰੂ ਸ਼ੁਰੂ ਵਿੱਚ ਆਸਾ ਦੀ ਵਾਰ ਅਤੇ ਸੁਖਮਣੀ ਬਾਣੀਆ ਕੰਠ ਕਰਵਾਉਣ ਵਿੱਚ ਜਾਂ ਹੋਰ ਕੋਈ ਸ਼ਬਦ ਕੰਠ ਕਰਨ ਵਿੱਚ ਮੈਂ (ਸਤਿਨਾਮ ਸਿੰਘ, ਸੰਤ ਜੀ ਦਾ ਭਾਣਜਾ) ਬਹੁਤ ਮਦਦ ਕੀਤੀ ਸੀ। ਬਾਦ ਵਿੱਚ ਸੰਤ ਜੀ ਸੁਣਦੇ ਸੁਣਦੇ ਬਾਣੀ ਕੰਠ ਕਰ ਲੈਂਦੇ ਸਨ।

ਸੰਤ ਕਰਤਾਰ ਸਿੰਘ ੮੫ ਸਾਲ ਦੀ ਉਮਰ ਭੋਗ ਕੇ ੧੭ ਸਤੰਬਰ ਨੂੰ ਸੁਖਾਲੀਂ ਸਵਾਸੀ ਗੁਰਪੁਰੀ ਸਧਾਰ ਗਏ। ਸਸਕਾਰ ਸਮੇਂ ਲਗਭਗ ਬਹੁਤ ਸਾਰੇ ਜਥੇਦਾਰਾਂ ਰਾਗੀਆਂ ਨੇ ਭਾਗ ਲਿਆ ਅਤੇ ਹਰ ਰੋਜ਼ ਵਾਰੀ ਅਨੁਸਾਰ ਕੀਰਤਨ ਕਰਦੇ ਰਹੇ। ਸੰਤ ਪੂਰਨ ਸਿੰਘ, ਜਥੇ. ਸਰੈਣ ਸਿੰਘ, ਰਾਗੀ ਮਨਜੀਤ ਸਿੰਘ ਧਰਮ ਸਿੰਘ, ਜਥੇ: ਦਰਸਨ ਸਿੰਘ, ਜੋਗਾ ਸਿੰਘ, ਗੁਪਾਲ ਸਿੰਘ, ਬਲਬੀਰ ਸਿੰਘ ਢੁਲਕਈਆ ਆਦਿ ਤੋਂ ਬਾਦ ਕਈ ਦਿਨ ਨਾਮ ਸਿਮਰਨ ਦੇ ਨਾਲ ਜਥੇ: ਸੇਵਾ ਸਿੰਘ ਜੀ ਕਥਾ ਕਰਦੇ ਰਹੇ। ਠਾਕੁਰ ਉਦੇ ਸਿੰਘ ਜੀ ਨੇ ਭੀ ਭੋਗ ਤੋਂ ਇਕ ਦਿਨ ਪਹਿਲਾਂ ਘਰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਰਤਨ ਸਿੰਘ ਸੱਗੂ ਨੈਰੋਬੀ ਤੋਂ ਅਤੇ ਹਰਭਜਨ ਸਿੰਘ ਸੱਗੂ ਇੰਗਲੈਂਡ ਤੋਂ ਆਪਣੇ ਚਾਚਾ ਜੀ ਦੇ ਭੋਗ ਦੇ ਮੇਲੇ ਨੂੰ ਵਧੀਆ ਤੇ ਭਰਪੂਰ ਮਨਾਉਣ ਵਾਸਤੇ ਆਪਣਾ ਸਹਿਯੋਗ ਅਤੇ ਪ੍ਰੇਰਨਾ ਭੇਜੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ੨੭.੯.੨੦੦੨ ਨੂੰ ਨਾਮਧਾਰੀ ਗੁਰਦੁਆਰਾ ,ਵਿਖੇ ਸੰਤ ਕਰਤਾਰ ਸਿੰਘ ਦੇ ਆਤਮਕ ਕਲਿਆਣ ਵਾਸਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪ੍ਰਵਾਰ ਵਲੋਂ ਪਾਇਆ ਗਿਆ। ਅੱਜ ਦੇ ਕੀਰਤਨ ਵਿੱਚ ਸੰਤ ਮਨਜੀਤ ਸਿੰਘ ਰਾਗੀ ਅਤੇ ਜਥੇ: ਸੇਵਾ ਸਿੰਘ ਨੇ ਸੰਤ ਜੀ ਦੇ ਨਮਿਤ ਕੀਰਤਨ ਕੀਤਾ। ਉਪਰੰਤ ਡਾਕਟਰ ਬਲਵੰਤ ਸਿੰਘ ਅਤੇ ਗੁਰਦੀਪ ਸਿੰਘ ਢੋਡੇ ਵਾਲੇ ਨੇ ਸੰਤ ਜੀ ਦੇ ਜੀਵਨ ਤੇ ਰੌਸ਼ਨੀ ਪਾਈ।



Namdhari Elibrary NamdhariElibrary@gmail.com

# ਸੰਤ ਵੀ ਤੇ ਸਿਪਾਹੀ ਵੀ





ਸੰਤ ਚੰਨਣ ਸਿੰਘ ਪੁਲੀਸ ਵਿਚ ੩੯ ਸਾਲ ਨੌਕਰੀ ਕਰਨ ਪਿੱਛੋਂ ੩੦ ਸਤੰਬਰ ੨੦੦੨ ਨੂੰ ਬਤੌਰ ਡੀ.ਐਸ.ਪੀ. ਰਿਟਾਇਰ ਹੋ ਗਏ ਹਨ। ਉਹਨਾ ਨੂੰ ਪੁਲੀਸ ਦੇ ਵਾਇਰਲੈਸ ਵਿੰਗ ਵਿਚ ਬਤੌਰ ਸਿਪਾਹੀ ਦੇ ਨੌਕਰੀ ਸ਼ੁਰੂ ਕੀਤੀ ਅਤੇ ਤਰੱਕੀ ਕਰਦੇ ਕਰਦੇ ਡੀ.ਐਸ.ਪੀ. ਦੇ ਅਹੁਦੇ ਤੇ ਪੁੱਜੇ। ਆਪਣੀ ਨੌਕਰੀ ਸਮੇਂ ਉਹਨਾਂ ਦੇ ਸ਼ਾਨਦਾਰ ਰਿਕਾਰਡ ਨੇ ਸਭ ਨੂੰ ਮੋਹਿਆ ਅਤੇ ਨੌਕਰੀ ਸਮੇਂ ਉੱਚ ਅਧਿਕਾਰੀਆਂ ਅਤੇ ਸਾਥੀਆਂ ਵਿਚ ਬਹੁਤ ਮਾਨ ਸਨਮਾਨ ਪਾਇਆ। ਵਾਇਰਲੈਸ ਤੇ ਗੁਪਤ ਵਾਰਤਾਲਾਪ ਵਿਚ ਉਹਨਾਂ ਬਹੁਤ ਮੁਹਾਰਤ ਹਾਸਲ ਕੀਤੀ ਅਤੇ ਇਸ ਕਾਰਜ ਵਾਸਤੇ ਉਹ ਬਹੁਤ ਥੋੜ੍ਹੇ ਅਫਸਰਾਂ ਵਿਚੋਂ ਇਕ ਸਨ। ੧੯੬੫ ਅਤੇ ੧੯੭੧ ਦੀਆਂ ਭਾਰਤ-ਪਾਕ ਜੰਗਾਂ ਸਮੇਂ ਉਹਨਾ ਨੇ ਆਪਣੇ ਸੂਖਮ ਕੰਮਾਂ ਨੂੰ ਬਹੁਤ ਖੂਬੀ ਨਾਲ ਸਿਰੇ ਚਾੜ੍ਹ ਕੇ ਨਾਮਣਾ ਖੱਟਿਆ। ਬਿਹਾਰ ਇਲੈਕਸ਼ਨਾਂ ੧੯੯੫ ਅਤੇ ੧੯੯੯ ਵਿਚ ਵੀ ਉਹਨਾਂ ਦਿੱਤੀ ਡਿਊਟੀ ਨਿਭਾਈ। ਉਹਨਾ ਫਿਲੌਰ ਦੀ ਪੁਲੀਸ ਅਕੈਡਮੀ ਵਿਚ ਵਾਇਰਲੈਸ ਅਫਸਰ ਵਜੋਂ ਵੀ ਕੰਮ ਕੀਤਾ। ਇਸ ਸਮੇਂ ਵਾਇਰਲੈਸ ਵਿਚ ਨਵੇਂ ਟਰੇਨਿੰਗ ਕੋਰਸ ਸਫਲਤਾ ਸਹਿਤ ਚਾਲੂ ਕੀਤੇ ਗਏ। ਸਾਰੇ ਭਾਰਤ ਦੀਆਂ ਵਿਧਾਨ ਸਭਾਵਾਂ ਦੇ ਸਪੀਕਰਾਂ ਅਤੇ ਸੈਕਟਰੀਆਂ ਦੀ ਕਾਨਫਰੰਸ ਸਮੇਂ ਵੀ ਅਤੇ ਪੰਜਾਬ ਵਿਧਾਨ ਸਭਾ ਦੇ ਸਮਾਗਮਾਂ ਸਮੇਂ ਵੀ ਉਹਨਾਂ ਸ਼ਾਨਦਾਰ ਕੰਮ ਕੀਤਾ। ਵੱਖ-ਵੱਖ ਸਮਿਆਂ ਤੇ ਹੋਣ ਵਾਲੀਆਂ ਵਾਇਰਲੈਸ ਸਿਸਟਮ ਦੀਆਂ ਮੀਟਿੰਗਾਂ ਵਿਚ ਉਹਨਾਂ ਪੰਜਾਬ ਪੁਲੀਸ ਦੀ ਨੁਮਾਇੰਦਗੀ ਕੀਤੀ। ਬਤੌਰ ਪ੍ਰਤਿਆਸ਼ੀ ਜਾਂ ਕੋਚ ਵਜੋਂ ਉਹਨਾਂ ਵਲੋਂ ਪੁਲੀਸ ਵਿਚ ਕੀਤੀਆਂ ਸੇਵਾਵਾਂ ਵਜੋਂ ਉਹਨਾਂ ਦਾ ਨਾਮ ਰਾਸ਼ਟਰਪਤੀ ਪੁਲੀਸ ਮੈਡਲ ਵਾਸਤੇ ਵੀ ਭੇਜਿਆ ਗਿਆ। ਜਿਥੇ ਪੁਲੀਸ ਵਿਚ ਉਹਨਾਂ ਦਾ ਜੀਵਨ ਬਹੁਤ ਕਾਮਯਾਬੀ ਭਰਿਆ ਰਿਹਾ। ਉਥੇ ਪੁਲੀਸ ਨੌਕਰੀ ਬਾਦ ਉਹ ਇਕ ਪੂਰਨ ਨਿਤਨੇਮੀ ਸੰਤ ਵਾਂਗ ਵਿਚਰਦੇ ਰਹੇ। ਨਾਮ ਸਿਮਰਨ, ਬਾਣੀ ਅਤੇ ਬਾਣੇ ਦੇ ਧਾਰਨੀ। ਨਾਮਧਾਰੀ ਵਿਦਿਅਕ ਜਥਾ, ਨਾਮਧਾਰੀ ਦਰਬਾਰ ਨਾਮਧਾਰੀ ਸੰਗਤ ਚੰਡੀਗੜ੍ਹ ਜਾਂ ਜਲੰਧਰ ਦੀਆਂ ਸਰਗਰਮੀਆਂ ਵਿਚ ਉਹ ਸਦਾ ਸੇਵਾ ਭਾਵ ਨਾਲ ਜੁੜੇ ਰਹੇ। ਉਹ ਬਹੁਤ ਵਧੀਆ ਕੀਰਤਨੀਏ ਵੀ ਹਨ, ਢੋਲਕ, ਹਾਰਮੋਨੀਅਮ ਦੇ ਮਾਹਰ ਅਤੇ ਬਕਾਇਦਾ ਸ਼ਾਸਤਰੀ ਸੰਗੀਤ ਦੇ ਰਾਗਾਂ ਦੀ ਵਾਕਫੀ ਵਾਲੇ। ਉਹ ਦੀਵਾਨ ਵੀ ਲਾਉਂਦੇ ਹਨ ਅਤੇ ਸਟੇਜ ਸਕੱਤਰੀ ਵੀ ਸਫਲਤਾ ਸਹਿਤ ਕਰਦੇ ਹਨ। ਇਸ ਸਾਰੇ ਕੰਮ ਵਿਚ ਉਹ ਕੋਈ ਝਿਜਕ ਨਹੀਂ ਮਹਿਸੂਸ ਕਰਦੇ। ਉਹ ਖਾਲਸਾ ਸ਼ਤਾਬਦੀ ਮਾਰਚ ਅਨੰਦਪੁਰ ਵਿਚ ਆਪ ਗਲ ਵਿਚ ਢੋਲਕੀ ਪਾ ਕੇ ਸ਼ਾਮਲ ਹੋਏ। ਕਈ ਪੁਲੀਸ ਕਰਮੀ ਉਹਨਾਂ ਵਲ ਇਸ਼ਾਰੇ ਵੀ ਕਰਦੇ ਸਨ ਕਿ ਉਹ ਸਾਹਿਬ ਜੀ ਢੋਲਕੀ ਵਜਾ ਰਹੇ ਹਨ। ਉਹ ਮੰਨਦੇ ਹਨ ਕਿ ਡੀ.ਐਸ.ਪੀ. ਬੰਨਣਾ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਕ ਬਚਨ ਦਾ ਕ੍ਰਿਸ਼ਮਾ ਹੈ ਕਿ "ਸਤਿਗੁਰੂ ਕਿਰਪਾ ਕਰਨ ਤੁਸੀਂ ਡੀ.ਐਸ.ਪੀ. ਬਣੋ। ਸ. ਚੰਨਣ ਸਿੰਘ ਹੋਰਾਂ ਦਾ ਪਿੰਡ ਜਲੰਧਰ ਲਾਗੇ ਗੁਦਾਈਪੁਰ ਹੈ ਅਤੇ ਸਾਰਾ ਪਰਿਵਾਰ ਹੀ ਪੂਰਨ ਗੁਰਸਿਖ ਹੈ ਅਤੇ ਨੌਕਰੀ ਅੱਜ ਕਲ੍ਹ ਚੰਡੀਗੜ੍ਹ ਸੀ। ਸ. ਚੰਨਣ ਸਿੰਘ ਦਾ ਕਹਿਣਾ ਹੈ ਕਿ ਸ. ਹਰਵਿੰਦਰ ਸਿੰਘ ਹੰਸਪਾਲ ਜੀ ਦੀ ਸਦਾ ਹੀ ਉਹਨਾਂ ਨੂੰ ਸਰਪ੍ਰਸਤੀ ਹਾਸਲ ਰਹੀ ਹੈ। ਨਾਮਧਾਰੀ ਸੰਗਤ ਚੰਡੀਗੜ੍ਹ ਮੁਹਾਲੀ ਅਤੇ ਆਲੇ ਦੁਆਲੇ ਦੀ ਸੰਗਤ ਨੇ ਉਹਨਾਂ ਦੀ ਰਿਟਾਇਰਮੈਂਟ ਤੇ ਉਹਨਾਂ ਦੇ ਅਗਲੇ ਸਫਲ ਜੀਵਨ ਦੀ ਕਾਮਨਾ ਕੀਤੀ ਹੈ। ਚੰਡੀਗੜ੍ਹ ਸੰਗਤ ਦੇ ਸੂਬਾ ਪਰਮਜੀਤ ਸਿੰਘ ਸੂਬਾ ਗੁਰਮੁਖ ਸਿੰਘ ਅਤੇ ਪ੍ਰਧਾਨ ਹਰਭਜਨ ਸਿੰਘ ਸਲੂਜਾ ਜੀ ਨੇ ਇਕ ਬਿਆਨ ਵਿਚ ਉਹਨਾਂ ਦੀ ਸੇਵਾ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਵੀ ਕਾਮਯਾਬੀ ਦੀ ਅਰਦਾਸ ਕੀਤੀ ਹੈ। ਸਤਿਜੁਗ ਅਤੇ ਵਰਿਆਮ ਦੇ ਉਹ ਪਰਮ ਸਨੇਹੀ ਰਹੇ ਹਨ ਅਤੇ ਹਰ ਸਮੇਂ ਇਹਨਾਂ ਨਾਲ ਜੁੜੇ ਰਹੇ ਹਨ। ਉਹਨਾਂ ਦੇ ਨਵੇਂ ਜੀਵਨ ਦੀ ਸ਼ੁਰੂਆਤ ਦੀ ਸਫਲਤਾ ਦੀ ਅਸੀਂ ਕਾਮਨਾ ਕਰਦੇ ਹਾਂ।

—*ਜਗਦੀਸ਼ ਸਿੰਘ*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA



Namdhari Elibrary NamdhariElibrary@gmail.com

# ਵਰਿਆਮ ਨੂੰ ਸਹਾਇਤਾ

ਸੰਤ ਭੂਪਿੰਦਰ ਸਿੰਘ (ਕੈਨੇਡਾ ਨਿਵਾਸੀ) ਹੋਰਾਂ ਆਪਣੇ ਪਿਤਾ ਸੰਤ ਕਰਤਾਰ ਸਿੰਘ ਮਣਕੂ ਦੀ ਯਾਦ ਵਿੱਚ ਰਖਾਏ ਪਾਠ ਦੇ ਭੋਗ ਸਮੇਂ ਮਾਸਕ ਵਰਿਆਮ ਨੂੰ ਸੰਤ ਗੁਰਦੀਪ ਸਿੰਘ ਰਾਹੀਂ ਭੇਜੀ ਸਹਾਇਤਾ 3000/-ਰੁਪੈ

-o-

ਸੰਤ ਚੰਨਣ ਸਿੰਘ ਨਾਮਧਾਰੀ ਡੀ.ਐਸ.ਪੀ ਪਿੰਡ ਗਦਾਈਪੁਰ (ਜਲੰਧਰ) ਅਤੇ ਚੰਡੀਗੜ੍ਹ ਹੋਰਾਂ ਵਲੋਂ ਆਪਣੇ ਪੰਜਾਬ ਪੁਲੀਸ ਦੇ ਅਹੁਦੇ (ਡੀ ਐਸ ਪੀ) ਤੋਂ ਸਫਲਤਾ ਸਹਿਤ ਰਿਟਾਇਰਮੇਂਟ ਦੇ ਅਵਸਰ ਤੇ ੧000/-ਰੁਪੈ

-o-

ਸੁ. ਕੁਲਵੰਤ ਸਿੰਘ ਉਭੀ ਅਤੇ ਬੀਬੀ ਰਾਜਿੰਦਰ ਕੌਰ ਉਭੀ ਦੇ ਘਰ ਸਤਿਗੁਰੂ ਜੀ ਨੇ ਪੋਤਰੇ (ਸਪੁੱਤਰ ਸੁ. ਕੁਲਦੀਪ ਸਿੰਘ ਉਭੀ ਅਤੇ ਬੀਬੀ ਪਵਨਜੀਤ ਕੌਰ) ਦੀ ਦਾਤ ਬਖਸ਼ੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਦਾ ਨਾਮ ਕਿਰਪਾ ਸਿੰਘ ਰੱਖਿਆ ਹੈ। ਇਸ ਖੁਸ਼ੀ ਵਿੱਚ ਭੁਝੰਗੀ ਕਿਰਪਾ ਸਿੰਘ ਦੇ ਨਾਨਾ ਜੀ ਉਸਤਾਦ ਹਰਭਜਨ ਸਿੰਘ ਰਾਗੀ ਹੋਰਾਂ ਰਾਹੀਂ ਇੰਗਲੈਂਡ ਤੋਂ ਭੇਜੀ ਸਹਾਇਤਾ ੫00/-ਰੁਪੈ

-o-

ਸੁ. ਸੇਵਾ ਸਿੰਘ ਜੀ ਜਥੇਦਾਰ ਦਿੱਲੀ ਵਾਲਿਆਂ ਵਲੋਂ ਵਰਿਆਮ ਦੀ ਚੜ੍ਹਦੀ ਕਲਾ ਲਈ ੫00/ਰੁਪੈ

-o-

ਬੀਬੀ ਪਿਆਰ ਕੌਰ ਦਿੱਲੀ (ਅਮਰ ਭਾਰਤੀ ਹੋਰਾਂ ਦੇ ਭੈਣ ਜੀ) ਵਲੋਂ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ ੫00/ਰੁਪੈ

-o-

ਨਾਮਧਾਰੀ ਸੰਗਤ ਦਿੱਲੀ ਦੇ ਪ੍ਰਧਾਨ ਸੰਤ ਸਾਧਾ ਸਿੰਘ ਮਹਾਰਾਂ ਵਾਲਿਆਂ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਖੰਡ ਪਾਠ ਸਮੇਂ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਿੱਲੀ ਆਉਣ ਦੀ ਖੁਸ਼ੀ ਵਿੱਚ ੫00/ਰੁਪੈ

-o-

ਸ. ਸੁਖਦੇਵ ਸਿੰਘ, ਸੁਰਿੰਦਰ ਸਿੰਘ ਅਤੇ ਨਰਿੰਦਰ ਸਿੰਘ, ਮਨਚੰਦਾ ਦਿੱਲੀ ਵਲੋਂ ਆਪਣੀ ਮਾਤਾ ਦੀ ਯਾਦ ਵਿੱਚ ਸਾਧਾਰਨ ਪਾਠ ਦੇ ਭੋਗ ਸਮੇਂ ੨੫0/ਰੁਪੈ

-o-

ਸੰਤ ਅਮਰ ਸਿੰਘ, ਨਰੈਣ ਸਿੰਘ ਅਤੇ ਗੁਰਦੀਪ ਸਿੰਘ ਢੰਡੇਵਾਲੇ ਵਲੋਂ ਸੰਤ ਕਰਤਾਰ ਸਿੰਘ ਰਾਗੀ ਢੰਡੇਵਾਲੇ ਦੀ ਯਾਦ ਵਿੱਚ ਪਾਠ ਦੇ ਭੋਗ ਸਮੇਂ ੨੫0/ਰੁਪੈ

-o-

ਸ. ਬਲਵਿੰਦਰ ਸਿੰਘ ਨਰਿੰਦਰ ਸਿੰਘ ਨਾਗੀ, ਮਾਨਸਰੋਵਰ ਗਾਰਡਨ, ਨਵੀਂ ਦਿੱਲੀ ਵਾਲਿਆਂ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਪਾਠ ਦੇ ਭੋਗ ਸਮੇਂ ੨00/ਰੁਪੈ

-o-

ਸ. ਬਲਦੇਵ ਸਿੰਘ ਚਾਨਾ, ਨਾਮਧਾਰੀ ਕਲੋਨੀ ਦਿੱਲੀ ਵਾਲਿਆਂ ਵਲੋਂ ਆਪਣੀ ਸੁਪਤਨੀ ਬੀਬੀ ਸਤਿਨਾਮ ਕੌਰ ਨਮਿਤ ਰੱਖੇ ਪਾਠ ਦੇ ਭੋਗ ਸਮੇਂ ੨00/ਰੁਪੈ

-o-

ਅੰਮ੍ਰਿਤਸਰ ਤੋਂ ਸ. ਵਿਧਾਤਾ ਸਿੰਘ ਕਮਾਲ ਕਵੀ ਹੋਰਾਂ ਵਰਿਆਮ ਨਾਲ ਪਿਆਰ ਵਜੋਂ ੨00/ਰੁਪੈ

-o-

ਸੁ. ਦਵਿੰਦਰ ਸਿੰਘ ਸੇਠੀ, ਨਵੀਂ ਦਿੱਲੀ ਵਾਲਿਆਂ ਵਲੋਂ ੧00/ਰੁਪੈ

-o-

ਸੰਤ ਤਰਨ ਸਿੰਘ ਵਹਿਮੀ ਜੀ ਦੇ ਪੜੋਤੇ, ਗੁਰਬਖਸ਼ ਸਿੰਘ ਦੇ ਪੁੱਤਰ ਕਾਕਾ ਸੁਮੀਤ ਸਿੰਘ ਦੇ +2 ਵਿਚੋਂ ਮੈਰਿਟ ਵਿੱਚ ਆਉਣ ਦੀ ਖੁਸ਼ੀ ਵਿੱਚ ਸ. ਸਾਧੂ ਸਿੰਘ ਕਿਸਾਨ (ਦਾਦਾ ਜੀ) ਹੋਰਾਂ ਵਲੋਂ ੧00/ਰੁਪੈ

-o-

ਜੀ. ਡੀ. ਚੌਧਰੀ, ਸਿਰਸਾ ਹੋਰਾਂ ਵਲੋਂ ਸਾਧੂ ਸਿੰਘ ਕਿਸਾਨ ਰਾਹੀਂ ੧00/ਰੁਪੈ

-o-

ਸੁ. ਬਲਬੀਰ ਸਿੰਘ ਢਿੱਲੋਂ ਵਲੋਂ ਆਪਣੇ ਪੋਤਰੇ ਕਾਕਾ ਉਦੇਵੀਰ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿੱਚ ੧0੧/ਰੁਪੈ

-o-

ਸੂਬਾ ਕਰਤਾਰ ਸਿੰਘ ਹੱਠੀਆਂ ਵਾਲਿਆਂ ਦੇ ਪਰਿਵਾਰ ਵਲੋਂ ਦੋ ਅਖੰਡ-ਪਾਠਾਂ ਦੇ ਭੋਗ ਸਮੇਂ ਸ. ਜੋਗਿੰਦਰ ਸਿੰਘ ਕੰਗ ਰਾਹੀਂ ਭੇਜੀ ਸਹਾਇਤਾ ੧0੧/ਰੁਪੈ

-o-

ਜ: ਸੇਵਾ ਸਿੰਘ ਮਲ੍ਹੇ, ਰਮੇਸ਼ ਨਗਰ ਦਿੱਲੀ ਵਾਲਿਆਂ ਵਲੋਂ ਵਿਸ਼ਵਕਰਮਾ ਦਿਵਸ ਦੀ ਖੁਸ਼ੀ ਵਿੱਚ ੬੧/ਰੁਪੈ

-o-

ਪਾਲ ਟਰੇਡਰਜ਼ ਲੁਧਿਆਣਾ ਵਲੋਂ ੫0/-ਰੁਪੈ



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਦਾ ਅਕਤੂਬਰ ਅੰਕ ਮੇਰੇ ਲਈ ਉਦਾਸੀ ਵਾਲਾ ਸੀ। ਕਿਉਂਕਿ ਉਸ ਵਿਚੋਂ ਆਪਣੇ ਮਿਤਰ ਪਿਆਰੇ ਤਰਲੋਕ ਮਨਸੂਰ ਜੀ ਦੀ ਮੌਤ ਦੀ ਖਬਰ ਪੜ੍ਹੀ ਸੀ। ਉਸ ਦੀ ਯਾਦ ਨਾਲ ਸੁਰਜੀਤ ਖੁਰਸ਼ੀਦੀ ਜੀ ਦੀ ਯਾਦ ਆ ਗਈ। ਦੋਵੇਂ ਮਨੁੱਖ ਇਸ ਸੰਸਾਰ ਵਿੱਚ ਨਹੀਂ ਹਨ।

ਸਵ. ਸ. ਪ੍ਰੀਤਮ ਸਿੰਘ ਕਵੀ ਜੀ ਦਾ ਲਿਖਿਆ ਲੇਖ ਸਤਿਗੁਰੂ ਜੀ ਦੀ ਮਾਤਾ ਜੀ ਬਾਰੇ ਪੜ੍ਹਿਆ ਜਿਹੜਾ ਕਵੀ ਜੀ ਨੇ ਬਹੁਤ ਸੋਹਣਾ ਤੇ ਬੜੀ ਸ਼ਰਧਾ ਨਾਲ ਲਿਖਿਆ ਏ।

ਤਰਲੋਕ ਮਨਸੂਰ ਜੀ ਦਾ ਲੇਖ 'ਰਿਮ ਝਿਮ ਬਰਸੇ' ਪੜ੍ਹਿਆ ਇਹ ਲੇਖ ਤਰਲੋਕ ਮਨਸੂਰ ਜੀ ਦਾ ਆਖਰੀ ਹੋਵੇਗਾ, ਜਿਹੜਾ ਬੜੇ ਪਿਆਰ ਨਾਲ ਭੈਣੀ ਸਾਹਿਬ ਬਾਰੇ ਲਿਖਿਆ ਏ ; ਕਿਉਂਕਿ ਆਪ ਦੀ ਲਿਖਤ ਵਿੱਚ ਮਨਸੂਰ ਜੀ ਨੇ ਭੈਣੀ ਸਾਹਿਬ ਦੇ ਬਹੁਤ ਚੰਗੇ ਦਰਸ਼ਨ ਕਰਵਾਏ ਹਨ।

ਸਵਰਨ ਸਿੰਘ ਸਨੇਹੀ ਨੇ ਸ. ਪ੍ਰੀਤਮ ਸਿੰਘ ਕਵੀ ਜੀ ਬਾਰੇ ਬਹੁਤ ਚੰਗਾ ਚਾਨਣਾ ਪਾਇਆ ਏ। ਆਪਣੇ ਲੇਖ ਵਿੱਚ ਕਿ ਕਵੀ ਜੀ ਜਿਸ ਵੀ ਕੰਮ ਨੂੰ ਲਗਨ ਨਾਲ ਕਰਦਾ ਸੀ, ਉਸ ਕੰਮ ਵਿੱਚ ਹੀ ਕਮਾਲ ਕਰ ਦਿੰਦਾ ਸੀ।

ਡਾ. ਲਖਬੀਰ ਸਿੰਘ ਦਾ 'ਮਸਲਾ ਇਕ ਫੋਟੋ ਦਾ' ਜਿਹੜਾ ਏ ਇਹ ਮਸਲਾ ਬਹੁਤ ਸਾਰੇ ਪਾਠਕਾਂ ਦਾ ਹੁੰਦਾ ਏ। ਹਰ ਮਨੁੱਖ ਕਿਸੇ ਪਰਸਨੇਲਟੀ ਨਾਲ ਫੋਟੋ ਖਿਚਾ ਕੇ ਆਪਣੀ ਭੁੱਖ ਮਿਟਾਉਂਦਾ ਏ। ਇਹ ਖਿੱਚ ਹੀ ਇਸ ਤਰ੍ਹਾਂ ਦੀ ਹੈ।

*—ਹਰਭਜਨ ਸਿੰਘ ਬਾਜਵਾ*
*ਬਟਾਲਾ*

ਵਰਿਆਮ ਲਗਾਤਾਰ ਮਿਲ ਰਿਹਾ ਹੈ। ਇਸ ਵਾਰ ਤਾਂ ਦੋ ਅਕਤੂਬਰ ਨੂੰ ਬੜੇ ਟਾਇਮ ਨਾਲ ਮਿਲਿਆ ਹੈ। ਪਰਚੇ ਦੇ ਲੇਖ ਸਾਰੇ ਹੀ ਬੜੇ ਉੱਚ ਪੱਧਰ ਦੇ ਹੁੰਦੇ ਹਨ। ਬੜੇ ਧਿਆਨ ਨਾਲ ਪੜ੍ਹੀਦੇ ਹਨ। ਇਕ Reference Library ਦੀ ਤਰ੍ਹਾਂ ਸਾਰੇ Paper ਬੜੇ ਸੰਭਾਲ ਕੇ ਰਖੀਦੇ ਹਨ। ਜਦੋਂ ਦਾ ਮੈਂ ਵਰਿਆਮ ਪੜ੍ਹਨਾ ਸ਼ੁਰੂ ਕੀਤਾ ਹੈ ਮੇਰੇ ਧਾਰਮਕ ਤੇ ਇਤਿਹਾਸਕ ਗਿਆਨ ਵਿੱਚ ਬਹੁਤ ਵਾਧਾ ਹੋਇਆ ਹੈ। ਖਾਸਕਰ ਨਾਮਧਾਰੀ ਪੰਥ ਦੇ ਪਿਛੋਕੜ ਬਾਰੇ ਜਾਣ ਕੇ।

ਸਾਡੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਇਹੋ ਅਰਦਾਸ ਹੈ ਕਿ ਆਪ ਨੂੰ ਤੰਦਰੁਸਤੀ ਦੀ ਦਾਤ ਬਖਸ਼ਣ 'ਸਦਾ ਰਹੈ ਕੰਚਨ ਸੀ ਕਾਇਆ ਕਾਲ ਨ ਕਬਹੂੰ ਬਿਆਪੈ' ਤੇ ਆਪ ਨੂੰ ਉੱਦਮ ਤੇ ਬਲ ਬਖਸ਼ਣ ਤੇ ਆਪ ਲਗਾਤਾਰ ਇਸੇ ਤਰ੍ਹਾਂ ਨਾਮਧਾਰੀ ਪੰਥ, ਸਿੱਖ ਸਮਾਜ, ਪੰਜਾਬੀ ਸਾਹਿਤ, ਪੰਜਾਬੀ ਸਭਿਅਤਾ, ਦੇਸ਼ ਦੀ ਤੇ ਸਮੁੱਚੀ ਮਾਨਵਤਾ ਦੀ ਸੇਵਾ ਆਪਣੇ ਪਰਚੇ 'ਵਰਿਆਮ' ਰਾਹੀਂ ਕਰਦੇ ਰਹੋ।

*ਬਚਿਤ੍ਰ ਸਿੰਘ ਬਸਰਾ*
*ਲੈਸਟਰ (ਯੂ. ਕੇ)*

ਅਕਤੂਬਰ ਅੰਕ ਪੜ੍ਹਿਆ ਅਤੇ ਮਾਣਿਆ ਹੈ। ਯੁਵਾ ਸਫਰਨਾਮਾ ਲੇਖਕ ਸੁਪਨਦੀਪ ਸੰਧੂ ਬਾਰੇ, ਉਸਦੀ ਪੁਸਤਕ "ਜਾਣੇ ਅਣਜਾਣੇ ਸਫਰ" ਨੂੰ ਆਪਣੇ ਵਿਸ਼ਾਲ ਕਲੇਵਰ ਵਿੱਚ ਲੈਂਦਿਆਂ ਤੁਹਾਡੀ ਕਲਮ ਅਰਦਾਸ ਅਤੇ ਅਸੀਸ ਦੀ ਮਾਰਫਤ ਬਹੁਤ ਕੁਝ ਕਹਿ ਗਈ ਹੈ। ਜੀਵਨ ਸੰਬੰਧਾਂ ਦਾ ਚਿਤਰਣ ਰਚਨਾ ਵਿੱਚ ਨਿੱਗਰਤਾ ਭਰਦਾ ਹੀ ਹੈ। ਤੁਹਾਡੀ ਖੂਬੀ ਇਹ ਵੀ ਹੈ ਕਿ ਸਲੱਗ ਪੁੱਤਰ ਦੇ ਮਧਿਅਮ ਨਾਲ ਸੁਯੋਗ ਪਿਤਾ ਬਾਰੇ ਵੀ ਕਾਫੀ ਜਾਣਕਾਰੀ ਦਿੱਤੀ ਹੈ।

ਉੱਤਰੀ ਗਰਿੱਡ ਤੋਂ ਬਿਜਲੀ ਹਾਸਲ ਕਰਨ ਵਾਲੇ ਸਾਰੇ ਰਾਜਾਂ ਦੀ ਤਰ੍ਹਾਂ ਪੰਜਾਬ ਵਿਚਲੇ ਬਿਜਲੀ ਦੇ ਅੱਧ ਮਟੱਕੇ ਨੂੰ, ਬਲਦੇਵ ਮਾਧੋਪੁਰੀ ਹੁਰਾਂ ਨੇ ਪੰਜਾਬੀ ਸਭਿਆਚਾਰ ਦੀਆਂ ਸੂਖਮ ਛੋਹਾਂ ਦੁਆਰਾ ਬਿਆਨਿਆ ਹੈ।

ਸੁਵਰਨ ਸਿੰਘ ਸਨੇਹੀ ਹੋਰੀਂ ਆਪਣੇ ਕਰਤਾਰੀ ਜਲੌਅ ਨਾਲ ਸਮੁੱਚੇ ਪਰਚੇ ਵਿੱਚ ਪ੍ਰਕਾਸ਼ਮਾਨ ਹਨ। ਉਹਨਾਂ ਨੇ ਚੋਪੜੀਆਂ ਨਾਲੇ ਦੋ ਦੋ ਵਾਲਾ ਮੁਹਾਵਰਾ ਸਾਰਥਕ ਕਰ ਵਿਖਾਇਆ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਸ਼ਹੀਦੀ ਜੰਞ ਦੇ ਇਕ ਲਾੜੇ ਭਾਈ ਝੰਡਾ ਸਿੰਘ ਠੱਠੇ ਵਾਲਿਆਂ ਨੂੰ ਅਣਗੌਲੇਪਣ ਦੇ ਸਰਾਪ ਤੋਂ ਮੁਕਤ ਕਰਵਾਉਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਨਾਮਧਾਰੀ ਸ਼ਹੀਦਾਂ ਪ੍ਰਤੀ ਉਦਾਸੀਨਤਾ ਦੂਰ ਕਰਵਾਉਣ ਦੇ ਨਾਲ ਹੀ ਉਹਨਾਂ ਸਾਡੇ ਮਾਣ ਤੇ ਮੋਹ ਦੇ ਪਾਤਰ ਸਤਿਗੁਰੂ ਜਗਜੀਤ ਸਿੰਘ



Namdhari Elibrary NamdhariElibrary@gmail.com

ਹੋਰਾਂ ਦੇ ਬਾਲ-ਸਖਾ ਅਤੇ ਪੰਜਾਬੀ ਵਾਰਤਕ ਵਿੱਚ ਨਵੀਆਂ ਪੈੜਾਂ ਪਾਉਣ ਵਾਲੇ ਉਸ ਪ੍ਰੀਤਮ ਸਿੰਘ ਕਵੀ ਨੂੰ ਯਾਦ ਕੀਤਾ ਹੈ, ਜੋ ਜਾਣਿਆ ਕਵੀ ਕਰਕੇ ਜਾਂਦਾ ਰਿਹਾ ਪਰ ਕਵਿਤਾ ਨਾਲੋਂ ਨਸਰ ਉਹਨਾਂ ਹਜ਼ਾਰ ਗੁਣਾਂ ਵੱਧ ਲਿਖੀ। ਜਿਵੇਂ ਆਪਦੇ ਜੀਵਨ ਨਗਰ ਕਿਆਮ ਦੌਰਾਨ ਸਾਹਿਤ ਜਗਤ ਦੀਆਂ ਨਵੀਆਂ ਕਰੂੰਬਲਾਂ ਨੂੰ ਠੀਕ ਦਿਸ਼ਾ ਦੇਣ ਵਾਲਾ ਉਹਨਾਂ ਦਾ ਯੋਗਦਾਨ ਸਦਾ ਯਾਦ ਰਹੇਗਾ, ਤਿਵੇਂ ਕਵੀ ਜੀ ਦੀ ਕੀਰਤੀ ਨੂੰ ਸਹੀ ਸੰਦਰਭ ਵਿੱਚ ਬਿਆਨਣ ਵਾਲਾ ਸਨੇਹੀ ਜੀ ਦਾ ਇਹ ਯਾਦ ਲੇਖ, ਕਵੀ ਜੀ ਬਾਰੇ ਲਿਖੇ ਗਏ ਡਾ. ਅਮਰ ਭਾਰਤੀ ਅਤੇ ਤੁਹਾਡੇ ਲੇਖਾਂ ਦੀ ਕੋਟੀ ਵਿੱਚ ਸ਼ਾਮਲ ਹੋ ਕੇ ਅਮਰ ਰਚਨਾ ਦੀ ਪਦਵੀ ਨੂੰ ਪ੍ਰਾਪਤ ਹੋਏਗਾ।

ਤਰਲੋਕ ਮਨਸੂਰ ਹੋਰਾਂ ਦਾ ਅਚਾਨਕ ਤੁਰ ਜਾਣਾ ਉਦਾਸ ਕਰ ਗਿਆ ਹੈ, ਉਹ ਤਾਂ ਜਿਵੇਂ ਵਰਿਆਮ ਪਰਿਵਾਰ ਦੇ ਇਕ ਅੰਗ ਹੀ ਸਨ। ਆਪਣੀ ਵਾਰਤਕ ਲਈ ਜਾਣੇ ਜਾਂਦੇ ਰਹਿਣਗੇ। ਕਵੀਆਂ ਵਿੱਚ ਦਲਬੀਰ ਸਿੰਘ ਤਰਸ, ਮਲਕੀਤ ਮੀਤ, ਸ਼ਿਵਨਾਥ, ਚਰਨ ਸੀਚੇਂਵਾਲਵੀ, ਕੂਕਾ ਜੀ ਤੇ ਚੀਮਾ ਜੀ ਦਾ ਠੋਸ ਯੋਗਦਾਨ ਹੈ। ਕਾਮਰੇਡ ਜੋਗਾ ਜੀ ਬਾਰੇ ਦੋ ਲੇਖ ਛਾਪ ਕੇ ਤੁਸਾਂ ਭਰਪੂਰ ਸ਼ਰਧਾਂਜਲੀ ਸਮਰਪਿਤ ਕੀਤੀ ਹੈ। ਡਾ. ਲਖਵੀਰ ਸਿੰਘ ਹੋਰਾਂ ਨੂੰ ਵੀ ਲਗਾਤਾਰ ਪੜ੍ਹਦੇ ਲਿਖਦੇ ਰਹਿਣ ਲਈ ਉਤਸ਼ਾਹਿਤ ਕਰਨਾ ਜ਼ਰੂਰੀ ਹੈ।

ਮੇਰੇ ਚਿਰ ਪਰਿਚਿਤ ਸੱਜਣ ਸੁਰਜੀਤ ਸਿੰਘ ਜੀਤ ਵਲੈਤੀਏ ਨੇ ਮੈਨੂੰ ਗੂੜ੍ਹ ਚਿੰਤਕ ਬਣਾ ਕੇ ਫਿਰ ਪੱਖਪਾਤੀ ਹੋਣ ਦਾ ਕਹਿ ਦਿਤਾ ਹੈ। ਉਹਨਾਂ ਨੂੰ ਚਕਰਵਰਤੀ ਜੀ ਦੁਆਰਾ ਉਹਨਾਂ ਦੇ ਮਹਾਂਕਾਵਿ "ਮਾਲਵੇਂਦਰ" ਦੇ ਨਾਮਕਰਣ ਤੇ ਕੀਤਾ ਇਤਰਾਜ਼ ਸਹੀ ਹੋ ਸਕਦਾ ਹੈ, ਪਰ ਇਸ ਵਿੱਚ ਮੇਰਾ ਕੀ ਦੋਸ਼ ਹੈ ਮੈਂ ਤੇ ਇਹ ਨਹੀਂ ਰੱਖਿਆ। ਵੈਸੇ ਹਰ ਮਹਾਨ ਵਿਅਕਤੀ ਦਾ ਵੀ ਇਕ "ਇਤਿਹਾਸਕ-ਭੂਗੋਲ" ਹੁੰਦਾ ਹੈ, ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪ੍ਰੰਤੂ ਇਹ ਇਕ ਲੰਮੀ ਚਰਚਾ ਦਾ ਵਿਸ਼ਾ ਹੈ ਅਤੇ ਖਤ ਦੀ ਸੀਮਾ ਵਿੱਚ ਸੰਭਵ ਨਹੀਂ। ਜਿਹੜੇ ਪੜ੍ਹਦੇ ਹਨ, ਲਿਖਦੇ ਹਨ ਅਤੇ ਕੁਝ ਕਹਿੰਦੇ ਹਨ ਵਧੀਆ ਹਨ।

*—ਸੁਵਰਨ ਸਿੰਘ ਵਿਰਕ*
*ਕਰੀਵਾਲਾ (ਸਿਰਸਾ)*

ਐਤਕਾਂ ਸਭ ਤੋਂ ਬਹੁਤੀ ਖੁਸ਼ੀ ਤੇ ਸੱਚੇ ਪਾਤਸ਼ਾਹ ਜੀਆਂ ਦੇ ਦਰਸ਼ਨ ਕਰ ਹੋਈ। ਇਸ ਆਸਣ ਨੂੰ ਤੇ ਪੂਰਨ ਸਿਹਤ ਹੀ ਸਹਿਣ ਕਰ ਸਕਦੀ ਹੈ। ਤੁਹਾਡਾ ਧੰਨਵਾਦ।

ਪੁਰਾਣੀਆਂ ਯਾਦਾਂ ਭੀ ਤਾਜ਼ਾ ਹੋ ਆਈਆਂ ਕਵੀ ਜੀਆਂ ਨੂੰ ਪੜ੍ਹ ...ਤੇ ਫਿਰ ਸੁਨੇਹੀ ਜੀ ਜਿਵੇਂ ਸਤਿਜੁਗ ਦਾ ਹੀ 'ਬੇਅੰਤ' ਅੰਤ ਹੋਵੇ। ਸੁਨੇਹੀ ਜੀ ਖੋਜ ਵਿਚ ਬੜੀ ਡੂੰਘੀ ਟੁੱਭੀ ਮਾਰਦੇ ਹਨ ਤੇ ਸਾਨੂੰ ਦਿਖਾਉਣ ਲਈ ਹਰ ਵੇਰ ਕੁਝ ਲੈ ਆਉਂਦੇ ਹਨ। ਇਕ ਵੇਰ ਇਨ੍ਹਾਂ ਸਾਡੇ ਪਿੰਡ ਭਾਸ਼ਣ ਵਿਚ ਆਖਿਆ ਸੀ, "ਮੇਰੇ ਕਾਰਤੂਸ ਹੁਣ ਸਭ ਚਲ ਚੁੱਕੇ ਹਨ।" ਮੈਂ ਸੁਣ ਕੇ ਡਰ ਜਿਹਾ ਗਿਆ ਸੀ। ਹੁਣ ਮਹਿਸੂਸਦਾ ਹਾਂ ਤੇ ਆਖਾਂਗਾ, "ਸੁਨੇਹੀ ਜੀ ਤੁਸੀਂ ਬਲਵਾਨ ਹੋ! ਪਾਤਸ਼ਾਹ ਤੁਹਾਨੂੰ ਚੜ੍ਹਦੀਆਂ ਕਲਾਂ ਬਖਸ਼ਣ।"

ਕਾਮਰੇਡ ਜੰਗੀਰ ਸਿੰਘ ਜੀਆਂ ਦਾ ਪੂਰਨ ਰੂਪ ਦਰਸਾ ਵਿਰਕ ਜੀਆਂ ਫਿਰ ਆਪਣਾ ਪਾਰਟ ਸ਼ਲਾਘਾਯੋਗ ਢੰਗ ਨਾਲ ਨਿਭਾਇਆ ਹੈ।

ਤਰਲੋਕ ਮਨਸੂਰ ਜਹੀ ਸ਼ਾਨਦਾਰ ਸ਼ਖਸੀਅਤ ਦਾ ਵਿਛੜਨਾ ਬਹੁਤ ਦੁਖਦਾਇਕ ਲਗਦਾ ਹੈ। ਜ਼ੋਰਾਵਰ ਅੱਗੇ ਝੁਕ ਚਲਣਾ ਹੀ ਬੁਧੀਮਾਨੀ ਹੈ। ਜੋ ਉਸ ਭਾਵੇਂ। ਅਜਾਣੇ ਬਾਬਤ ਲਿਖਦਿਆਂ ਕੁਝ ਡਰ ਜਿਹਾ ਲੱਗਣ ਲੱਗਾ ਪੈਂਦਾ ਹੈ। ਕਿਧਰੇ ਕਿਸੇ ਦਾ ਦਿਲ ਨਾ ਦੁੱਖ ਜਾਏ। ਸਾਰਿਆਂ ਤੋਂ ਮੈਂ ਕੁਝ ਨਾ ਕੁਝ ਜ਼ਰੂਰ ਸਿਖਦਾ ਹਾਂ।

"ਖਬਰਨਾਮੇ" ਵਿਚ ਭੀ ਬਹੁਤ ਕੁਝ ਹੁੰਦਾ ਹੈ ਗਿਆਨ ਗੋਚਰੇ ਕਰਨ ਲਈ ਤੇ ਪ੍ਰਤੀਕਿਰਿਆ ਭੀ ਆਪਣਾ ਕਾਰਜ ਠੀਕ ਕਰਦੀ ਹੈ।

ਐਸ ਮਹੀਨੇ ਮੇਰੇ ਪਾਸ ਵਿਹਲਾ ਬਥੇਰੀ ਸੀ ਤੇ ਅੱਖਰਾਂ ਵਿਚ ਹੀ ਘੁਲਿਆ ਰਿਹਾ। ਕੁਝ ਸਮਾਂ ਮਿਲਿਆ ਤੇ ਇਹ "ਪ੍ਰੀਤੀ" ਤੁਹਾਨੂੰ ਸੁਣਾ ਰਿਹਾਂ-ਕਾਸ਼ ਸਾਡੀਆਂ ਸਾਰੀਆਂ ਕੁੜੀਆਂ ਹੀ ਅਜਿਹੀਆਂ ਹੋ ਸਕਣ।

ਬਾਕੀ ਇਸ ਤਰਵੈਣੀ (ਲਹਿਰਾਂ, ਪ੍ਰਦੇਸਣ, ਸੁਹਿਲੜੇ) ਦੀ ਛਾਉਂ ਹੇਠ ਠੀਕ ਠਾਕ ਸਮਾਂ ਬਤੀਤ ਹੋ ਰਿਹੈ। ਆਸ ਸੀ ਜਲਦੀ ਫੇਰਾ ਲੱਗੇਗਾ ਵਤਨ ਦਾ, ਪਰ ਕੋਈ ਨਾ ਕੋਈ ਅਜਿਹਾ ਅੜਿਕਾ ਆ ਬਣਦਾ ਹੈ। ਜਿਸ ਨੂੰ ਸਰ ਕਰਨ ਲਈ ਕੁਝ ਸਮਾਂ ਲੱਗ ਜਾਂਦਾ ਹੈ। ਸਮਾਂ ਤੇ ਰੁਕ ਨਹੀਂ ਨਾ ਸਕਦਾ। ਬਾਕੀ ਫੇਰ।

*ਦਲਬੀਰ ਸਿੰਘ ਤਰਸ, ਸਿਡਨੀ*
*ਆਸਟ੍ਰੇਲੀਆ*



Namdhari Elibrary NamdhariElibrary@gmail.com





Namdhari Elibrary NamdhariElibrary@gmail.com



ਸ. ਤ[illegible] ਸਿੰਘ [illegible]ਰਾਬਾਦ ਵਲੋਂ ਤਿਆਰ ਵੀ. ਸੀ. ਡੀ. ਅਤੇ
ਜੀ. ਵੀ. [illegible] ਕਲਾ ਸਮਰਥ ਨੂੰ ਰੀਲੀਜ਼ ਕਰਦੇ ਹੋਏ
[illegible] ਹਰਪਾਲ ਸਿੰਘ ਜਾਣਕਾਰੀ ਦੇ ਰਹੇ ਹਨ।



ਸੰਤ ਜਗਤਾਰ ਸਿੰਘ ਜੀ ਨੂੰ ਸਰਬ ਕਲਾ ਸਮਰਥ ਦੀ ਕਾਪੀ ਭੇਟ
ਕਰਦੇ ਹੋਏ ਸ. ਤਰਨਜੀਤ ਸਿੰਘ ਹੈਦਰਾਬਾਦ।



ਪੰਡਿਤ ਗੋਪਾਲ ਸਿੰਘ ਜੀ, ਸੰਤ ਦਲੀਪ ਸਿੰਘ ਨਾਮਧਾਰੀ ਦੀ
ਪਲੇਠੀ ਪੁਸਤਕ 'ਬਾਬਾ ਸੁਤੰਤਰਤਾ ਸੰਗਰਾਮ ਦੀ' ਰਿਲੀਜ਼ ਕਰ ਰਹੇ ਹਨ।



ਸਵ. ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੀ ਲੜੀਵਾਰ ਪੁਸਤਕ 'ਬੀਤੇ ਦੀਆਂ ਪੈੜਾਂ'
ਦੀ ਨੌਵੀਂ ਜਿਲਦ ਰੀਲੀਜ਼ ਕਰਦੇ ਹੋਏ ਪ੍ਰੋ. ਕ੍ਰਿਪਾਲ ਸਿੰਘ ਕਸੇਲ ਉਹਨਾਂ
ਨਾਲ ਕਵੀ ਜੀ ਦੀ ਧਰਮਪਤਨੀ ਬੀਬੀ ਗੁਰਬਚਨ ਕੌਰ ਅਤੇ ਸਪੁਤਰੀ ਬੀਬੀ
ਕੁਲਵੰਤ ਕੌਰ 'ਕਹੂ' ਵੀ ਹਨ।

# ਮੇਲਾ ਭੈਣੀ ਸਾਹਿਬ ਦਾ



ਨਾਮਧਾਰੀ ਦਰਬਾਰ ਦੀ
ਇਕੱਤਰਤਾ

Namdhari Elibrary NamdhariElibrary@gmail.com

Registered No. PB/JL-0165/2002 MONTHLY WARIAM Ladowali Road, Jalandhar-144001
Regd. RNI No. 26453/75 November, 2002



ਰੰਗੂਨ ਵਾਲੇ ਬੰਗਲੇ ਦਾ ਮਾਡਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕੀਤਾ ਗਿਆ। ਇਸ ਬੰਗਲੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਲਾਵਤਨੀ ਸਮੇਂ ਰਹੇ। ਮਾਡਲ ਦਾ ਕਲਾਕਾਰ ਗੁਰਦੇਵ ਸਿੰਘ ਦਿੱਲੀ ਹੈ।



ਸ੍ਰੀ ਸਤਿਗੁਰੂ ਜੀ ਨੂੰ 'ਵਰਿਆਮ' ਦਾ ਨਵੀਨਤਮ ਅੰਕ ਭੇਟ ਕਰਦੇ ਹੋਏ ਸੰਪਾਦਕ ਜਗਦੀਸ਼ ਸਿੰਘ ਅਤੇ ਬਲਦੇਵ ਮਾਧੋਪੁਰੀ




ਮਾਸਟਰ ਅਮਰੀਕ ਸਿੰਘ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਪੁਸਤਕ ਗੁਰ ਗੀਤਾਵਲੀ ਭੇਟ ਕਰਦੇ ਹੋਏ।

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ- 0181- 222543, 456289

Namdhari Elibrary NamdhariElibrary@gmail.com